@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Friday, 25 April 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 25 ਅਪ੍ਰੈਲ 2025, 12 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 163, qpatrika@gmail.com ਫੋਨ : 9971359517 www.qaumipatrika.org

## ਅਮਿਤ ਸ਼ਾਹ ਤੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਰਾਸ਼ਟਰਪਤੀ ਮੁਰਮੂ ਨਾਲ ਕੀਤੀ ਮੁਲਾਕਾਤ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 24 ਅਪ੍ਰੈਲ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਵੀਰਵਾਰ ਨੂੰ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਮੰਗਲਵਾਰ ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਹੋਈ ਹੈ, ਜਿਸ 'ਚ 26 ਲੋਕਾਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਿਨ੍ਹਾਂ 'ਚ ਜ਼ਿਆਦਾਤਰ ਸੈਲਾਨੀ ਸਨ ਅਤੇ ਇਕ ਨੇਪਾਲੀ ਨਾਗਰਿਕ ਵੀ ਸ਼ਾਮਲ ਸੀ। ਰਾਸ਼ਟਰਪਤੀ ਦਫ਼ਤਰ ਨੇ 'ਐਕਸ' 'ਤੇ ਇਕ ਪੋਸਟ 'ਚ ਬੈਠਕ ਦੀ ਤਸਵੀਰ ਸਾਂਝੀ ਕਰਦੇ ਕਿਹਾ,''ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਰਾਸ਼ਟਰਪਤੀ ਭਵਨ 'ਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ।'' ਦੱਸਣਯੋਗ ਹੈ ਕਿ ਦੱਖਣੀ ਕਸ਼ਮੀਰ ਦੇ ਪਹਿਲਗਾਮ 'ਚ ਮੰਗਲਵਾਰ ਦੁਪਹਿਰ ਨੂੰ ਹੋਏ ਇੱਕ ਅੱਤਵਾਦੀ ਹਮਲੇ 'ਚ 26 ਲੋਕ ਮਾਰੇ ਗਏ, ਜਿਨ੍ਹਾਂ 'ਚ ਜ਼ਿਆਦਾਤਰ ਸੈਲਾਨੀ ਸਨ। ਪਹਾੜਾਂ ਦੀ ਗੋਦ 'ਚ ਵਸੇ ਇਸ ਸੁੰਦਰ ਸਥਾਨ 'ਤੇ ਪਹੁੰਚਣ ਵਾਲੇ ਸੈਲਾਨੀਆਂ ਨੇ ਸ਼ਾਇਦ ਹੀ ਸੋਚਿਆ ਹੋਵੇਗਾ ਕਿ ਉਨ੍ਹਾਂ ਦੀਆਂ ਛੁੱਟੀਆਂ ਦੀਆਂ ਤਸਵੀਰਾਂ ਕਿਸੇ ਕਾਲੀਆਂ




ਖ਼ਬਰਾਂ ਦੀਆਂ ਸੁਰਖੀਆਂ 'ਚ ਬਦਲ ਜਾਣਗੀਆਂ। ਇਹ 2019 'ਚ ਹੋਏ ਪੁਲਵਾਮਾ ਹਮਲੇ ਤੋਂ ਬਾਅਦ ਕਸ਼ਮੀਰ 'ਚ ਸਭ ਤੋਂ ਵੱਡਾ ਹਮਲਾ ਹੈ। ਪੁਲਵਾਮਾ ਹਮਲੇ 'ਚ ਕੇਂਦਰੀ ਰਿਜ਼ਰਵ ਪੁਲਸ ਬਲ ਦੇ 40 ਜਵਾਨ ਸ਼ਹੀਦ ਹੋ ਗਏ ਸਨ।

## ਵਿਆਹ ਦੇ 6 ਦਿਨ ਬਾਅਦ ਹੀ ਬਿਖਰ ਗਏ ਸੁਫ਼ਨੇ, ਹਿਮਾਸ਼ੀ ਦੇ ਗਲ?

ਨਵੀਂ ਦਿੱਲੀ 23 ਅਪ੍ਰੈਲ। ਜੰਮੂ-ਕਸ਼ਮੀਰ ਵਿਚ ਪਹਿਲਗਾਮ ਅੱਤਵਾਦੀ ਹਮਲੇ 'ਚ ਸ਼ਹੀਦ ਹੋਏ ਭਾਰਤੀ ਜਲ ਸੈਨਾ ਦੇ ਲੈਫਟੀਨੈਂਟ ਵਿਨੇ ਨਰਵਾਲ ਦੀ ਮ੍ਰਿਤਕ ਦੇਹ ਬੁੱਧਵਾਰ ਨੂੰ ਦਿੱਲੀ ਪੁੱਜੀ। ਇਸ ਦੌਰਾਨ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਵਿਨੇ ਨਰਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਸ ਦੀ ਮ੍ਰਿਤਕ ਦੇਹ ਬੁੱਧਵਾਰ ਨੂੰ ਕਸ਼ਮੀਰ ਤੋਂ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਲਿਆਂਦੀ ਗਈ। ਮੁੱਖ ਮੰਤਰੀ ਨੇ ਨਰਵਾਲ ਦੀ ਮ੍ਰਿਤਕ ਦੇਹ 'ਤੇ ਪੁਸ਼ਪ ਚੱਕਰ ਭੇਟ ਕੀਤਾ। ਇਸ ਦੌਰਾਨ ਰੇਖਾ ਗੁਪਤਾ ਨੇ ਲੈਫਟੀਨੈਂਟ ਨਰਵਾਲ ਦੀ ਪਤਨੀ ਹਿਮਾਂਸ਼ੀ ਨੂੰ ਗਲ ਲਾ ਕੇ ਹੌਂਸਲਾ ਦਿੱਤਾ ਅਤੇ ਖ਼ੁਦ ਵੀ ਭਾਵੁਕ ਹੋ ਗਈ। ਪਤਨੀ ਹਿਮਾਂਸ਼ੀ ਨੇ ਆਪਣੇ ਪਤੀ ਨੂੰ ਵਿਦਾਈ ਦਿੱਤੀ। ਹਿਮਾਂਸ਼ੀ ਨੂੰ ਵੇਖ ਕੇ ਹਰ ਕਿਸੇ ਦੀ ਅੱਖ ਨਮ ਹੋ ਗਈ। ਦੱਸ ਦੇਈਏ ਕਿ ਪਹਿਲਗਾਮ ਦੇ ਬੈਸਰਨ ਵਿਚ ਅੱਤਵਾਦੀਆਂ ਨੇ ਮੰਗਲਵਾਰ ਨੂੰ ਸੈਲਾਨੀਆਂ ਨੂੰ ਨਿਸ਼ਾਨਾ ਬਣਾ ਕੇ ਗੋਲੀਬਾਰੀ ਕੀਤੀ, ਜਿਸ ਵਿਚ 28 ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾ ਵਿਚ ਹਰਿਆਣਾ ਦੇ ਕਰਨਾਲ ਵਾਸੀ 26 ਸਾਲਾ ਵਿਨੇ ਨਰਵਾਲ ਵੀ ਸ਼ਾਮਲ ਹੈ, ਜੋ ਆਪਣੀ ਪਤਨੀ ਨਾਲ ਪਹਿਲਗਾਮ ਵਿਚ ਛੁੱਟੀਆਂ ਮਨਾਉਣ ਗਏ ਸਨ। ਵਿਨੇ ਅਤੇ ਨਰਵਾਲ ਦਾ 16 ਅਪ੍ਰੈਲ ਨੂੰ ਵਿਆਹ ਹੋਇਆ ਸੀ। ਨਰਵਾਲ ਦੀ ਮ੍ਰਿਤਕ ਦੇਹ ਨੂੰ ਹਰਿਆਣਾ ਦੇ ਕਰਨਾਲ ਲਿਜਾਇਆ ਜਾਵੇਗਾ।

## ਭਲਕੇ ਕਸ਼ਮੀਰ ਜਾਣਗੇ ਫ਼ੌਜ ਮੁਖੀ, ਹਮਲੇ ਵਾਲੀ ਥਾਂ ਦਾ ਕਰਨਗੇ ਦੌਰਾ

ਨੈਸ਼ਨਲ ਡੈਸਕ 24 ਅਪ੍ਰੈਲ। ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ 22 ਅਪ੍ਰੈਲ ਨੂੰ ਅੱਤਵਾਦੀਆਂ ਵਲੋਂ 28 ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਘਟਨਾ ਮਗਰੋਂ ਭਾਰਤ ਦੇ ਫ਼ੌਜ ਮੁਖੀ ਜਨਰਲ ਉਪੇਂਦਰ ਦ੍ਵਿਵੇਦੀ ਭਲਕੇ ਕਸ਼ਮੀਰ ਦਾ ਦੌਰਾ ਕਰਨਗੇ। ਉਸ ਥਾਂ ਦਾ ਦੌਰਾ ਕਰਨਗੇ, ਜਿੱਥੇ ਅੱਤਵਾਦੀਆਂ ਨੇ ਬੇਕਸੂਰ ਲੋਕਾਂ ਨੂੰ ਗੋਲੀਆਂ ਮਾਰੀਆਂ। ਦ੍ਵਿਵੇਦੀ ਭਲਕੇ ਪਹਿਲਗਾਮ ਹਮਲੇ ਦੇ ਮੱਦੇਨਜ਼ਰ ਸੁਰੱਖਿਆ ਸਥਿਤੀ ਦੀ ਸਮੀਖਿਆ ਕਰਨ ਲਈ



ਸ਼?ਰੀਨਗਰ, ਜੰਮੂ-ਕਸ਼ਮੀਰ ਦਾ ਦੌਰਾ ਕਰਨਗੇ। ਇੱਥੇ ਉੱਚ ਕਮਾਂਡਰ ਉਨ੍ਹਾਂ ਨੂੰ ਘਾਟੀ ਵਿਚ ਅਤੇ ਕੰਟਰੋਲ ਰੇਖਾ 'ਤੇ ਫ਼ੌਜ ਵਲੋਂ ਚੁੱਕੇ ਗਏ ਅੱਤਵਾਦ ਵਿਰੋਧੀ ਉਪਾਵਾਂ ਬਾਰੇ ਜਾਣਕਾਰੀ ਦੇਣਗੇ। ਦੱਸ ਦੇਈਏ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਦੇ ਨਾਲ-ਨਾਲ ਪੂਰੇ ਦੇਸ਼ ਵਿੱਚ ਗੁੱਸਾ ਹੈ। ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਂਦਰ ਸਰਕਾਰ ਨੇ ਅੱਜ ਇਕ ਸਰਬ-ਪਾਰਟੀ ਮੀਟਿੰਗ ਬੁਲਾਈ ਹੈ। ਇਸ ਦੌਰਾਨ ਕਾਂਗਰਸ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਪਹਿਲਗਾਮ ਅੱਤਵਾਦੀ ਹਮਲੇ 'ਤੇ ਸਰਬ ਪਾਰਟੀ ਮੀਟਿੰਗ ਦੀ ਪ੍ਰਧਾਨਗੀ ਕਰਨੀ ਚਾਹੀਦੀ ਹੈ। ਹਾਲਾਂਕਿ ਇਹ ਮੀਟਿੰਗ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਅਗਵਾਈ ਵਿਚ ਹੋਵੇਗੀ।

## 14 ਮਾਓਵਾਦੀਆਂ ਨੇ ਪੁਲਸ ਅੱਗੇ ਕੀਤਾ ਆਤਮਸਮਰਪਣ

ਹੈਦਰਾਬਾਦ 24 ਅਪ੍ਰੈਲ। ਪਹਿਲਗਾਮ ਅੱਤਵਾਦੀ ਹਮਲੇ ਮਗਰੋਂ ਪੂਰੇ ਦੇਸ਼ ਵਿਚ ਰੋਹ ਹੈ। ਇਸ ਹਮਲੇ ਵਿਚ ਅੱਤਵਾਦੀਆਂ ਨੇ 28 ਬੇਕਸੂਰ ਸੈਲਾਨੀਆਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਹਮਲੇ ਮਗਰੋਂ ਪਾਬੰਦੀਸ਼ੁਦਾ ਭਾਕਪਾ (ਮਾਓਵਾਦੀ) ਦੇ 14 ਮੈਂਬਰਾਂ ਨੇ ਵੀਰਵਾਰ ਨੂੰ ਤੇਲੰਗਾਨਾ ਪੁਲਸ ਸਾਹਮਣੇ ਆਤਮਸਮਰਪਣ ਕੀਤਾ। ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ ਹੈ ਕਿ ਵੱਖ-ਵੱਖ ਕੇਡਰਾਂ ਨਾਲ ਸਬੰਧਤ ਮਾਓਵਾਦੀਆਂ, ਜਿਨ੍ਹਾਂ ਵਿਚ ਦੋ ਏਰੀਆ ਕਮੇਟੀ ਮੈਂਬਰ (ਏ. ਸੀ. ਐਮ) ਸ਼ਾਮਲ ਹਨ, ਨੇ ਵਾਰੰਗਲ ਪੁਲਸ ਕਮਿਸ਼ਨਰੇਟ ਵਿਖੇ ਇੰਸਪੈਕਟਰ ਜਨਰਲ ਆਫ਼ ਪੁਲਸ (ਆਈ. ਜੀ. ਪੀ) ਮਲਟੀ ਜ਼ੋਨ-1, ਐੱਸ. ਚੰਦਰਸ਼ੇਖਰ ਰੈਡੀ ਦੇ ਸਾਹਮਣੇ ਆਤਮਸਮਰਪਣ ਕੀਤਾ। ਆਈ. ਜੀ. ਪੀ. ਨੇ ਕਿਹਾ ਕਿ ਇਸ ਸਾਲ ਹੁਣ ਤੱਕ ਇਕ ਏਰੀਆ ਕਮੇਟੀ ਮੈਂਬਰ ਸਮੇਤ ਵੱਖ-ਵੱਖ ਕੇਡਰਾਂ ਦੇ 250 ਮਾਓਵਾਦੀਆਂ ਨੇ ਪੁਲਸ ਅੱਗੇ ਆਤਮਸਮਰਪਣ ਕੀਤਾ ਹੈ। ਜਨਵਰੀ 2025 ਤੋਂ ਹੁਣ ਤੱਕ 12 ਮਾਓਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਪੁਲਸ ਵੱਲੋਂ 'ਆਪ੍ਰੇਸ਼ਨ ਚੇਯੂਥਾ' ਪ੍ਰੋਗਰਾਮ ਤਹਿਤ ਆਤਮਸਮਰਪਣ ਕੀਤੇ ਜਾਣ ਦੀ ਪਿੱਛੇ ਦੀ ਵਜ?ਹਾ ਮਾਓਵਾਦੀਆਂ ਲਈ ਕੀਤੇ ਜਾ ਰਹੇ ਭਲਾਈ ਉਪਾਵਾਂ ਅਤੇ ਆਦਿਵਾਸੀ ਲੋਕਾਂ ਲਈ ਵਿਕਾਸ ਅਤੇ ਭਲਾਈ ਯੋਜਨਾਵਾਂ ਬਾਰੇ ਜਾਨਣ ਤੋਂ ਬਾਅਦ ਮਾਓਵਾਦੀ ਹਥਿਆਰ ਛੱਡ ਰਹੇ ਹਨ ਅਤੇ ਆਤਮ ਸਮਰਪਣ ਕਰ ਰਹੇ ਹਨ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਆਤਮਸਮਰਪਣ ਕਰਨ ਵਾਲੇ ਜ਼ਿਆਦਾਤਰ ਮਾਓਵਾਦੀ ਗੁਆਂਢੀ ਛੱਤੀਸਗੜ੍ਹ ਸੂਬੇ ਦੇ ਹਨ।

## ਪ੍ਰਧਾਨ ਮੰਤਰੀ ਮੋਦੀ ਨੇ 13,500 ਕਰੋੜ ਰੁਪਏ ਦੇ ਪ੍ਰਾਜੈਕਟਾਂ ਦੀ ਦਿੱਤੀ ਸੌਗਾਤ

**ਏਜੰਸੀਆਂ**

ਮਧੁਬਨੀ 24 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਇੱਥੇ ਲਗਭਗ 13,500 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ ਅਤੇ ਚਾਰ ਨਵੀਆਂ ਰੇਲ ਗੱਡੀਆਂ ਨੂੰ ਹਰੀ ਝੰਡੀ ਦਿਖਾਈ। ਇਨ੍ਹਾਂ ਚਾਰ ਨਵੀਆਂ ਰੇਲ ਗੱਡੀਆਂ 'ਚ ਸਹਰਸਾ ਅਤੇ ਮੁੰਬਈ ਵਿਚਕਾਰ 'ਅੰਮ੍ਰਿਤ ਭਾਰਤ ਐਕਸਪ੍ਰੈਸ', ਜੈਨਗਰ ਅਤੇ ਪਟਨਾ ਵਿਚਕਾਰ 'ਨਮੋ ਭਾਰਤ ਰੈਪਿਡ ਰੇਲ', ਪਿਪਰਾ-ਸਹਰਸਾ ਅਤੇ ਸਹਰਸਾ-ਸਮਸਤੀਪੁਰ ਵਿਚਕਾਰ ਚੱਲਣ ਵਾਲੀਆਂ ਟਰੇਨਾਂ ਸ਼ਾਮਲ ਹਨ। ਰਾਸ਼ਟਰੀ ਪੰਚਾਇਤੀ ਰਾਜ ਦਿਵਸ ਦੇ ਮੌਕੇ 'ਤੇ ਇੱਥੇ ਆਯੋਜਿਤ ਇਕ ਪ੍ਰੋਗਰਾਮ 'ਚ ਪ੍ਰਧਾਨ ਮੰਤਰੀ ਨੇ ਛਪਰਾ ਅਤੇ ਬਗਾਹਾ ਵਿਖੇ ਸੁਪੌਲ-ਪਿਪਰਾ ਰੇਲਵੇ ਲਾਈਨ, ਹਸਨਪੁਰ-ਬਿਥਨ ਰੇਲਵੇ ਲਾਈਨ ਅਤੇ ਦੋ-ਲੇਨ ਰੇਲਵੇ ਓਵਰਬ੍ਰਿਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਖਗੜੀਆ-ਅਲੌਲੀਆ ਰੇਲਵੇ ਲਾਈਨ ਰਾਸ਼ਟਰ ਨੂੰ ਸਮਰਪਿਤ ਕੀਤੀ। ਪ੍ਰਧਾਨ ਮੰਤਰੀ ਨੇ ਗੋਪਾਲਗੰਜ ਜ਼ਿਲ੍ਹੇ ਦੇ ਹਥੁਆ ਵਿਖੇ ਲਗਭਗ 340 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਕ ਐੱਲਪੀਜੀ ਬਾਟਲਿੰਗ ਪਲਾਂਟ ਦਾ ਨੀਂਹ




ਪੱਥਰ ਰੱਖਿਆ, ਜਿਸ 'ਚ ਰੇਲ ਅਨਲੋਡਿੰਗ ਦੀ ਸਹੂਲਤ ਵੀ ਹੋਵੇਗੀ। ਇਹ ਪਲਾਂਟ ਥੋਕ ਐੱਲਪੀਜੀ ਆਵਾਜਾਈ ਨੂੰ ਵਧੇਰੇ ਕੁਸ਼ਲ ਬਣਾਏਗਾ ਅਤੇ ਸਪਲਾਈ ਲੜੀ 'ਚ ਸੁਧਾਰ ਕਰੇਗਾ। ਪ੍ਰਧਾਨ ਮੰਤਰੀ ਨੇ ਬਿਜਲੀ ਖੇਤਰ 'ਚ ਪੁਨਰਗਠਿਤ ਵੰਡ ਖੇਤਰ ਯੋਜਨਾ ਦੇ ਤਹਿਤ 1,170 ਕਰੋੜ ਰੁਪਏ ਤੋਂ ਵੱਧ ਦੇ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ 5,030 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਪ੍ਰਧਾਨ ਮੰਤਰੀ 'ਦੀਨਦਿਆਲ ਅੰਤਯੋਦਯ ਯੋਜਨਾ- ਰਾਸ਼ਟਰੀ ਪੇਂਡੂ ਆਜੀਵਿਕਾ ਮਿਸ਼ਨ' ਦੇ ਤਹਿਤ ਬਿਹਾਰ ਦੇ 2 ਲੱਖ ਤੋਂ ਵੱਧ ਸਵੈ-ਸਹਾਇਤਾ ਸਮੂਹਾਂ ਨੂੰ ਲਗਭਗ 930 ਕਰੋੜ ਰੁਪਏ ਦੇ ਸਮੁਦਾਇਕ ਨਿਵੇਸ਼ ਫੰਡ ਵੀ ਵੰਡਣਗੇ। ਪ੍ਰਧਾਨ ਮੰਤਰੀ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ-ਗ੍ਰਾਮੀਣ ਦੇ 15 ਲੱਖ ਨਵੇਂ ਲਾਭਪਾਤਰੀਆਂ ਨੂੰ ਸਵੀਕ੍ਰਿਤੀ ਪੱਤਰ ਸੌਂਪੇ ਅਤੇ ਦੇਸ਼ ਭਰ 'ਚ 10 ਲੱਖ ਲਾਭਪਾਤਰੀਆਂ ਨੂੰ ਕਿਸ਼ਤਾਂ ਜਾਰੀ ਕੀਤੀਆਂ। ਉਨ੍ਹਾਂ ਨੇ ਬਿਹਾਰ 'ਚ ਇਕ ਲੱਖ ਪੇਂਡੂ ਅਤੇ 54,000 ਸ਼ਹਿਰੀ ਲਾਭਪਾਤਰੀਆਂ ਨੂੰ ਘਰਾਂ ਦੀਆਂ ਚਾਬੀਆਂ ਸੌਂਪੀਆਂ, ਜੋ ਕਿ 'ਗ੍ਰਹਿ ਪ੍ਰਵੇਸ਼' ਪ੍ਰੋਗਰਾਮ ਦਾ ਹਿੱਸਾ ਸੀ।

## ਵਿਦੇਸ਼ੀ ਰਾਜਦੂਤਾਂ ਨਾਲ ਪਹਿਲਗਾਮ ਹਮਲੇ ਦੀ ਦਿੱਤੀ ਜਾਣਕਾਰੀ

ਨਵੀਂ ਦਿੱਲੀ 24 ਅਪ੍ਰੈਲ। ਜੰਮੂ-ਕਸ਼ਮੀਰ ਦੇ ਪਹਿਲਗਾਮ ਅੱਤਵਾਦੀ ਹਮਲੇ ਮਗਰੋਂ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਵੱਧ ਗਿਆ ਹੈ। ਇਸ ਹਮਲੇ ਮਗਰੋਂ ਭਾਰਤ ਦਾ ਸਖ਼ਤ ਰਵੱਈਆ ਵੇਖਣ ਨੂੰ ਮਿਲ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਪਹਿਲਗਾਮ ਅੱਤਵਾਦੀ ਹਮਲੇ ਬਾਰੇ ਅਮਰੀਕਾ, ਬ੍ਰਿਟੇਨ ਸਮੇਤ 720 ਦੇਸ਼ਾਂ ਦੇ ਚੋਣਵੇਂ ਰਾਜਦੂਤਾਂ ਨੂੰ ਜਾਣਕਾਰੀ ਦਿੱਤੀ। ਇਹ ਮੁਲਾਕਾਤ 30 ਮਿੰਟ ਤੱਕ ਚੱਲੀ। ਇਹ ਸਾਰੇ ਰਾਜਦੂਤ ਵਿਦੇਸ਼ ਮੰਤਰਾਲੇ ਦੇ ਸਾਊਥ ਬਲਾਕ ਬਿਲਡਿੰਗ ਸਥਿਤ ਮੰਤਰਾਲੇ ਦੇ ਦਫ਼ਤਰ ਪਹੁੰਚੇ। ਜਾਣਕਾਰੀ ਮੁਤਾਬਕ ਜਰਮਨੀ, ਜਾਪਾਨ, ਪੋਲੈਂਡ, ਬ੍ਰਿਟੇਨ ਅਤੇ ਰੂਸ ਸਮੇਤ ਕਈ ਦੇਸ਼ਾਂ ਦੇ ਰਾਜਦੂਤ ਵਿਦੇਸ਼ ਮੰਤਰਾਲਾ ਸਥਿਤ ਦਫ਼ਤਰ ਪਹੁੰਚੇ। ਸੂਤਰਾਂ ਮੁਤਾਬਕ ਵਿਦੇਸ਼ ਮੰਤਰਾਲਾ ਦੇ ਅਧਿਕਾਰੀਆਂ ਨੇ ਚੁਨਿੰਦਾ ਦੇਸ਼ਾਂ ਦੇ ਰਾਜਦੂਤਾਂ ਨੂੰ ਪਹਿਲਗਾਮ ਹਮਲੇ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਤੋਂ ਬਾਅਦ ਸਾਰੇ ਰਾਜਦੂਤ ਸਾਊਥ ਬਲਾਕ ਬਿਲਡਿੰਗ ਵਿਚ ਸਥਿਤ ਮੰਤਰਾਲੇ ਦੇ ਦਫ਼ਤਰ ਤੋਂ ਚਲੇ ਗਏ। ਦੱਸ ਦੇਈਏ ਕਿ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਵਿਚ 28 ਲੋਕਾਂ ਦੀ ਮੌਤ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਿਚ ਬੁੱਧਵਾਰ ਨੂੰ ਸੁਰੱਖਿਆ ਸਬੰਧੀ ਕੈਬਨਿਟ ਕਮੇਟੀ ਦੀ ਬੈਠਕ ਹੋਈ ਸੀ। ਇਸ ਬੈਠਕ ਵਿਚ ਭਾਰਤ ਨੇ ਕਈ ਵੱਡੇ ਫ਼ੈਸਲੇ ਲਏ। ਭਾਰਤ ਨੇ ਪਾਕਿਸਤਾਨ ਨੂੰ ਸਖ਼ਤ ਸੰਦੇਸ਼ ਦਿੰਦੇ ਹੋਏ 6 ਦਹਾਕੇ ਤੋਂ ਜ਼ਿਆਦਾ ਪੁਰਾਣੀ ਸਿੰਧੂ ਜਲ ਸੰਧੀ ਮੁਲਤਵੀ ਕਰ ਦਿੱਤੀ ਹੈ। ਅਟਾਰੀ-ਵਾਹਗਾ ਬਾਰਡਰ ਨੂੰ ਬੰਦ ਕਰਨ ਸਮੇਤ ਕਈ ਫੈਸਲੇ ਲਏ ਹਨ।

## ਪਹਿਲਗਾਮ ਹਮਲੇ 'ਤੇ ਇਹ ਕੀ ਬੋਲ ਗਏ ਰਾਬਰਟ ਵਾਡਰਾ

ਨਵੀਂ ਦਿੱਲੀ 24 ਅਪ੍ਰੈਲ। ਮੰਗਲਵਾਰ ਨੂੰ ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਸਭ ਤੋਂ ਵੱਡੇ ਅੱਤਵਾਦੀ ਹਮਲੇ 'ਚ 2 ਦਰਜਨ ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਮਾਮਲੇ ਬਾਰੇ ਵਾਇਨਾਡ ਤੋਂ ਕਾਂਗਰਸੀ ਸਾਂਸਦ ਪ੍ਰਿਯੰਕਾ ਗਾਂਧੀ ਦੇ ਪਤੀ ਤੇ ਕਾਰੋਬਾਰੀ



ਰਾਬਰਟ ਵਾਡਰਾ ਨੇ ਬੁੱਧਵਾਰ ਨੂੰ ਇਹ ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ ਕਿ ਪਹਿਲਗਾਮ 'ਚ ਗੈਰ-ਮੁਸਲਮਾਨਾਂ 'ਤੇ ਹਮਲਾ ਇਸ ਲਈ ਕੀਤਾ ਗਿਆ ਕਿਉਂਕਿ ਅੱਤਵਾਦੀਆਂ ਨੂੰ ਲੱਗਦਾ ਹੈ ਕਿ ਦੇਸ਼ ਵਿਚ ਮੁਸਲਮਾਨਾਂ ਨਾਲ ਗਲਤ ਵਿਹਾਰ ਕੀਤਾ ਰਿਹਾ ਹੈ। ਭਾਜਪਾ ਨੇ ਉਨ੍ਹਾਂ 'ਤੇ ਅੱਤਵਾਦੀਆਂ ਦੀ ਭਾਸ਼ਾ ਵਰਤਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਉਨ੍ਹਾਂ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਵਾਡਰਾ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਜਦੋਂ ਵੀ ਫਿਰਕੂ ਮੁੱਦੇ ਹੁੰਦੇ ਹਨ ਅਤੇ ਲੋਕ ਅਸੁਰੱਖਿਅਤ ਮਹਿਸੂਸ ਕਰਦੇ ਹਨ ਤਾਂ ਦੇਸ਼ ਵਿਚ ਤ੍ਰੇੜ ਪੈਂਦੀ ਹੈ ਅਤੇ ਗੁਆਂਢੀ ਦੇਸ਼ਾਂ ਨੂੰ ਇਸ ਦਾ ਫਾਇਦਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸਿਆਸਤ ਅਤੇ ਧਰਮ ਨੂੰ ਵੱਖ ਕਰਨ ਦਾ ਸਮਾਂ ਆ ਗਿਆ ਹੈ ਅਤੇ ਸਿਆਸੀ ਪਾਰਟੀਆਂ ਨੂੰ ਆਤਮ-ਨਿਰੀਖਣ ਕਰਨਾ ਚਾਹੀਦਾ ਹੈ।

## ਕਸ਼ਮੀਰੀਆਂ ਨੂੰ ਪਰੇਸ਼ਾਨ ਕੀਤੇ ਜਾਣ ਦੀਆਂ ਘਟਨਾਵਾਂ ਨੂੰ ਲੈਕੇ ਸੂਬਾ ਸਰਕਾਰ ਦੇ ਸੰਪਰਕ 'ਚ ਹਾਂ : ਉਮਰ ਅਬਦੁੱਲਾ

**ਨਵਦੀਪ ਸਿੰਘ ਸਾਹਨੀ**

ਸ਼ਰੀਨਗਰ 24 ਅਪ੍ਰੈਲ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਦੇ ਸੰਪਰਕ ਵਿੱਚ ਹੈ ਜਿੱਥੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਕਸ਼ਮੀਰੀਆਂ ਨੂੰ ਕਥਿਤ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਬਦੁੱਲਾ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ,ਜੰਮੂ-ਕਸ਼ਮੀਰ ਸਰਕਾਰ ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਦੇ ਸੰਪਰਕ 'ਚ ਹੈ ਜਿੱਥੋਂ ਅਜਿਹੀਆਂ ਰਿਪੋਰਟਾਂ ਆ ਰਹੀਆਂ ਹਨ। ਮੈਂ ਇਨ੍ਹਾਂ ਰਾਜਾਂ ਦੇ ਆਪਣੇ ਹਮਰੁਤਬਾ ਮੁੱਖ ਮੰਤਰੀਆਂ ਦੇ ਸੰਪਰਕ 'ਚ ਵੀ ਹਾਂ ਅਤੇ ਉਨ੍ਹਾਂ ਨੂੰ ਵਾਧੂ ਸਾਵਧਾਨੀ ਵਰਤਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਨੇ ਸੱਤਾਧਾਰੀ ਨੈਸ਼ਨਲ ਕਾਨਫਰੰਸ ਦੇ ਬੁਲਾਰੇ ਇਮਰਾਨ ਨਬੀ ਡਾਰ ਦੀ ਉਸ 'ਪੋਸਟ' 'ਤੇ ਕਰਾਰ ਜਵਾਬ ਦਿੰਦੇ ਹੋਏ ਇਹ ਟਿੱਪਣੀ ਕੀਤੀ, ਜਿਸ 'ਚ ਉਨ੍ਹਾਂ ਨੇ ਕਸ਼ਮੀਰੀਆਂ ਨੂੰ ਪਰੇਸ਼ਾਨ ਕੀਤੇ ਜਾਣ ਦੇ ਵੀਡੀਓ ਸੋਸ਼ਲ



ਮੀਡੀਆ 'ਤੇ ਸਾਹਮਣੇ ਆਉਣ ਤੋਂ ਬਾਅਦ ਅਬਦੁੱਲਾ ਤੋਂ ਦਖ਼ਲਅੰਦਾਜੀ ਕਰਨ ਦੀ ਅਪੀਲ ਕੀਤੀ ਸੀ। ਡਾਰ ਨੇ 'ਐਕਸ' 'ਤੇ ਲਿਖਿਆ,''ਦੇਸ਼ ਭਰ 'ਚ ਕਸ਼ਮੀਰੀ ਵਿਦਿਆਰਥੀਆਂ ਦੇ ਆਪਣੀ ਸੁਰੱਖਿਆ ਨੂੰ ਲੈ ਕੇ ਡਰ ਹੋਣ ਸੰਬੰਧੀ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਜਾ ਰਹੇ ਹਨ। ਮੈਂ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਸਾਹਿਬ ਨੂੰ ਅਪੀਲ ਕਰਦਾ ਹਾਂ ਕਿ ਉਹ ਤੁਰੰਤ ਦਖ਼ਲਅੰਦਾਜੀ ਕਰਨ ਅਤੇ ਦੇਸ਼ ਭਰ 'ਚ ਆਪਣੇ ਹਮਰੁਤਬਾ ਨਾਲ ਗੱਲ ਕਰਨ।'' ਦੱਸਣਯੋਗ ਹੈ ਕਿ ਦੱਖਣੀ ਕਸ਼ਮੀਰ ਦੇ ਪਹਿਲਗਾਮ 'ਚ ਮੰਗਲਵਾਰ ਦੁਪਹਿਰ ਨੂੰ ਹੋਏ ਇੱਕ ਅੱਤਵਾਦੀ ਹਮਲੇ 'ਚ 26 ਲੋਕ ਮਾਰੇ ਗਏ, ਜਿਨ੍ਹਾਂ 'ਚ ਜ਼ਿਆਦਾਤਰ ਸੈਲਾਨੀ ਸਨ। ਇਹ 2019 'ਚ ਹੋਏ ਪੁਲਵਾਮਾ ਹਮਲੇ ਤੋਂ ਬਾਅਦ ਕਸ਼ਮੀਰ 'ਚ ਸਭ ਤੋਂ ਵੱਡਾ ਹਮਲਾ ਹੈ। ਪੁਲਵਾਮਾ ਹਮਲੇ 'ਚ ਕੇਂਦਰੀ ਰਿਜ਼ਰਵ ਪੁਲਸ ਬਲ ਦੇ 40 ਜਵਾਨ ਸ਼ਹੀਦ ਹੋ ਗਏ ਸਨ।

## ਪਹਿਲਗਾਮ ਹਮਲੇ ਮਗਰੋਂ ਵੈਸ਼ਨੋ ਦੇਵੀ ਯਾਤਰਾ ਦੌਰਾਨ ਪੁਲਸ ਅਲਰਟ !

ਸ੍ਰੀਨਗਰ 24 ਅਪ੍ਰੈਲ। ਪਹਿਲਗਾਮ ਹਮਲੇ ਮਗਰੋਂ ਪੂਰੇ ਭਾਰਤ ਵਿਚ ਅਲਰਟ ਜਾਰੀ ਕੀਤਾ ਗਿਆ ਹੈ। ਇਸੇ ਦੌਰਾਨ ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ ਦੇ ਕਟੜਾ ਵਿਖੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਟਰੈਕ 'ਤੇ ਗੈਰ-ਕਾਨੂੰਨੀ ਸੇਵਾ ਪ੍ਰਦਾਤਾਵਾਂ ਅਤੇ ਨਕਲ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦਿਆਂ, ਪੁਲਸ ਨੇ ਦੋ ਨਕਲੀ ਟੱਟੂ ਚਾਲਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਵਿਆਹ ਵਾਲੇ ਘਰ ਪਸਰਿਆ ਸੋਗ! ਇਕ ਦਿਨ ਪਹਿਲਾਂ ਲਾੜੇ ਤੇ ਸਾਲੀ ਦੀ ਸੜਕ ਹਾਦਸੇ 'ਚ ਮੌਤ ਪੁਲਸ ਨੇ ਵੀਰਵਾਰ ਨੂੰ ਕਿਹਾ ਕਿ ਧੋਖਾਧੜੀ ਵਾਲੀਆਂ ਪੋਨੀ ਸੇਵਾਵਾਂ ਚਲਾਉਣ ਵਾਲੇ ਲੋਕਾਂ ਵਿਰੁੱਧ ਦੋ ਵੱਖ-ਵੱਖ ਐੱਫਆਈਆਰ ਦਰਜ ਕੀਤੀਆਂ ਗਈਆਂ ਹਨ। ਗਸ਼ਤ ਦੌਰਾਨ ਪੂਰਨ ਸਿੰਘ ਵਜੋਂ ਆਪਣੀ ਪਛਾਣ ਦੱਸਣ ਵਾਲੇ ਇੱਕ ਵਿਅਕਤੀ ਨੂੰ ਗੀਤਾ ਮਾਤਾ ਮੰਦਰ, ਇਸ਼ਨਾਨ ਘਾਟ-2 ਦੇ ਨੇੜੇ ਰੋਕਿਆ ਗਿਆ ਤੇ ਉਸਨੂੰ ਟੱਟੂ ਸੇਵਾ ਲਈ ਵੈਧ ਲਾਇਸੈਂਸ ਦਿਖਾਉਣ ਲਈ ਕਿਹਾ ਗਿਆ। ਪੁਲਸ ਜਾਂਚ ਵਿੱਚ ਸਾਹਮਣੇ ਆਇਆ ਕਿ ਕਾਰਡ 'ਤੇ ਦਿੱਤੀ ਗਈ ਫੋਟੋ ਉਸ ਵਿਅਕਤੀ ਨਾਲ ਮੇਲ ਨਹੀਂ ਖਾਂਦੀ ਸੀ। ਆਧਾਰ ਕਾਰਡ ਰਾਹੀਂ ਉਸਦੀ ਅਸਲ ਪਛਾਣ ਝਾਂਡੀ ਦੇ ਮਨੀਰ ਹੁਸੈਨ, ਤਹਿਸੀਲ ਠਾਕੁਰਕੋਟ, ਰਿਆਸੀ ਦੇ ਨਿਵਾਸੀ ਵਜੋਂ ਹੋਈ। ਉਹ ਕਿਸੇ ਹੋਰ ਦੇ ਅਧਿਕਾਰਤ ਕਾਰਡ ਦੀ ਦੁਰਵਰਤੋਂ ਕਰਕੇ ਟਰੈਕ 'ਤੇ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰ ਰਿਹਾ ਸੀ। ਬਾਣਗੰਗਾ ਪੁਲ ਨੇੜੇ ਇੱਕ ਹੋਰ ਘਟਨਾ ਵਿਚ ਪੁਲਸ ਨੇ ਸਾਹਿਲ ਖਾਨ ਨਾਮ ਦੇ ਇੱਕ ਵਿਅਕਤੀ ਨੂੰ ਬਿਨਾਂ ਇਜਾਜ਼ਤ ਦੇ ਘੋੜਾ ਚਲਾਉਂਦੇ ਹੋਏ ਫੜਿਆ। ਪੁੱਛਗਿੱਛ ਦੌਰਾਨ, ਉਸਨੇ ਮੰਨਿਆ ਕਿ ਉਸਦੇ ਨਾਮ 'ਤੇ ਟੱਟੂ ਕਾਰਡ ਰਜਿਸਟਰਡ ਨਹੀਂ ਸੀ ਅਤੇ ਇਸ ਲਈ, ਉਹ ਐੱਸਡੀਐੱਮ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰ ਰਿਹਾ ਸੀ। ਪੁਲਸ ਨੇ ਦੱਸਿਆ ਕਿ ਸਬੰਧਤ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਹਨ ਅਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪੁਲਸ ਨੇ ਸਾਰੇ ਸੇਵਾ ਪ੍ਰਦਾਤਾਵਾਂ ਨੂੰ ਵੈਧ ਇਜਾਜ਼ਤ ਪੱਤਰ ਆਪਣੇ ਨਾਲ ਰੱਖਣ ਦੀ ਅਪੀਲ ਕੀਤੀ ਹੈ ਤੇ ਸ਼ਰਧਾਲੂਆਂ ਅਤੇ ਸਥਾਨਕ ਲੋਕਾਂ ਨੂੰ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਰਿਪੋਰਟ ਨਜ਼ਦੀਕੀ ਪੁਲਸ ਕਰਮਚਾਰੀਆਂ ਨੂੰ ਕਰਨ ਲਈ ਕਿਹਾ ਹੈ।

## ਕਾਇਰਤਾਪੂਰਨ ਕੰਮ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ

ਚੰਡੀਗੜ੍ਹ 23 ਅਪ੍ਰੈਲ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ 'ਕਾਇਰਾਨਾ' ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਮੰਗਲਵਾਰ ਨੂੰ ਕਸ਼ਮੀਰ



ਦੇ ਪਹਿਲਗਾਮ 'ਚ ਇਕ ਪ੍ਰਮੁੱਖ ਸੈਲਾਨੀ ਸਥਾਨ 'ਤੇ ਅੱਤਵਾਦੀਆਂ ਦੇ ਹਮਲੇ ਵਿਚ ਘੱਟੋ-ਘੱਟ 28 ਲੋਕ ਮਾਰੇ ਗਏ। ਮਰਨ ਵਾਲਿਆਂ ਵਿਚ ਜ਼ਿਆਦਾਤਰ ਸੈਲਾਨੀ ਸਨ। ਇਸ ਹਮਲੇ 'ਚ ਕਈ ਹੋਰ ਜ਼ਖਮੀ ਹੋ ਗਏ। ਇਹ ਹਮਲਾ ਪਿਛਲੇ ਕਈ ਸਾਲਾਂ 'ਚ ਕਸ਼ਮੀਰ ਵਿਚ ਆਮ ਨਾਗਰਿਕਾਂ 'ਤੇ ਹੋਏ ਸਭ ਤੋਂ ਘਾਤਕ ਅੱਤਵਾਦੀ ਹਮਲਿਆਂ 'ਚੋਂ ਇਕ ਸੀ। ਮੁੱਖ ਮੰਤਰੀ ਸੈਣੀ ਨੇ ਗੁਰੂਗ੍ਰਾਮ 'ਚ ਪੱਤਰਕਾਰਾਂ ਨੂੰ ਕਿਹਾ ਅਸੀਂ ਸੈਲਾਨੀਆਂ 'ਤੇ ਹੋਏ ਕਾਇਰਤਾਪੂਰਨ ਅਤੇ ਯੋਜਨਾਬੱਧ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਾਂ। ਜਿਨ੍ਹਾਂ ਨੇ ਇਹ ਕਾਰਾ ਕੀਤਾ ਹੈ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅੱਤਵਾਦ ਖਿਲਾਫ਼ ਲੜਨ ਦਾ ਕੇਂਦਰ ਸਰਕਾਰ ਦਾ ਇਰਾਦਾ ਦ੍ਰਿੜ ਹੈ। ਇਸ ਹਮਲੇ ਵਿਚ ਹਰਿਆਣਾ ਦੇ ਕਰਨਾਲ ਦੇ ਰਹਿਣ ਵਾਲੇ 26 ਸਾਲਾ ਭਾਰਤੀ ਜਲ ਸੈਨਾ ਅਧਿਕਾਰੀ ਲੈਫਟੀਨੈਂਟ ਵਿਨੈ ਨਰਵਾਲ ਦੀ ਵੀ ਮੌਤ ਹੋ ਗਈ, ਜੋ ਕੁਝ ਦਿਨ ਪਹਿਲਾਂ ਵਿਆਹ ਕਰਵਾਉਣ ਤੋਂ ਬਾਅਦ ਆਪਣੀ ਪਤਨੀ ਨਾਲ ਪਹਿਲਗਾਮ ਵਿਚ ਛੁੱਟੀਆਂ ਮਨਾ ਰਹੇ ਸਨ। ਮੁੱਖ ਮੰਤਰੀ ਸੈਣੀ ਨੇ ਬੁੱਧਵਾਰ ਨੂੰ ਨਰਵਾਲ ਦੇ ਦਾਦਾ ਜੀ ਨੂੰ 'ਵੀਡੀਓ ਕਾਲ' ਕੀਤੀ, ਜਿਸ 'ਚ ਉਨ੍ਹਾਂ ਦੇ ਦਾਦਾ ਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਅਪਰਾਧੀਆਂ ਨੂੰ ਸਜ਼ਾ ਦੇਣ ਅਤੇ ਅੱਤਵਾਦ ਦੇ ਖਾਤਮੇ ਲਈ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਸੈਣੀ ਨਾਲ ਗੱਲ ਕਰਦਿਆਂ ਕਿਹਾ ਕਿ ਅੱਜ ਮੈਂ ਆਪਣਾ ਪੋਤਾ ਗੁਆ ਦਿੱਤਾ ਹੈ, ਅਜਿਹਾ ਹੀ ਕੱਲ ਕਿਸੇ ਹੋਰ 'ਤੇ ਵੀ ਸਭ ਬੀਤ ਸਕਦਾ ਹੈ।

## ਗਲਤੀ ਨਾਲ ਜ਼ੀਰੋ ਲਾਈਨ ਪਾਰ ਕਰ ਗਿਆ ਭਾਰਤੀ ਸਰਹੱਦ ਸੁਰੱਖਿਆ ਫੋਰਸ ਜਵਾਨ

**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 24 ਅਪ੍ਰੈਲ। ਭਾਰਤ ਅਤੇ ਪਾਕਿਸਤਾਨ ਵਿਚਾਲੇ ਹਾਲ ਹੀ ਵਿਚ ਵਧੇ ਤਣਾਅ ਦਰਮਿਆਨ ਇਕ ਨਵਾਂ ਮਾਮਲਾ ਸਾਹਮਣੇ ਆਇਆ ਹੈ। ਭਾਰਤ-ਪਾਕਿਸਤਾਨ ਸਰਹੱਦ 'ਤੇ ਮੌਜੂਦ ਇਕ ਭਾਰਤੀ ਸਰਹੱਦ ਸੁਰੱਖਿਆ ਫੋਰਸ ਦਾ ਜਵਾਨ ਗਲਤੀ ਨਾਲ ਪਾਕਿਸਤਾਨ ਦੀ ਸਰਹੱਦ 'ਚ ਚੱਲਾ ਗਿਆ। ਜਿਸ ਤੋਂ ਬਾਅਦ ਪਾਕਿਸਤਾਨੀ ਰੇਂਜਰਸ ਨੇ ਉਸ ਨੂੰ ਫੜ ਲਿਆ ਅਤੇ ਹਿਰਾਸਤ 'ਚ ਲੈ ਲਿਆ। ਦਰਅਸਲ ਜਵਾਨ ਵਲੋਂ ਗਲਤੀ ਨਾਲ ਪੰਜਾਬ ਦੇ ਫਿਰੋਜ਼ਪੁਰ ਦੀ ਸਰਹੱਦ ਪਾਰ ਕਰਨ ਜਾਣ ਮਗਰੋਂ ਪਾਕਿਸਤਾਨੀ ਰੇਂਜਰਸ ਨੇ ਹਿਰਾਸਤ ਵਿਚ ਲੈ ਲਿਆ। 182ਵੀਂ ਬਟਾਲੀਅਨ ਦੇ ਕਾਂਸਟੇਬਲ ਪੀ. ਕੇ. ਸਿੰਘ ਨੂੰ ਬੁੱਧਵਾਰ ਨੂੰ ਫਿਰੋਜ਼ਪੁਰ ਸਰਹੱਦ ਪਾਰ ਤੋਂ ਪਾਕਿਸਤਾਨ ਰੇਂਜਰਸ ਨੇ ਹਿਰਾਸਤ 'ਚ ਲੈ ਲਿਆ। ਅਧਿਕਾਰੀ ਨੇ ਕਿਹਾ ਕਿ ਸਿਪਾਹੀ ਵਰਦੀ ਵਿਚ ਸੀ ਅਤੇ ਉਸ ਕੋਲ ਇਕ ਸਰਵਿਸ ਰਾਈਫਲ ਵੀ ਸੀ। ਉਸ ਨੇ ਕਿਹਾ ਕਿ ਜਵਾਨ ਕਿਸਾਨਾਂ ਦੇ ਨਾਲ ਸੀ ਅਤੇ ਉਹ ਛਾਂ ਵਿਚ ਆਰਾਮ ਕਰਨ ਲਈ ਅੱਗੇ ਵਧਿਆ, ਜਿਸ ਤੋਂ ਬਾਅਦ ਉਸ ਨੂੰ ਪਾਕਿਸਤਾਨੀ ਰੇਂਜਰਸ ਨੇ ਫੜ ਲਿਆ। ਮੀਡੀਆ ਰਿਪੋਰਟ ਮੁਤਾਬਕ ਜਵਾਨ ਉਸ ਦਿਨ ਕਿਸਾਨਾਂ ਦੀ ਨਿਗਰਾਨੀ ਕਰ ਰਹੇ ਸਨ, ਜੋ ਸਰਹੱਦ ਨੇੜੇ ਕੰਟੀਲੀ ਤਾਰ ਦੇ ਦੂਜੇ ਪਾਸੇ ਫ਼ਸਲ ਕੱਟ ਰਹੇ ਸਨ। ਜਵਾਨ ਆਮ ਤੌਰ 'ਤੇ



ਕਿਸਾਨਾਂ ਨਾਲ ਰਹਿੰਦੇ ਹਨ ਅਤੇ ਉਨ੍ਹਾਂ ਨੂੰ 'ਗਾਰਡ' ਕਿਹਾ ਜਾਂਦਾ ਹੈ। ਕੰਟੀਲੀ ਤਾਰ ਜ਼ੀਰੋ ਲਾਈਨ ਤੋਂ ਪਹਿਲਾਂ ਲੱਗੀ ਹੁੰਦੀ ਹੈ, ਜਦਕਿ ਜ਼ੀਰੋ ਲਾਈਨ 'ਤੇ ਸਿਰਫ ਪਿੱਲਰ ਹੁੰਦੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਨਿਗਰਾਨੀ ਦੌਰਾਨ ਜਵਾਨ ਗਰਮੀ ਕਾਰਨ ਇਕ ਦਰੱਖ਼ਤ ਦੀ ਛਾਂ ਹੇਠਾਂ ਬੈਠਣ ਲਈ ਗਲਤੀ ਨਾਲ ਪਾਕਿਸਤਾਨ ਦੀ ਸਰਹੱਦ ਵਿਚ ਚੱਲਾ ਗਿਆ, ਜਿੱਥੇ ਪਾਕਿਸਤਾਨ ਰੇਂਜਰਸ ਨੇ ਉਨ੍ਹਾਂ ਨੂੰ ਵੇਖ ਲਿਆ ਅਤੇ ਤੁਰੰਤ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ। ਪਾਕਿਸਤਾਨੀ ਰੇਂਜਰਸ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਉਨ੍ਹਾਂ ਦਾ ਹਥਿਆਰ ਵੀ ਕਬਜ਼ੇ ਵਿਚ ਲੈ ਲਿਆ। ਅਧਿਕਾਰੀ ਇਸ ਘਟਨਾ ਮਗਰੋਂ ਤੁਰੰਤ ਸਰਹੱਦ 'ਤੇ ਪਹੁੰਚੇ ਅਤੇ ਜਵਾਨ ਨੂੰ ਛੁਡਵਾਉਣ ਲਈ ਪਾਕਿਸਤਾਨ ਰੇਂਜਰਸ ਨਾਲ ਫਲੈਗ ਮੀਟਿੰਗ ਦੀ ਪ੍ਰਕਿਰਿਆ ਸ਼ੁਰੂ ਕੀਤੀ। ਇਹ ਮੀਟਿੰਗ ਦੇਰ ਰਾਤ ਤੱਕ ਜਾਰੀ ਰਹੀ। ਫ਼?ਲਹਾਲ ਇਸ ਘਟਨਾ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ। ਦੱਸ ਦੇਈਏ ਕਿ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਮਗਰੋਂ ਭਾਰਤ-ਪਾਕਿਸਤਾਨ ਵਿਚਾਲੇ ਮਾਹੌਲ ਕਾਫੀ ਤਣਾਅਪੂਰਨ ਬਣਿਆ ਹੋਇਆ ਹੈ। ਇਸ ਦਰਮਿਆਨ ਜਵਾਨ ਦਾ ਗਲਤੀ ਨਾਲ ਸਰਹੱਦ ਪਾਰ ਕਰ ਕੇ ਪਾਕਿਸਤਾਨ ਦੀ ਸਰਹੱਦ ਵਿਚ ਚਲੇ ਜਾਣ ਦੀ ਘਟਨਾ ਤੋਂ ਸਰਕਾਰ ਚਿੰਤਤ ਹੈ। ਸਰਹੱਦ 'ਤੇ ਸਥਿਤੀ ਹੁਣ ਤਣਾਅਪੂਰਨ ਬਣੀ ਹੋਈ ਹੈ। ਅਧਿਕਾਰੀ ਜਵਾਨ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਪਾਕਿਸਤਾਨ ਰੇਂਜਰਸ ਨਾਲ ਗੱਲਬਾਤ ਜਾਰੀ ਰੱਖੀ ਹੋਈ ਹੈ। ਦੋਹਾਂ ਦੇਸ਼ਾਂ ਵਿਚਾਲੇ ਸਰਹੱਦ 'ਤੇ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖਦੇ ਹੋਏ, ਸਥਿਤੀ ਨੂੰ ਸ਼ਾਂਤੀਪੂਰਨ ਢੰਗ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਟਰੱਕ ਡਰਾਈਵਰ ਨੂੰ ਅੱਧੀ ਦਰਜਨ ਹਥਿਆਰਬੰਦ ਲੁਟੇਰਿਆਂ ਨੇ ਕੀਤੀ ਕੁੱਟਮਾਰ

ਤਰਨਤਾਰਨ 24 ਅਪ੍ਰੈਲ। ਜ਼ਿਲ੍ਹੇ ਭਰ ਵਿਚ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਲਗਾਤਾਰ ਜਾਰੀ ਹਨ, ਜੋ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਸਥਾਨਕ ਜੰਡਿਆਲਾ ਬਾਈਪਾਸ ਚੌਂਕ ਤੋਂ ਲੈ ਕੇ ਸਫੀਪੁਰ ਪੁਲ ਹਾਈਵੇ ਤੱਕ ਇਕ ਗਿਰੋਹ ਬੀਤੇ ਕੁਝ ਦਿਨਾਂ ਤੋਂ ਸਰਗਰਮ ਚੱਲ ਰਿਹਾ ਹੈ, ਜੋ ਰਾਹਗੀਰਾਂ ਨੂੰ ਰਸਤੇ ਵਿਚ ਰੋਕ ਲੁੱਟਣ ਦਾ ਸ਼ਿਕਾਰ ਬਣਾ ਰਿਹਾ ਹੈ। ਇਸ ਦੀ ਇਕ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਇਕ ਟਰੱਕ ਚਾਲਕ ਨੂੰ ਅੱਧੀ ਦਰਜਨ ਦੇ ਕਰੀਬ ਹਥਿਆਰਬੰਦ ਲੁਟੇਰਿਆਂ ਵੱਲੋਂ ਰਸਤੇ 'ਚ ਰੋਕ ਜਿੱਥੇ ਉਸਦੀ ਬੇਰਹਿਮੀ ਨਾਲ ਮਾਰ ਕੁੱਟ ਕਰਕੇ ਉਸਨੂੰ ਸੜਕ ਕਿਨਾਰੇ ਸੁੱਟ ਦਿੱਤਾ ਗਿਆ, ਉਥੇ ਹੀ ਉਸ ਪਾਸੋਂ ਇਕ ਮੋਬਾਈਲ ਫੋਨ ਅਤੇ 50,000 ਦੀ ਨਕਦੀ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਸਦਰ ਤਰਨਤਾਰਨ ਦੀ ਪੁਲਸ ਨੂੰ ਸ਼ਿਕਾਇਤ ਦਿੰਦੇ ਹੋਏ ਪੀੜਤ ਵੱਲੋਂ ਇਨਸਾਫ ਦੀ ਗੁਹਾਰ ਲਗਾਈ ਗਈ ਹੈ। ਸਿਵਲ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਦਾਖਲ ਜਗਰੂਪ ਸਿੰਘ ਪੁੱਤਰ ਸਰਦੂਲ ਸਿੰਘ ਵਾਸੀ ਪਿੰਡ ਮਾਨੋਚਾਹਲ ਕਲਾਂ ਨੇ ਦੱਸਿਆ ਕਿ ਬੀਤੀ ਰਾਤ ਜਦੋਂ ਉਹ ਆਪਣੇ ਰੇਤ ਨਾ ਭਰੇ ਹੋਏ ਟਿੱਪਰ ਸਮੇਤ ਪਠਾਨਕੋਟ ਤੋਂ ਪਿੰਡ ਘਰ ਜਾ ਰਿਹਾ ਸੀ ਤਾਂ ਨੈਸ਼ਨਲ ਹਾਈਵੇ ਤੋਂ ਜੰਡਿਆਲਾ ਰੋਡ ਰਸਤੇ ਪਿੰਡ ਕੱਦਗਿੱਲ ਨਜ਼ਦੀਕ ਪੁੱਜਾ ਤਾਂ ਇਕ ਟਰੱਕ ਚਾਲਕ ਅਤੇ ਕਾਰ ਵਿਚ ਸਵਾਰ ਕਰੀਬ ਅੱਧੀ ਦਰਜਨ ਤੋਂ ਵੱਧ ਵਿਅਕਤੀਆਂ ਵੱਲੋਂ ਉਸਦਾ ਰਸਤਾ ਰੋਕ ਲਿਆ ਗਿਆ, ਜਿਨ੍ਹਾਂ ਵੱਲੋਂ ਉਸ ਕੋਲ ਮੌਜੂਦ 50 ਹਜ਼ਾਰ ਰੁਪਏ ਦੀ ਨਕਦੀ ਜ਼ਬਰਦਸਤੀ ਖੋਹਣੀ ਸ਼ੁਰੂ ਕਰ ਦਿੱਤੀ ਗਈ। ਜਦੋਂ ਉਸ ਵੱਲੋਂ ਇਸ ਦਾ ਵਿਰੋਧ ਕੀਤਾ



ਗਿਆ ਤਾਂ ਉਨ੍ਹਾਂ ਵੱਲੋਂ ਪਿਸਤੌਲ ਦੀ ਨੋਕ 'ਤੇ ਜਾਨ ਤੋਂ ਮਾਰਨ ਦੀ ਧਮਕੀ ਦਿੰਦੇ ਹੋਏ ਦਾਤਰਾਂ ਤੇ ਸੋਟੀਆਂ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ ਗਏ। ਸਾਰਿਆਂ ਨੇ ਉਸ ਨੂੰ ਬੇਰਹਿਮੀ ਨਾਲ ਕੁੱਟਿਆ, ਜਿਸ ਤੋਂ ਬਾਅਦ ਉਹ ਬੇਹੋਸ਼ ਹੋ ਗਿਆ ਅਤੇ ਉਸਨੂੰ ਸੜਕ ਕਿਨਾਰੇ ਮਰਿਆ ਹੋਇਆ ਸਮਝ ਸੁੱਟ ਕੇ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ। ਹਨੇਰਾ ਹੋਣ ਕਰਕੇ ਟਰੱਕ ਦੀਆਂ ਨੰਬਰ ਪਲੇਟਾਂ ਨਹੀਂ ਪੜ੍ਹ ਸਕਿਆ ਜਦਕਿ ਟਰੱਕ ਦੇ ਉਪਰ ਕਾਹਲੋਂ ਲਿਖਿਆ ਹੋਇਆ ਸੀ। ਜਗਰੂਪ ਸਿੰਘ ਨੇ ਦੱਸਿਆ ਕਿ ਤੜਕਸਾਰ ਉਸਨੂੰ ਜਦੋਂ ਹੋਸ਼ ਆਈ ਤਾਂ ਉਸਨੇ ਕਿਸੇ ਤਰ੍ਹਾਂ ਆਪਣੇ ਭਰਾ ਗੁਰਵਿੰਦਰ ਸਿੰਘ ਨੂੰ ਫੋਨ ਕਰਕੇ ਸਾਰੀ ਵਾਰਦਾਤ ਦੀ ਸੂਚਨਾ ਦਿੱਤੀ। ਜਿਸ ਤੋਂ ਬਾਅਦ ਉਸ ਦਾ ਭਰਾ ਗੁਰਵਿੰਦਰ ਸਿੰਘ ਅਤੇ ਹੋਰ ਮੋਹਤਬਰ ਮੌਕੇ 'ਤੇ ਪੁੱਜੇ, ਜਿਨ੍ਹਾਂ ਵੱਲੋਂ ਉਸ ਨੂੰ ਜ਼ਖ਼ਮੀ ਹਾਲਤ ਵਿਚ ਸਿਵਲ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਗੁਰਵਿੰਦਰ ਸਿੰਘ ਅਤੇ ਜ਼ਖਮੀ ਹਾਲਤ 'ਚ ਦਾਖਲ ਜਗਰੂਪ ਸਿੰਘ ਨੇ ਜ਼ਿਲ੍ਹੇ ਦੇ ਐੱਸ.ਐੱਸ.ਪੀ ਪਾਸੋਂ ਇਨਸਾਫ ਦੀ ਗੁਹਾਰ ਲਗਾਈ ਹੈ ਕਿ ਮੁਲਜ਼ਮਾਂ ਦੀ ਭਾਲ ਕਰਦੇ ਹੋਏ ਉਸ ਨੂੰ ਇਨਸਾਫ ਦਵਾਇਆ ਜਾਵੇ। ਇਥੇ ਦੱਸਣਯੋਗ ਹੈ ਕਿ ਬੀਤੇ ਕੁਝ ਦਿਨ ਪਹਿਲਾਂ ਪਿੰਡ ਮਲੀਆ ਦੇ ਨਜ਼ਦੀਕ ਤੜਕਸਾਰ ਇਕ ਛੋਟੇ ਹਾਥੀ ਉਪਰ ਸਵਾਰ ਹੋ ਕੇ ਆ ਰਹੇ ਇਕ ਦਰਜਨ ਪ੍ਰਵਾਸੀਆਂ ਨੂੰ ਹਥਿਆਰਾਂ ਦੀ ਨੋਕ ਉਪਰ ਲੁੱਟ ਦਾ ਸ਼ਿਕਾਰ ਕੁਝ ਵਿਅਕਤੀਆਂ ਵੱਲੋਂ ਬਣਾ ਲਿਆ ਗਿਆ ਸੀ, ਜਿਨ੍ਹਾਂ ਵੱਲੋਂ ਪੁਲਸ ਨੂੰ ਸੂਚਨਾ ਡਰਦੇ ਹੋਏ ਨਹੀਂ ਦਿੱਤੀ ਗਈ। ਸ਼ਹਿਰ ਵਾਸੀਆਂ ਦੀ ਜ਼ਿਲ੍ਹੇ ਦੇ ਐੱਸ.ਐੱਸ.ਪੀ ਪਾਸੋਂ ਮੰਗ ਹੈ ਕਿ ਇਸ ਰਸਤੇ ਉਪਰ ਪੁਲਸ ਗਸ਼ਤ ਨੂੰ ਤੇਜ਼ ਕੀਤਾ ਜਾਵੇ ਅਤੇ ਹਾਈਵੇ ਦੇ ਨਜ਼ਦੀਕ ਸੜਕਾਂ ਉਪਰ ਘੁੰਮ ਰਹੇ ਗਿਰੋਹ ਉਪਰ ਨੱਥ ਪਾਈ ਜਾਵੇ। ਇਸ ਸਬੰਧੀ ਥਾਣਾ ਸਦਰ ਤਰਨਤਾਰਨ ਦੇ ਮੁਖੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ ਕਿਉਂਕਿ ਉਹ ਛੁੱਟੀ 'ਤੇ ਸਨ। ਉਨ੍ਹਾਂ ਦੱਸਿਆ ਕਿ ਮੈਂ ਥਾਣੇ ਦੇ ਮੁਨਸ਼ੀ ਅਤੇ ਹੋਰ ਡਿਊਟੀ ਅਫਸਰ ਪਾਸੋਂ ਜਾਣਕਾਰੀ ਹਾਸਲ ਕਰਾਂਗਾ।

## ਬਦਮਾਸ਼ ਦੇ ਘਰ 'ਤੇ ਹੀ ਚੱਲ ਗਈਆਂ ਗੋਲੀਆਂ, ਸਹਿਮ ਗਿਆ ਪਰਿਵਾਰ

ਲੁਧਿਆਣਾ 24 ਅਪ੍ਰੈਲ। ਚੌਕੀ ਜਨਕਪੁਰੀ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਸਥਿਤ ਬਦਮਾਸ਼ ਪੁਨੀਤ ਬੈਂਸ ਦੇ ਘਰ ਦੇ ਬਾਹਰ ਤੜਕਸਾਰ ਬਾਈਕ ਸਵਾਰ ਨੌਜਵਾਨਾਂ ਨੇ ਗੋਲ?ੀਆਂ ਚਲਾ ਦਿੱਤੀਆਂ। ਪਤਾ ਲੱਗਣ 'ਤੇ ਪਰਿਵਾਰ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਇਸ ਮਗਰੋਂ ਏ.ਡੀ.ਸੀ.ਪੀ. ਸਮੀਰ ਵਰਮਾ ਸਮੇਤ ਥਾਣਾ ਡਵੀਜ਼ਨ ਨੰਬਰ 2 ਦੇ ਮੁਖੀ ਮੌਕੇ 'ਤੇ ਪਹੁੰਚ ਗਏ। ਮੌਕੇ 'ਤੇ ਜਾਂਚ ਤੋਂ ਪਤਾ ਲੱਗਿਆ ਕਿ ਮੁਲਜ਼ਮਾਂ ਨੇ 2 ਫ਼ਾਇਰ ਕੀਤੇ ਹਨ। ਇਕ ਗੋਲ?ੀ ਮੇਨ ਗੇਟ 'ਤੇ ਲੱਗੀ, ਜਦਕਿ ਦੂਜੀ



ਗੋਲ?ੀ ਕੰਧ 'ਤੇ ਲੱਗੀ ਹੈ। ਪੁਲਸ ਨੂੰ ਮੌਕੇ ਦੀ ਸੀਸੀਟੀਵੀ ਫੁਟੇਜ ਵੀ ਮਿਲੀ ਹੈ। ਜਿਸ ਵਿਚ ਬਾਈਕ ਸਵਾਰ ਨੌਜਵਾਨ ਨਜ਼ਰ ਆਏ ਹਨ। ਜਿਨ੍ਹਾਂ ਨੇ ਪਛਾਣ ਲੁਕਾਉਣ ਲਈ ਮੂੰਹ ਨੂੰ ਕੱਪੜੇ ਨਾਲ ਢਕਿਆ ਹੋਇਆ ਸੀ। ਫ਼?ਲਹਾਲ ਪੁਲਸ ਨੇ ਅਣਪਛਾਤੇ ਮੁਲਜ਼ਮਾਂ 'ਤੇ ਕੇਸ ਦਰਜ ਕੇ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਇਕੋ ਝਟਕੇ 'ਚ ਖਤਮ ਹੋ ਗਿਆ ਪਰਿਵਾਰ, ਸੜਕ ਹਾਦਸੇ ਵਿਚ ਪਿਓ-ਪੁੱਤ ਤੇ ਨੂੰਹ ਦੀ ਮੌਤ

ਰਾਮਪੁਰ 24 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਰਾਮਪੁਰ ਵਿੱਚ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਇੱਥੇ, ਇੱਕ ਬਾਈਕ ਸਵਾਰ ਤਿੰਨ ਲੋਕਾਂ ਨੂੰ ਤੂੜੀ ਨਾਲ ਭਰੇ ਇੱਕ ਟਰੱਕ ਨੇ ਕੁਚਲ ਦਿੱਤਾ। ਇਸ ਭਿਆਨਕ ਹਾਦਸੇ ਵਿੱਚ ਪਿਤਾ, ਪੁੱਤਰ ਅਤੇ ਨੂੰਹ, ਤਿੰਨੋਂ ਹੀ ਮਾਰੇ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਚੀਕ-ਚਿਹਾੜਾ ਮਚ ਗਿਆ। ਹਾਦਸਾ ਇੰਨਾ ਭਿਆਨਕ ਸੀ ਕਿ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸਦੀ ਸੂਚਨਾ ਪੁਲਸ ਨੂੰ ਦਿੱਤੀ ਗਈ ਅਤੇ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ। ਇਹ ਹਾਦਸਾ ਬਿਲਾਸਪੁਰ ਕੋਤਵਾਲੀ ਖੇਤਰ ਦੇ ਪਿੰਡ ਧਵਨੀ ਹਸਨਪੁਰ ਨੇੜੇ ਵਾਪਰਿਆ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਤਿੰਨੋਂ ਇੱਕੋ ਸਾਈਕਲ 'ਤੇ ਸਵਾਰ ਸਨ। ਦੱਸਿਆ ਜਾ ਰਿਹਾ ਹੈ ਕਿ ਤਿੰਨੋਂ ਹੀ ਕਿਸੇ ਰਿਸ਼ਤੇਦਾਰ ਦੇ



ਘਰ ਵਿਆਹ ਦੀ ਬਰਾਤ ਵਿੱਚ ਸ਼ਾਮਲ ਹੋਣ ਲਈ ਗਏ ਸਨ ਅਤੇ ਵਾਪਸ ਆਉਂਦੇ ਸਮੇਂ ਇਸ ਭਿਆਨਕ ਸੜਕ ਹਾਦਸੇ ਦਾ ਸ਼ਿਕਾਰ ਹੋ ਗਏ। ਹਾਦਸਾ ਇੰਨਾ ਭਿਆਨਕ ਸੀ ਕਿ ਤਿੰਨਾਂ ਵਿੱਚੋਂ ਕਿਸੇ ਨੂੰ ਵੀ ਨਹੀਂ ਬਚਾਇਆ ਜਾ ਸਕਿਆ। ਹਾਦਸੇ ਤੋਂ ਬਾਅਦ ਪਰਿਵਾਰਕ ਮੈਂਬਰਾਂ ਵਿੱਚ ਹਫੜਾ-ਦਫੜੀ ਮੱਚ ਗਈ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਲਿਆ। ਇਸ ਘਟਨਾ ਵਿੱਚ ਕੇਮਰੀ ਥਾਣਾ ਖੇਤਰ ਦੇ ਸੁਨਾਰਖੇੜਾ ਪਿੰਡ ਦੇ ਵਸਨੀਕ ਮੀਆਂ ਜਾਨ (68), ਉਸਦੇ ਪੁੱਤਰ ਮੁਹੰਮਦ ਅਮੀਨ (37) ਅਤੇ ਉਸਦੀ ਨੂੰਹ ਸ਼ਕੀਨਾ ਬੀ (35) ਦੀ ਦਰਦਨਾਕ ਮੌਤ ਹੋ ਗਈ। ਤਿੰਨਾਂ ਦੀ ਮੌਤ ਤੋਂ ਬਾਅਦ ਘਰ ਵਿੱਚ ਮਾਤਮ ਛਾਇਆ ਹੋਇਆ ਸੀ। ਤਿੰਨਾਂ ਨੂੰ ਟਰੱਕ ਨੇ ਕੁਚਲ ਦਿੱਤਾ ਅਤੇ ਫਿਰ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਡਰਾਈਵਰ ਦੀ ਭਾਲ ਕਰ ਰਹੀ ਹੈ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

# ਤਰਨਤਾਰਨ 'ਚ ਹੋਏ ਸਰਪੰਚ ਕਤਲ ਕਾਂਡ ਵਿਚ ਸਨਸਨੀਖੇਜ਼ ਖੁਲਾਸਾ

ਤਰਨਤਾਰਨ 24 ਅਪ੍ਰੈਲ। ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਤਰਨਤਾਰਨ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਵਿਚ ਸਰਪੰਚ ਬਚਿੱਤਰ ਸਿੰਘ ਉਰਫ਼ ਬਿੱਕਰ ਦੇ ਕਤਲ ਦੇ ਘਿਨਾਉਣੇ ਕੇਸ ਵਿਚ ਸ਼ਾਮਲ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਦੋਸ਼ੀ ਦੀ ਪਛਾਣ ਸੁਖਬੀਰ ਸਿੰਘ ਉਰਫ਼ ਸੁੱਖ ਵਾਸੀ ਬਰਵਾਲਾ , ਤਰਨਤਾਰਨ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ, 12 ਸਤੰਬਰ, 2024 ਨੂੰ ਤਰਨਤਾਰਨ ਦੇ ਪਿੰਡ ਨੌਸ਼ਹਿਰਾ ਪੰਨੂਆਂ ਵਿਚ ਦੋ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਸਰਪੰਚ ਬਚਿੱਤਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਡੀਜੀਪੀ ਨੇ ਕਿਹਾ ਕਿ ਗ੍ਰਿਫ਼ਤਾਰ ਵਿਅਕਤੀ ਸੁਖਬੀਰ ਸਿੰਘ ਇਕ ਜ਼ੁਰਾਇਮ-ਪੇਸ਼ਾ ਮੁਜਰਿਮ ਹੈ ,ਜਿਸ ਵਿਰੁੱਧ ਐਨਡੀਪੀਐਸ ਐਕਟ, ਆਰਮਜ਼ ਐਕਟ ਦੇ ਕੇਸਾਂ ਅਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨਾਲ ਸਬੰਧਤ ਕਈ ਮਾਮਲੇ ਦਰਜ ਹਨ। ਉਨ੍ਹਾਂ ਅੱਗੇ ਕਿਹਾ ਕਿ ਉਸ ਦੇ ਸਾਥੀਆਂ ਦੀ ਪਛਾਣ ਕਰਨ ਅਤੇ ਉਸ ਦੀਆਂ ਅਪਰਾਧਿਕ ਗਤੀਵਿਧੀਆਂ ਦੀ ਹੋਰ ਬਾਰੀਕਬੀਨੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ (ਏਡੀਜੀਪੀ) ਏਜੀਟੀਐੱਫ ਪ੍ਰਮੋਦ ਬਾਨ ਨੇ ਕਿਹਾ ਕਿ ਏ.ਆਈ.ਜੀ. ਸੰਦੀਪ ਗੋਇਲ ਦੀ ਨਿਗਰਾਨੀ ਹੇਠ ਏਜੀਟੀਐੱਫ ਦੀਆਂ ਟੀਮਾਂ ਅਤੇ ਐੱਸਐੱਸਪੀ ਅਭਿਮਨਿਊ ਰਾਣਾ ਦੀ ਅਗਵਾਈ ਹੇਠ ਤਰਨਤਾਰਨ ਪੁਲਸ ਦੀਆਂ ਟੀਮਾਂ ਜੋ ਉਕਤ ਦੋਸ਼ੀ ਦਾ ਪਿੱਛਾ ਕਰ ਰਹੀਆਂ ਸਨ ਨੇ ਖੁਫੀਆ ਜਾਣਕਾਰੀ 'ਤੇ ਦੋਸ਼ੀ ਨੂੰ ਤਰਨਤਾਰਨ ਦੇ ਪਹੂਵਿੰਡ ਖੇਤਰ ਤੋਂ ਕਾਬੂ ਕਰ ਲਿਆ। ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ,



ਏਆਈਜੀ ਸੰਦੀਪ ਗੋਇਲ ਨੇ ਕਿਹਾ ਕਿ ਏਜੀਟੀਐਫ ਅਤੇ ਤਰਨਤਾਰਨ ਪੁਲਸ ਦੀਆਂ ਟੀਮਾਂ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ,ਦੋਸ਼ੀ ਵਿਅਕਤੀ ਦਾ ਪਿੱਛਾ ਕੀਤਾ ਅਤੇ ਪਿੰਡ ਪਹੂਵਿੰਡ ਵਿਖੇ ਗੁਰਦੁਆਰਾ ਸਾਹਿਬ ਦੇ ਨੇੜਿਓਂ ਉਸਨੂੰ ਸਫ਼ਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ। ਪੁਲਸ ਟੀਮਾਂ ਨੇ ਉਸਦਾ ਕਾਲਾ ਹੀਰੋ ਸਪਲੈਂਡਰ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ। ਐਸਐਸਪੀ ਅਭਿਮਨਿਊ ਰਾਣਾ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਸੁਖਬੀਰ ਨੇ ਸਰਪੰਚ ਬਚਿੱਤਰ ਸਿੰਘ ਦੇ ਕਤਲ ਦੀ ਸਾਜ਼ਿਸ਼ ਰਚਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਪੀੜਤ ਸਰਪੰਚ ਦੀ ਰੇਕੀ ਕਰਨ ਵਿਚ ਵੀ ਦੋਸ਼ੀ ਦਾ ਹੱਥ ਸੀ।ਉਨ੍ਹਾਂ ਕਿਹਾ ਕਿ ਮੁਲਜ਼ਮ ਸੁਖਬੀਰ ਸਿੰਘ ਦੀ ਗ੍ਰਿਫ਼ਤਾਰੀ ਨਾਲ, ਤਰਨਤਾਰਨ ਪੁਲਸ ਨੇ ਇਸ ਮਾਮਲੇ ਵਿੱਚ ਨਾਮਜ਼ਦ ਕੁੱਲ ਅੱਠ ਮੁਲਜ਼ਮਾਂ ਵਿਚੋਂ ਸੱਤ ਨੂੰ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹੋਰ ਜਾਂਚ ਜਾਰੀ ਹੈ ਅਤੇ ਪੁਲਸ ਟੀਮਾਂ ਅਪਰਾਧ ਵਿਚ ਸ਼ਾਮਲ ਅੱਠਵੇਂ ਮੁਲਜ਼ਮ ਨੂੰ ਦਬੋਚਣ ਲਈ ਭਾਲ ਕਰ ਰਹੀਆਂ ਹਨ।

## ਮਾਂ ਦੀ ਯਾਦ 'ਚ ਬਿਰਧ ਆਸ਼ਰਮ ਬਣਵਾ ਰਿਹੈ ਕੈਨੇਡਾ 'ਚ ਰਹਿੰਦਾ ਪੁੱਤ, ਰਾਹਗੀਰਾਂ ਲਈ 24 ਘੰਟੇ ਚੱਲੇਗਾ ਲੰਗਰ

ਮੋਗਾ 24 ਅਪ੍ਰੈਲ। ਨੱਥੂਵਾਲਾ ਜਦੀਦ ਦੇ ਜੰਮਪਲ ਰਾਜੂ ਜੋ ਕਿ ਕੈਨੇਡਾ ਕੈਲਗਰੀ ਵਿਖੇ ਕਾਫੀ ਲੰਬੇ ਸਮੇਂ ਤੋਂ ਰਹਿ ਰਹੇ ਹਨ, ਉਨ੍ਹਾਂ ਵੱਲੋਂ ਆਪਣੀ ਮਾਂ ਦੀ ਯਾਦ ਨੂੰ ਸਮਰਪਿਤ ਜੱਦੀ ਪਿੰਡ ਨੱਥੂਵਾਲਾ ਜਦੀਦ ਕੋਲ ਮਾਤਾ ਬਚਨ ਕੌਰ ਦੇ ਨਾਂ ਨਾਲ ਬਣਾਇਆ ਜਾ ਰਿਹਾ ਹੈ। ਬਿਰਧ ਆਸ਼ਰਮ ਵਿਚ ਬਜ਼ੁਰਗਾਂ ਦੇ ਰਹਿਣ ਲਈ ਹਰ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਉੱਥੇ ਹੀ ਰਾਹਗੀਰਾਂ ਲਈ 24 ਘੰਟੇ ਲੰਗਰ ਚਲਾਇਆ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਰਾਜੂ ਨੇ ਕਿਹਾ ਕਿ ਉਹ 2003 ਤੋਂ ਕੈਨੇਡਾ ਕੈਲਗਰੀ ਵਿਖੇ ਰਹਿ ਰਹੇ ਹਨ। ਉਨ੍ਹਾਂ ਦਾ ਜੱਦੀ ਪਿੰਡ ਨੱਥੂਵਾਲਾ ਜਦੀਦ ਹੈ। ਉਹ ਅਕਸਰ ਇੱਥੇ ਆਉਂਦੇ ਜਾਂਦੇ ਰਹਿੰਦੇ ਸਨ। ਉਨ੍ਹਾਂ ਨੇ ਆਪਣੀ ਮਾਂ ਦੀ ਯਾਦ ਨੂੰ ਸਮਰਪਿਤ



ਮਾਤਾ ਬਚਨ ਕੌਰ ਦੇ ਨਾਂ 'ਤੇ ਬਿਰਧ ਆਸ਼ਰਮ ਬਣਾਉਣ ਦਾ ਫ਼ੈਸਲਾ ਕੀਤਾ ਅਤੇ ਉਸ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਕਿਹਾ ਕਿ ਇਸ ਬਿਰਧ ਆਸ਼ਰਮ ਵਿਚ 24 ਘੰਟੇ ਲੰਗਰ ਚੱਲੇਗਾ ਜੋ ਕਿ ਹਰ ਰਾਹਗੀਰ ਵਾਸਤੇ ਖੁੱਲ੍ਹਾ ਰਹੇਗਾ। ਉਨ੍ਹਾਂ ਨੇ ਕਿਹਾ ਕਿ ਉਹ ਕੈਨੇਡਾ ਵਿਚ ਟਰੱਕ ਚਲਾਉਂਦੇ ਸਨ ਅਤੇ ਉਨ੍ਹਾਂ ਨੂੰ ਟਰੱਕ ਡਰਾਈਵਰਾਂ ਦੀਆਂ ਆ ਰਹੀਆਂ ਮੁਸ਼ਕਿਲਾਂ ਤੋਂ ਜਾਣੂੰ ਹਨ।

## ਸਰਕਾਰੀ ਹਸਪਤਾਲ 'ਚ ਮਚੀ ਤਰਥੱਲੀ !

ਫਾਜ਼ਿਲਕਾ 24 ਅਪ੍ਰੈਲ। ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦੇ ਬਾਥਰੂਮ ਵਿਚੋਂ ਇਕ ਨੌਜਵਾਨ ਦੀ ਲਾਸ਼ ਮਿਲੀ ਹੈ। ਦੱਸਿਆ ਜਾ ਰਿਹਾ ਹੈ ਕਿ ਹਸਪਤਾਲ 'ਚ ਰੈਨੋਵੇਸ਼ਨ ਦਾ ਕੰਮ ਚੱਲ ਰਿਹਾ ਹੈ। ਇਸ ਦੌਰਾਨ ਇਕ ਨੌਜਵਾਨ ਭੱਜਿਆ ਹੋਇਆ ਆਇਆ, ਜੋ ਬਹਾਨੇ ਨਾਲ ਬਾਥਰੂਮ ਅੰਦਰ ਦਾਖ਼ਲ ਹੋਇਆ ਅਤੇ ਉਸ ਨੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਜਦੋਂ ਕਾਫੀ ਸਮੇਂ ਉਹ ਬਾਹਰ ਨਾ ਨਿਕਲਿਆ ਤਾਂ ਰੈਨੋਵੇਸ਼ਨ ਦਾ ਕੰਮ ਕਰ ਰਹੇ ਮਜ਼ਦੂਰਾਂ ਨੇ ਦਰਵਾਜ਼ਾ ਖਟਕਟਾਉਣ ਤੋਂ ਬਾਅਦ ਦੀਵਾਰ ਟੱਪ ਕੇ ਦੇਖਿਆ ਤਾਂ ਉਸ ਦੇ ਹੱਥ ਚ ਇੰਜੈਕਸ਼ਨ ਲੱਗਿਆ ਹੋਇਆ ਸੀ।

## ਲੁਟੇਰਿਆਂ ਦੇ ਹੌਂਸਲੇ ਬੁਲੰਦ, ਸਵੇਰੇ ਦੁਕਾਨ ਖੁੱਲ੍ਹਦਿਆਂ ਬੋਲ ਦਿੱਤਾ ਧਾਵਾ

ਫਿਰੋਜ਼ਪੁਰ 24 ਅਪ੍ਰੈਲ। ਇਲਾਕੇ ਵਿਚ ਅਪਰਾਧਕ ਤੱਤਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਦਿਨ ਚੜ੍ਹਦੇ ਹੀ ਅਪਰਾਧਕ ਘਟਨਾਵਾਂ ਨੂੰ ਅੰਜਾਮ ਦੇਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਤਾਜ਼ਾ ਮਾਮਲਾ ਮੰਗਲਵਾਰ ਨੂੰ ਛਾਉਣੀ ਦੇ ਮੇਨ ਚੌਂਕ ਦਾ ਸਾਹਮਣੇ ਆਇਆ ਹੈ। ਕਸਤੂਰੀ ਲਾਲ ਵਾਸੀ ਖਲਾਸੀ ਲਾਈਨ ਨੇ ਪੁਲਸ ਨੂੰ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਤੜਕੇ 5 ਵਜੇ ਸੈਰ ਕਰਦੇ ਹੋਏ ਚੌਂਕ ਵਿਚ ਸਥਿਤ ਆਪਣੀ ਫੋਟੋਸਟੇਟ ਦੀ ਦੁਕਾਨ ਦੀ ਸਫਾਈ ਕਰਨ ਚਲਾ ਗਿਆ। ਜਦ ਉਹ ਸ਼ਟਰ ਖੋਲ੍ਹ ਕੇ ਉਪਰ ਦੇ ਕਮਰੇ ਦੀ ਸਫਾਈ ਕਰ ਰਿਹਾ ਸੀ ਤਾਂ ਐਕਟਿਵਾ 'ਤੇ ਆਏ ਤਿੰਨ ਅਣਪਛਾਤੇ ਲੁਟੇਰਿਆਂ ਵਿਚੋਂ ਇਕ ਦੁਕਾਨ ਦੇ ਅੰਦਰ ਆ ਗਿਆ ਅਤੇ ਗੱਲੇ ਨੂੰ ਖੋਲ੍ਹ ਕੇ ਕਰੀਬ 100-200 ਰੁਪਏ ਕੱਢ ਕੇ ਲੈ ਗਿਆ। ਇਸ ਦੌਰਾਨ ਜਦੋਂ ਉਹ ਥੱਲੇ ਉਨ੍ਹਾਂ ਨੂੰ ਦੇਖਣ ਲਈ ਆਇਆ ਤਾਂ ਦੋ ਮੁੰਡੇ ਅੰਦਰ ਆ ਗਏ ਅਤੇ ਉਸ ਨੂੰ ਲੁੱਟਣ ਦੀ ਨੀਅਤ ਨਾਲ ਉਸਦੀਆਂ ਜੇਬਾਂ ਫਰੋਲਣ ਲੱਗੇ। ਜਦ ਉਨ੍ਹਾਂ ਨੂੰ ਕੁਝ ਨਾ ਮਿਲਿਆ ਤਾਂ ਦੋਸ਼ੀ ਉਸ ਨੂੰ ਕਾਪਾ ਮਾਰ ਕੇ ਜ਼ਖਮੀ ਕਰਕੇ ਫਰਾਰ ਹੋ ਗਏ। ਏ.ਐੱਸ.ਆਈ. ਜਗਜੀਤ ਸਿੰਘ ਅਨੁਸਾਰ ਸਾਰੀ ਘਟਨਾ ਦੁਕਾਨ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਵਿਚ ਕੈਦ ਹੋ ਗਈ ਹੈ

# ਯੁੱਧ ਨਸ਼ਿਆਂ ਵਿਰੁੱਧ ਤਹਿਤ ਦਿਹਾਤੀ ਪੁਲਸ ਨੇ ਸਮੱਗਲਰਾਂ 'ਤੇ ਕੱਸਿਆ ਸ਼ਿਕੰਜਾ

ਅੰਮ੍ਰਿਤਸਰ 24 ਅਪ੍ਰੈਲ। ਪੰਜਾਬ ਭਰ 'ਚ ਛੇੜੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਸਮਗੱਲਰਾਂ 'ਤੇ ਪੂਰੀ ਤਰ੍ਹਾਂ ਨਾਲ ਸ਼ਿਕੰਜਾ ਕੱਸ ਰੱਖਿਆ ਹੈ। ਪਿਛਲੇ 24 ਘੰਟਿਆਂ ਦੇ ਥਾਣਾ ਦਿਹਾਤੀ ਦੀ ਪੁਲਸ ਵੱਲੋਂ ਵੱਖ-ਵੱਖ ਖੇਤਰਾਂ 'ਚ ਕੀਤੀ ਗਈ ਛਾਪਾਮਾਰੀ ਦੌਰਾਨ 10 ਮਾਮਲੇ ਦਰਜ ਕਰ ਨਸ਼ੇ ਦੀ ਸਪਲਾਈ ਕਰਨ ਵਾਲੇ 15 ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਦੇ ਕਬਜ਼ੇ 'ਚੋਂ ਭਾਰੀ ਮਾਤਰਾ 'ਚ ਨਸ਼ੀਲੀ ਗੋਲੀਆਂ, ਸ਼ਰਾਬ ਤੇ ਹੈਰੋਇਨ ਦੀ ਰਿਕਵਰੀ ਕੀਤੀ ਗਈ, ਜਿਸ 'ਚ ਥਾਣਾ ਰਮਦਾਸ ਦੀ ਪੁਲਸ ਨੇ ਨਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਉਸ ਦੇ ਕਬਜ਼ੇ 'ਚੋਂ 20 ਬੋਤਲਾਂ ਸ਼ਰਾਬ, ਅਨਿਲ ਕੁਮਾਰ ਨੂੰ ਗ੍ਰਿਫਤਾਰ ਕਰ ਉਸ ਦੇ ਕਬਜ਼ੇ 'ਚੋਂ 1200 ਨਸ਼ੀਲੇ ਕੈਪਸੂਲ ਬਰਾਮਦ ਕੀਤੇ। ਇਸ ਤਰ੍ਹਾਂ ਥਾਣਾ ਮਤੇਵਾਲ ਦੀ ਪੁਲਸ ਨੇ ਪ੍ਰਭਦੀਪ ਸਿੰਘ ਅਤੇ ਉਸ ਦੇ ਸਾਥੀ ਅਮਰਦੀਪ ਸਿੰਘ ਨੂੰ ਗ੍ਰਿਫਤਾਰ



ਕੀਤਾ, ਜਿਨ੍ਹਾਂ ਦੇ ਕਬਜੇ 'ਚੋਂ 90 ਨਸ਼ੀਲੀਆਂ ਗੋਲੀਆਂ ਅਤੇ 7 ਹਜ਼ਾਰ ਰੁਪਏ ਦੀ ਡਰੱਗ ਮਨੀ ਰਿਕਵਰ ਕੀਤੀ। ਇਸ ਤਰ੍ਹਾਂ ਥਾਣਾ ਕੰਬੋ ਦੀ ਪੁਲਸ ਨੇ ਜੁਗਰਾਜ ਸਿੰਘ ਨੂੰ ਗ੍ਰਿਫਤਾਰ ਕਰ ਉਸ ਦੇ ਕਬਜ਼ੇ 'ਚੋਂ 32 ਗ੍ਰਾਮ ਹੈਰੋਇਨ ਅਤੇ 2500 ਰੁਪਏ ਦੀ ਡਰੱਗ ਮਨੀ ਰਿਕਵਰ ਕੀਤੀ। ਥਾਣਾ ਘਰਿੰਡਾ ਦੀ ਪੁਲਸ ਨੇ ਦੀਪਕ ਕੁਮਾਰ ਅਤੇ ਗੁਰਵਿੰਦਰ ਸਿੰਘ ਤੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ। ਓਧਰ ਥਾਣਾ ਖਿਲਚੀਆ ਦੀ ਪੁਲਸ ਨੇ ਸ਼ਰਨਜੀਤ ਸਿੰਘ ਤੇ ਰਾਜਵਿੰਦਰ ਸਿੰਘ ਰਾਜਾ ਦੇ ਕਬਜ਼ੇ 'ਚੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਭਿੰਡੀਸੈਦਾ ਦੀ ਪੁਲਸ ਨੇ ਬੂਟਾ ਸਿੰਘ ਨੂੰ ਗ੍ਰਿਫਤਾਰ ਕਰ ਉਸ ਦੇ ਕਬਜ਼ੇ 'ਚੋਂ 260 ਨਸ਼ੀਲੀਆਂ ਗੋਲੀਆਂ ਅਤੇ 1100 ਰੁਪਏ ਦੀ ਡਰੱਗ ਮਨੀ ਰਿਕਵਰ ਕੀਤੀ। ਥਾਣਾ ਚਾਟੀਵਿੰਡ ਦੀ ਪੁਲਸ ਨੇ ਸ਼ਮਸ਼ੇਰ ਸਿੰਘ ਅਤੇ ਉਸ ਦੇ ਸਾਥੀ ਗੁਰਜੰਟ ਸਿੰਘ ਅਤੇ ਰੁਪਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਉਸ ਦੇ ਕਬਜੇ 'ਚੋਂ 6.30 ਗ੍ਰਾਮ ਹੈਰੋਇਨ ਬਰਾਮਦ ਕੀਤੀ। ਇਸ ਤਰ੍ਹਾਂ ਥਾਣਾ ਝੰਡੇਰ ਦੀ ਪੁਲਸ ਨੇ ਸੁਖਪਾਲ ਸਿੰਘ ਅਤੇ ਆਕਾਸ਼ਦੀਪ ਸਿੰਘ ਤੋਂ 4 ਗ੍ਰਾਮ ਹੈਰੋਇਨ ਦੀ ਰਿਕਵਰ ਕੀਤੀ। ਪੁਲਸ ਨੇ ਸਾਰੇ ਮੁਲਜ਼ਮਾਂ ਵਿਰੁੱਧ ਦਰਜ ਕੀਤੇ ਮਾਮਲਿਆਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੰਜਾਬ 'ਚ ਫਿਰ ਵੱਡੀ ਵਾਰਦਾਤ, ਬੱਸ ਸਟੈਂਡ ਨੇੜੇ ਸ਼ਰੇਆਮ ਮਾਰ 'ਤਾ ਮੁੰਡਾ

ਪਟਿਆਲਾ 24 ਅਪ੍ਰੈਲ। ਪਟਿਆਲਾ ਦੇ ਪੁਰਾਣੇ ਬੱਸ ਸਟੈਂਡ ਕੋਲ ਪਿਛਲੇ ਇਕ ਮਹੀਨੇ ਵਿਚ ਬੀਤੀ ਰਾਤ ਤੀਜਾ ਕਤਲ ਹੋ ਗਿਆ। ਮ੍ਰਿਤਕ ਦੀ ਪਛਾਣ ਸੰਤੋਸ਼ ਕੁਮਾਰ ਵਾਸੀ ਬਾਬਾ ਜੀਵਨ ਸਿੰਘ ਨਗਰ ਵਜੋਂ ਹੋਈ ਹੈ। ਇਹ ਕਤਲ ਮਾਮੂਲੀ ਝਗੜੇ ਤੋਂ ਬਾਅਦ ਹੋਇਆ ਹੈ, ਜਿਸ ਵਿਚ ਕੁਝ ਵਿਅਕਤੀਆਂ ਨੇ ਘੇਰ ਕੇ ਸੰਤੋਸ਼ ਕੁਮਾਰ ਇੰਨੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਕਿ ਉਸ ਦੀ ਮੌਤ ਹੋ ਗਈ। ਕੁੱਟਮਾਰ ਤੋਂ ਬਾਅਦ ਗੰਭੀਰ ਹਾਲਤ ਵਿਚ ਸੰਤੋਸ਼ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਮਾਮਲੇ ਵਿਚ ਥਾਣਾ ਲਾਹੌਰੀ ਗੇਟ ਦੀ ਪੁਲਸ ਨੇ ਕਾਰਵਾਈ ਕਰਦਿਆਂ ਚਾਰ ਵਿਅਕਤੀਆਂ ਖ਼?ਲਾਫ ਕਤਲ ਦਾ ਕੇਸ ਦਰਜ ਕੀਤਾ ਹੈ।

## ਪੰਜਾਬ ਵਿਚ ਇਕ ਹੋਰ ਛੁੱਟੀ ਦਾ ਐਲਾਨ

ਚੰਡੀਗੜ੍ਹ 24 ਅਪ੍ਰੈਲ। ਪੰਜਾਬ ਸਰਕਾਰ ਨੇ ਮੰਗਲਵਾਰ 29 ਅਪ੍ਰੈਲ, 2025 ਨੂੰ ਛੁੱਟੀ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਨੇ ਭਗਵਾਨ ਪਰਸ਼ੂ ਰਾਮ ਜਯੰਤੀ ਦੇ ਮੱਦੇਨਜ਼ਰ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਹੈ। ਇਸ ਦਿਨ ਸਾਰੇ ਵਿਦਿਅਕ ਅਦਾਰੇ, ਸਰਕਾਰੀ ਦਫ਼ਤਰ ਬੰਦ ਰਹਿਣਗੇ। ਇਹ ਧਿਆਨ ਦੇਣ ਯੋਗ ਹੈ ਕਿ ਅਪ੍ਰੈਲ ਦੇ ਮਹੀਨੇ ਵਿਚ ਬਹੁਤ ਸਾਰੀਆਂ ਗਜ਼ਟਿਡ ਛੁੱਟੀਆਂ ਹੁੰਦੀਆਂ ਹਨ। ਇਸ ਮਹੀਨੇ ਹੁਣ ਤੱਕ 6 ਅਪ੍ਰੈਲ ਨੂੰ ਰਾਮ ਨੌਮੀ, 8 ਅਪ੍ਰੈਲ ਨੂੰ ਸ੍ਰੀ ਗੁਰੂ ਨਾਭਾ ਦਾਸ ਜੀ ਦਾ ਜਨਮ ਦਿਨ, 10 ਅਪ੍ਰੈਲ ਨੂੰ ਮਹਾਂਵੀਰ ਜਯੰਤੀ, 13 ਅਪ੍ਰੈਲ ਨੂੰ ਵੈਸਾਖੀ, 14 ਅਪ੍ਰੈਲ ਨੂੰ ਡਾ. ਬੀ.ਆਰ. ਅੰਬੇਡਕਰ ਦਾ ਜਨਮ ਦਿਨ ਅਤੇ 18 ਅਪ੍ਰੈਲ ਨੂੰ ਗੁੱਡ ਫਰਾਈਡੇ ਦੀ ਛੁੱਟੀ ਹੋ ਚੁੱਕੀ ਹੈ। ਜਦਕਿ ਹੁਣ ਫਿਰ 29 ਅਪ੍ਰੈਲ ਮੰਗਲਵਾਰ ਦੀ ਸਰਕਾਰੀ ਛੁੱਟੀ ਆ ਰਹੀ ਹੈ।

# ਪੰਜਾਬ ਵਾਸੀਆਂ ਲਈ ਖ਼ਤਰੇ ਦੀ ਘੰਟੀ, ਹੋਸ਼ ਉਡਾ ਦੇਵੇਗੀ ਇਹ ਘਟਨਾ

ਮੋਗਾ 24 ਅਪ੍ਰੈਲ। ਮੋਗਾ ਸ਼ਹਿਰ ਦੇ ਆਰੀਆ ਸਕੂਲ ਰੋਡ ਤੋਂ ਐਤਵਾਰ ਦੁਪਹਿਰ ਨੂੰ ਇਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਦੁਪਹਿਰ ਕਰੀਬ ਢਾਈ ਵਜੇ ਇਕ ਕਾਸਮੈਟਿਕ ਦੁਕਾਨ ਵਿਚ ਇਕੱਲੀ ਬੈਠੀ ਔਰਤ ਨੂੰ ਹਿਪਨੋਟਾਈਜ਼ ਕਰਕੇ ਲੁਟੇਰਿਆਂ ਨੇ ਕੁਝ ਮਿੰਟਾਂ ਵਿਚ ਹੀ ਲੱਖਾਂ ਰੁਪਏ ਦੀਆਂ ਤਿੰਨ ਸੋਨੇ ਦੀਆਂ ਮੁੰਦਰੀਆਂ ਚੋਰੀ ਕਰ ਲਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਇਹ ਸਾਰੀ ਘਟਨਾ ਦੁਕਾਨ ਵਿਚ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਹੈ। ਪੀੜਤ ਔਰਤ ਦੇ ਪੁੱਤਰ ਅਜੇ ਕੁਮਾਰ ਨੇ ਦੱਸਿਆ ਕਿ ਉਹ ਆਪਣੀ ਮਾਂ ਨੀਲਮ ਨੂੰ ਦੁਕਾਨ 'ਤੇ ਛੱਡ ਗਿਆ ਸੀ ਅਤੇ ਖੁਦ ਖਾਣਾ ਖਾਣ ਲਈ ਘਰ ਗਿਆ ਸੀ। ਇਸ ਦੌਰਾਨ ਤਿੰਨ ਲੋਕ ਜਿਨ੍ਹਾਂ ਵਿਚ ਇੱਕ ਔਰਤ ਵੀ ਸ਼ਾਮਲ ਸੀ ਮੋਟਰਸਾਈਕਲ 'ਤੇ ਆਏ ਅਤੇ ਦੁਕਾਨ ਵਿਚ ਦਾਖਲ ਹੋਏ। ਅੰਦਰ ਆਉਂਦੇ ਹੀ ਉਸਨੇ ਮੋਗਾ ਦੇ ਰਾਧਾ ਸੁਆਮੀ ਡੇਰੇ ਬਾਰੇ



ਪੁੱਛਗਿੱਛ ਕੀਤੀ। ਫਿਰ ਗੱਲਬਾਤ ਦੌਰਾਨ ਔਰਤ ਨੇ ਡਰਾਉਣਾ ਸ਼ੁਰੂ ਕਰ ਦਿੱਤਾ ਅਤੇ ਮਾਂ ਨੂੰ ਕਿਹਾ ਕਿ ਉਸਦੇ ਪਰਿਵਾਰ 'ਤੇ ਕੁਝ ਬੁਰਾ ਸਮਾਂ ਆਉਣ ਵਾਲਾ ਹੈ। ਲੁਟੇਰਿਆਂ ਨੇ ਕਥਿਤ ਤੌਰ 'ਤੇ ਉਸ ਨੂੰ ਹਿਪਨੋਟਾਈਜ਼ ਕੀਤਾ ਅਤੇ ਉਸਨੂੰ ਤਿੰਨ ਸੋਨੇ ਦੀਆਂ ਮੁੰਦਰੀਆਂ ਇਕ ਚਿੱਟੇ ਕੱਪੜੇ ਵਿਚ ਬੰਨ੍ਹਣ ਲਈ ਕਿਹਾ। ਕੱਪੜੇ ਵਿਚ ਬੰਨ੍ਹਣ ਤੋਂ ਬਾਅਦ, ਉਨ੍ਹਾਂ ਨੇ ਮੁੰਦਰੀਆਂ ਦੀ ਥਾਂ ਹਰਾ ਘਾਹ ਬੰਨ੍ਹ ਦਿੱਤਾ ਅਤੇ ਮੌਕੇ ਤੋਂ ਭੱਜ ਗਏ। ਜਦੋਂ ਉਸ ਦੀ ਮਾਂ ਨੂੰ ਹੋਸ਼ ਆਇਆ ਅਤੇ ਉਸਨੇ ਕੱਪੜਾ ਖੋਲ੍ਹਿਆ ਤਾਂ ਉਸ ਅੰਦਰ ਸੋਨੇ ਦੀਆਂ ਮੁੰਦਰੀਆਂ ਦੀ ਥਾਂ ਘਾਹ ਦੇਖ ਕੇ ਹੈਰਾਨ ਰਹਿ ਗਈ। ਇਸ ਉਪਰੰਤ ਪਰਿਵਾਰ ਨੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਅਤੇ ਪੁਲਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਈ। ਪੀੜਤ ਪੱਖ ਦਾ ਕਹਿਣਾ ਹੈ ਕਿ ਇਸ ਘਟਨਾ ਵਿਚ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਫਿਲਹਾਲ ਪੁਲਸ ਸੀ. ਸੀ. ਟੀ. ਵੀ. ਫੁਟੇਜ ਦੇ ਆਧਾਰ 'ਤੇ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ।

# ਹਿਆਤਪੁਰ ਦੀ ਪੰਚਾਇਤ ਨੇ ਵੱਡੀ ਤਾਦਾਦ 'ਚ ਖੈਰ ਸਕੈਂਡਲ ਕੀਤਾ ਬੇਨਕਾਬ !

ਨੂਰਪੁਰਬੇਦੀ, 24 ਅਪ੍ਰੈਲ। ਬੀਤੀ ਰਾਤ ਇਲਾਕੇ ਦੇ ਪਿੰਡ ਹਿਆਤਪੁਰ ਦੇ ਜੰਗਲਾਂ 'ਚੋਂ ਵੱਡੀ ਤਦਾਦ 'ਚ ਕੱਟ ਕੇ ਖੁਰਦ-ਬੁਰਦ ਕਰਨ ਦੀ ਨੀਅਤ ਨਾਲ ਡੰਪ ਕੀਤੀ ਹੋਈ ਖੈਰ ਦੀ ਬੇਸ਼ਕੀਮਤੀ ਲੱਕੜ ਨੂੰ ਗ੍ਰਾਮ ਪੰਚਾਇਤ ਵੱਲੋਂ ਆਪਣੇ ਕਬਜ਼ੇ 'ਚ ਲੈ ਕੇ ਖੈਰ ਮਾਫੀਆ ਦਾ ਵੱਡਾ ਸਕੈਂਡਲ ਬੇਨਕਾਬ ਕੀਤਾ ਹੈ। ਇਸ ਪੂਰੀ ਘਟਨਾ ਸਬੰਧੀ ਪਿੰਡ ਹਿਆਤਪੁਰ ਦੀ ਮੌਜੂਦਾ ਸਰਪੰਚ ਦੇ ਲੜਕੇ ਤੇ ਸਾਬਕਾ ਸਰਪੰਚ ਪਰਮਿੰਦਰ ਸਿੰਘ, ਨੰਬਰਦਾਰ ਅਜੇ ਰਾਣਾ ਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪਿੰਡ ਦੇ ਭੱਠੇ ਲਾਗੇ ਕਰੀਬ 150 ਤੋਂ 200 ਕੁਇੰਟਲ ਖੈਰ ਦੇ ਵੱਢੇ ਗਏ ਦਰੱਖਤਾਂ ਨੂੰ ਪੰਚਾਇਤ ਵੱਲੋਂ ਆਪਣੇ ਕਬਜ਼ੇ 'ਚ ਲਿਆ ਗਿਆ ਹੈ। ਜਦਕਿ ਬੀਤੇ ਕਈ ਦਿਨਾਂ ਤੋਂ ਪੰਚਾਇਤ ਦੇ ਜੰਗਲਾਂ 'ਚ ਖੈਰ ਦੀ ਨਾਜਾਇਜ਼ ਕਟਾਈ ਕਰਨ ਵਾਲਿਆਂ ''ਤੇ ਉਨ੍ਹਾਂ ਵੱਲੋਂ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਪਿੰਡ ਦੇ ਪੰਚਾਇਤੀ ਰਕਬੇ ਦੇ ਨਾਲ ਕੁਝ ਵਿਅਕਤੀਆਂ ਵੱਲੋਂ ਆਪਣੀ ਨਿੱਜੀ ਮਲਕੀਅਤ 'ਚੋਂ ਕਈ ਦਿਨਾਂ ਤੋਂ ਖੈਰ ਕੱਟੀ ਜਾ ਰਹੀ ਸੀ। ਜਦਕਿ ਕੁਝ ਦਿਨ ਪਹਿਲਾਂ ਡੀ.ਐੱਫ.ਓ. ਰੂਪਨਗਰ ਵੱਲੋਂ ਅਗਜਨੀ ਦਾ ਮੌਸਮ ਹੋਣ ਦੇ ਚੱਲਦਿਆਂ ਹਰ ਪ੍ਰਕਾਰ ਦੀ ਕਟਾਈ ''ਤੇ ਰੋਕ ਲਗਾਈ ਹੋਈ ਸੀ। ਉਨ੍ਹਾਂ ਕਿਹਾ ਕਿ ਸਾਨੂੰ ਖਦਸ਼ਾ ਸੀ ਕਿ ਉਪਰੋਕਤ ਵਿਅਕਤੀਆਂ ਵੱਲੋਂ ਪੰਚਾਇਤੀ ਰਕਬੇ 'ਚੋਂ ਵੀ ਕਟਾਈ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਜਿਸ ਦੇ ਤਹਿਤ ਉਹ ਇਸ ਸਭ ''ਤੇ ਨਿਗਰਾਨੀ ਰੱਖ ਰਹੇ ਸਨ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਵੱਲੋਂ ਸਾਡੇ ਪੰਚਾਇਤੀ ਰਕਬੇ 'ਚੋਂ ਵੱਡੇ ਪੱਧਰ ''ਤੇ ਖੈਰ ਦੇ ਦਰੱਖਤਾਂ ਦੀਆਂ ਜੜ੍ਹਾਂ ਪਟਾਉਣ ਤੇ ਕਟਾਉਣ ਦਾ ਵੀ ਪਤਾ ਚੱਲਿਆ ਹੈ ਅਤੇ ਉਕਤ ਕੱਟੀ ਹੋਈ ਲੱਕੜ ਪਿੰਡ ਦੇ ਇਕ ਭੱਠੇ ਲਾਗੇ ਸਟੋਰ ਕੀਤੀ ਗਈ ਹੈ। ਜਦੋਂ ਉਥੋਂ ਕੁਝ ਵਿਅਕਤੀ ਕਰੀਬ 150 ਤੋਂ 200 ਕੁਇੰਟਲ ਖੈਰ ਦੇ ਦਰਖਤਾਂ ਨੂੰ ਮੌਕੇ ਤੋਂ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਸਾਬਕਾ ਸਰਪੰਚ ਵੱਲੋਂ ਪੰਚਾਇਤ ਨੂੰ ਨਾਲ ਲੈ ਕੇ ਅਤੇ ਮੌਕੇ ''ਤੇ ਪਹੁੰਚ ਕੇ ਇਸ ਕਾਰਵਾਈ ਨੂੰ ਰੋਕ ਦਿੱਤਾ ਗਿਆ। ਸਾਬਕਾ ਸਰਪੰਚ ਪਰਮਿੰਦਰ ਸਿੰਘ ਨੇ ਦੱਸਿਆ ਕਿ ਸ਼ੁਕਰਵਾਰ ਨੂੰ ਪਿੰਡ ਦੀ ਪੰਚਾਇਤ ਤੇ ਪਤਵੰਤੇ ਸੱਜਣਾਂ ਨੇ ਮੁੜ ਹਿਆਤਪੁਰ ਪਿੰਡ ਦੇ ਪੰਚਾਇਤੀ ਜੰਗਲ ਦੇ ਰਕਬੇ 'ਚ ਮਹਿਕਮੇ ਦੇ ਕਰਮਚਾਰੀਆਂ ਨਾਲ ਮਿਲ ਕੇ ਛਾਣਬੀਣ ਕੀਤੀ ਤਾਂ ਪਹਿਲੇ ਦਿਨ ਉਨ੍ਹਾਂ ਨੂੰ 65 ਦਰਖਤਾਂ ਦਾ ਜੜ ਮੁੱਢੋਂ ਪੁੱਟ ਤੇ ਕੱਟਣ ਦਾ ਪਤਾ ਚੱਲਿਆ। ਜਿਸਦੀ ਪੰਚਾਇਤ ਵੱਲੋਂ ਬਕਾਇਦਾ ਵੀਡੀਓਗ੍ਰਾਫੀ ਵੀ ਕੀਤੀ ਗਈ। ਪਿੰਡ ਵਾਸੀਆਂ ਨੇ ਕਿਹਾ ਕਿ ਇਹ ਸਾਰਾ ਕੁਝ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਰ ਹੁਣ ਤੱਕ ਖੈਰ ਮਾਫੀਆ ''ਤੇ ਕੋਈ ਵੀ ਸਖਤ ਕਾਰਵਾਈ ਕਰਨ 'ਚ ਵਿਭਾਗ ਨਾਕਾਮ ਰਿਹਾ ਹੈ। ਇਸ ਮੌਕੇ ਪਿੰਡ ਵਾਸੀਆਂ ਦੇ ਸੱਦੇ ''ਤੇ ਪਹੁੰਚੇ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਵੀ ਤੇ ਲੰਬੇ ਸਮੇਂ ਤੋਂ ਨੂਰਪੁਰਬੇਦੀ-ਭੱਦੀ ਮਾਰਗ ''ਤੇ ਖੈਰ ਮਾਫੀਆ ਵੱਲੋਂ ਵੱਡੇ ਪੱਧਰ ''ਤੇ ਖੈਰ ਦੀ ਤਸਕਰੀ ਕੀਤੀ ਜਾ ਰਹੀ ਹੈ। ਇਸ ਤਾਜ਼ਾ ਮਾਮਲੇ 'ਚ ਭਾਰੀ ਤਾਦਾਦ 'ਚ ਕਾਬੂ ਕੀਤੀ ਗਈ ਖੈਰ ਸਮੁੱਚੀ ਗੈਰ ਕਾਨੂੰਨੀ ਕਟਾਈ ਦੀ ਤਸਵੀਰ ਪੇਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਜੰਗਲਾਤ ਮਹਿਕਮੇ ਦੇ ਕੁਝ ਕਰਮਚਾਰੀ ਬੇਸ਼ੱਕ ਜੰਗਲ 'ਚ ਖੈਰ ਮਾਫੀਆ ਨੂੰ ਕਾਬੂ ਕਰਨ ਲਈ ਜਦੋਜਹਿਦ ਕਰਦੇ ਨਜ਼ਰ ਆਉਂਦੇ ਹਨ ਪਰ ਵੱਡੇ ਅਧਿਕਾਰੀ ਮਸਲੇ ਵੱਲ ਜਿਆਦਾ ਧਿਆਨ ਨਹੀਂ



ਦੇ ਰਹੇ ਹਨ। ਕਿਉਂਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਲਾਗਲੇ ਪਿੰਡਾਂ ਦੇ ਪੰਚਾਇਤੀ ਰਕਬੇ 'ਚੋਂ ਵੱਡੇ ਪੱਧਰ ''ਤੇ ਖੈਰ ਦੇ ਦਰਖਤਾਂ ਨੂੰ ਜੜ੍ਹੋਂ ਪੁੱਟਣ ਦਾ ਮਾਮਲਾ ਉਜਾਗਰ ਕੀਤਾ ਸੀ। ਜਿਸ ਕਰਕੇ ਮਹਿਕਮੇ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਨੂੰ ਅੰਜਾਮ ਦਿੰਦਿਆਂ ਇਸ ਸਕੈਂਡਲ ਨੂੰ ਬੇਨਕਾਬ ਕਰਨਾ ਚਾਹੀਦਾ ਹੈ। ਇਸ ਲਈ ਉਹ ਇਸ ਪੂਰੇ ਮਾਮਲੇ ਦੀ ਪੰਜਾਬ ਵਿਜੀਲੈਂਸ ਅਤੇ ਕੇਂਦਰ ਦੀ ਈ.ਡੀ. ਏਜੰਸੀ ਤੋਂ ਉਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਕਰਦੇ ਹਨ। ਇਸ ਸਬੰਧੀ ਨੂਰਪੁਰਬੇਦੀ ਦੇ ਵਣ ਰੇਂਜ ਅਧਿਕਾਰੀ ਸੁਖਬੀਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕਿਸੀ ਵਿਅਕਤੀ ਵੱਲੋਂ ਲਾਗਲੀ ਜਮੀਨ 'ਚ ਕੀਤੀ ਜਾ ਰਹੀ ਖੁੱਲ੍ਹੀ ਕਟਾਈ ਦੀ ਆੜ 'ਚ ਪੰਚਾਇਤੀ ਜੰਗਲ 'ਚੋਂ ਨਾਜਾਇਜ਼ ਖੈਰ ਦੀ ਕਟਾਈ ਕੀਤੀ ਗਈ ਹੈ। ਜਿਸ ਸਬੰਧੀ 31 ਮਾਰਚ ਨੂੰ ਬਾਕਾਇਦਾ ਕਟਾਈ ਰੁਕਵਾ ਦਿੱਤੀ ਗਈ ਸੀ। ਮਗਰ ਪੰਚਾਇਤੀ ਜੰਗਲ 'ਚੋਂ ਉਕਤ ਕਟਾਈ ਕੀਤੇ ਜਾਣ ਦੀ ਪੰਚਾਇਤ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਵਿਭਾਗ ਨੇ ਕਾਰਵਾਈ ਕਰਦਿਆਂ ਉਕਤ ਕੱਟੀ ਹੋਈ ਲੱਕੜ ਅਤੇ ਮੌਕੇ ''ਤੋਂ ਕਟਾਈ ਕਰਨ ਵਾਲੇ ਵਿਅਕਤੀਆਂ ਦੇ ਬਰਾਮਦ ਕੀਤੇ ਗਏ 2 ਮੋਟਰਸਾਈਕਲਾਂ ਨੂੰ ਬਾਕਾਇਦਾ 16 ਮਾਰਚ ਨੂੰ ਪੰਚਾਇਤ ਦੇ ਹਵਾਲੇ ਕਰ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਅੱਜ ਪੰਚਾਇਤ ਨਾਲ ਮਿਲ ਕੇ ਉਕਤ ਜੰਗਲ 'ਚ ਕੀਤੀ ਗਈ ਕਟਾਈ ਨੂੰ ਦੇਖਿਆ ਗਿਆ। ਜਿਸਦ ਦੌਰਾਨ ਪਾਇਆ ਕਿ ਕੱਟੇ ਗਏ 65 ਖੈਰ ਦੇ ਦਰੱਖਤਾਂ 'ਚੋਂ 46 ਦਰੱਖਤ ਤਾਜੇ ਕੱਟੇ ਗਏ ਹਨ। ਜਦਕਿ 16 ਪਹਿਲਾਂ ਕੱਟੇ ਗਏ ਦਰੱਖਤਾਂ ਦੇ ਨਿਸ਼ਾਨ ਸਨ। ਉਨ੍ਹਾਂ ਆਖਿਆ ਕਿ ਵਿਭਾਗ ਵੱਲੋਂ ਪੰਚਾਇਤੀ ਜਮੀਨ 'ਚੋਂ ਨਾਜਾਇਜ਼ ਕਟਾਈ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੇ ਜਾਣ ਨੂੰ ਲੈ ਕੇ ਅੱਜ ਨੂਰਪੁਰਬੇਦੀ ਥਾਣੇ ਵਿਖੇ ਸ਼ਿਕਾਇਤ ਕੀਤੀ ਗਈ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪਿੰਡ ਖੋਖਰ 'ਚ ਦੋ ਏਕੜ ਫ਼ਸਲ ਤੇ ਸਾਢੇ ਚਾਰ ਏਕੜ ਨਾੜ ਸੜ ਕੇ ਹੋਇਆ ਸਵਾਹ

ਗੁਰਦਾਸਪੁਰ, 24 ਅਪ੍ਰੈਲ। ਦੇਰ ਸ਼ਾਮ ਪਿੰਡ ਖੋਖਰ ਵਿਖੇ ਨਾੜ ਤੋਂ ਸ਼ੁਰੂ ਹੋਈ ਅੱਗ ਭੜਕ ਗਈ ਅਤੇ ਦੇਖਦੇ ਹੀ ਦੇਖਦੇ ਉਸਨੇ ਨੇੜੇ ਖੜੀ ਕਣਕ ਦੀ ਪੂਰੀ ਤਰ੍ਹਾਂ ਨਾਲ ਪੱਕੀ ਫਸਲ ਨੂੰ ਵੀ ਲਪੇਟ 'ਚ ਲੈ ਲਿਆ। ਹਾਲਾਂਕਿ ਅੱਗ ਦੇ ਕਾਰਨਾਂ ਦਾ ਤਾਂ ਪਤਾ ਨਹੀਂ ਲੱਗਿਆ ਪਰ ਪਿੰਡ ਵਿਚ ਜਿਹਨੂੰ-ਜਿਹਨੂੰ ਪਤਾ ਲੱਗਦਾ ਗਿਆ ਉਹ ਖੇਤਾਂ ਵੱਲ ਦੌੜਦਾ ਗਿਆ। ਕਿਸੇ ਨੇ ਬਾਲਟੀਆਂ ਭਰ-ਭਰ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਕੋਈ ਟਰੈਕਟਰ ਪਿੱਛੇ ਹੱਲ ਤੇ ਕੋਈ ਤਵੇ ਪਾ ਕੇ ਲੈ ਆਇਆ ਤੇ ਅੱਗ ਦੇ ਵਿੱਚ ਵਣ ਕੇ ਵਾਹੁਣਾ ਸ਼ੁਰੂ ਕਰ ਦਿੱਤਾ। ਕੁਝ ਹੀ ਦੇਰ ਬਾਅਦ ਗੁਰਦਾਸਪੁਰ ਤੋਂ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਵੀ ਮੌਕੇ 'ਤੇ ਪਹੁੰਚੀਆਂ ਤੇ ਅੱਗ ਨੂੰ ਜ਼ਿਆਦਾ ਫੈਲਣ ਤੋਂ ਰੋਕਣ 'ਚ ਕਾਮਯਾਬੀ ਹਾਸਲ ਹੋ ਗਈ। ਪਰ ਫਿਰ ਵੀ ਦੋ ਕਿੱਲੇ ਦੇ ਕਰੀਬ ਕਣਕ ਸੜ ਕੇ ਸਵਾਹ ਹੋ ਗਈ ਸੀ ਜਦਕਿ ਸਾਢੇ ਚਾਰ ਕਿੱਲੇ ਦੇ ਕਰੀਬ ਨਾੜ ਵੀ ਸੜ ਕੇ ਸੁਆਹ ਹੋ ਗਿਆ ਜਿਸ ਤੋਂ ਤੂੜੀ ਬਣਨੀ ਸੀ। ਪਿੰਡ ਦੇ ਸਰਪੰਚ ਹਰਜੀਤ ਸਿੰਘ ਦਾ ਕਹਿਣਾ ਹੈ ਕਿ ਪੀੜਤ ਕਿਸਾਨ ਸੰਤੋਖ ਸਿੰਘ ਢਾਈ ਕਿੱਲੇ ਜ਼ਮੀਨ ਦਾ ਮਾਲਕ ਹੈ, ਜਿਸ ਵਿੱਚੋਂ ਦੋ ਕਿੱਲੇ ਦੇ ਕਰੀਬ ਕਣਕ ਪੂਰੀ ਤਰ੍ਹਾਂ ਨਾਲ ਸੜ ਗਈ ਹੈ ਅਤੇ ਉਸ ਦਾ ਟਰੈਕਟਰ ਅਤੇ ਉਹ ਆਪ ਵੀ ਬਾਕੀ ਦੀ ਕਣਕ ਨੂੰ ਬਚਾਉਣ ਦੇ ਬਚਾਉਂਦੇ ਮਸਾ ਸੜਨੋਂ ਬਚਿਆ ਹੈ। ਮੌਕੇ 'ਤੇ ਪਟਵਾਰੀ ਜਾਇਜ਼ਾ ਲੈਣ ਪਹੁੰਚੇ ਸੀ। ਪੀੜਤ ਕਿਸਾਨ ਨੂੰ ਨੁਕਸਾਨ ਦਾ ਯੋਗ ਮੁਆਵਜ਼ਾ ਮਿਲਣਾ ਚਾਹੀਦਾ ਹੈ।

# ਪੰਜਾਬ ਵਿਚ ਐਨਰਜੀ ਡਰਿੰਕਸ ਬੈਨ ! ਵੱਡਾ ਕਦਮ ਚੁੱਕਣ ਜਾ ਰਹੀ ਪੰਜਾਬ ਸਰਕਾਰ

ਚੰਡੀਗੜ੍ਹ 24 ਅਪ੍ਰੈਲ। ਪੰਜਾਬ ਸਰਕਾਰ ਸੂਬੇ ਦੇ ਸਕੂਲਾਂ ਅਤੇ ਨੇੜਲੇ ਇਲਾਕੇ 'ਚ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਜਾ ਰਹੀ ਹੈ, ਇਹ ਹੁਕਮ ਇਸੇ ਹਫ਼ਤੇ ਲਾਗੂ ਹੋ ਸਕਦੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਮਨੁੱਖੀ ਸਿਹਤ ਉੱਤੇ ਐਨਰਜੀ ਡਰਿੰਕਸ ਦੇ ਪ੍ਰਭਾਵ ਬਾਰੇ ਸਰਕਾਰ ਸਰਵੇਖਣ ਕਰਵਾਉਣ ਜਾ ਰਹੀ ਹੈ। ਇਹ ਵੀ ਆਖਿਆ ਜਾ ਰਿਹਾ ਹੈ ਕਿ ਸਰਕਾਰ ਸਕੂਲਾਂ ਤੇ ਆਲੇ-ਦੁਆਲੇ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਗਾਉਣ ਲਈ ਨੋਟੀਫਿਕੇਸ਼ਨ ਜਲਦੀ ਹੀ ਜਾਰੀ ਕਰੇਗੀ। ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਬੀਤੇ ਵਰ੍ਹੇ ਐਨਰਜੀ ਡਰਿੰਕਸ 'ਤੇ ਪਾਬੰਦੀ ਲਗਾ ਚੁੱਕੀ ਹੈ, ਜਦਕਿ ਹੁਣ ਪੰਜਾਬ ਸਰਕਾਰ ਵੀ ਇਸ ਪਾਸੇ ਗੰਭੀਰ ਕਦਮ ਚੁੱਕ ਸਕਦੀ ਹੈ। ਸੂਤਰਾਂ ਮੁਤਾਬਕ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਿਟੀ ਆਫ ਇੰਡੀਆ ਸਕੂਲਾਂ ਦੀਆਂ ਕੰਟੀਨਾਂ ਅਤੇ ਨਾਲ ਹੀ ਸਕੂਲਾਂ ਦੇ 500 ਮੀਟਰ ਦੇ ਦਾਇਰੇ ਵਿਚ ਪੈਂਦੀਆਂ ਦੁਕਾਨਾਂ ਵਿਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਹਰ ਤਰ੍ਹਾਂ ਦੇ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕਰੇਗੀ। ਕੌਮਾਂਤਰੀ ਬਾਜ਼ਾਰ 'ਚ ਐਨਰਜੀ ਡਰਿੰਕ 100 ਰੁਪਏ ਤੱਕ ਉਪਲੱਬਧ ਹੈ ਜਦੋਂਕਿ ਸਥਾਨਕ ਮਾਰਕਿਟ 'ਚ 40 ਤੋਂ 60 ਰੁਪਏ ਵਿਚ ਮਿਲ ਜਾਂਦਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਯੁੱਧ ਸ਼ੁਰੂ ਕੀਤਾ ਹੋਇਆ ਹੈ ਅਤੇ ਇਸੇ ਕੜੀ 'ਚ ਇਸ



ਫ਼ੈਸਲੇ ਨੂੰ ਦੇਖਿਆ ਜਾ ਰਿਹਾ ਹੈ। ਉਂਝ ਪੰਜਾਬ ਵਿਚ ਰੋਜ਼ਾਨਾ ਔਸਤਨ 35 ਕਰੋੜ ਰੁਪਏ ਡਰਿੰਕਸ, ਜੂਸ ਅਤੇ ਪੀਣ ਵਾਲੇ ਪਾਣੀ 'ਤੇ ਖ਼ਰਚੇ ਜਾਂਦੇ ਹਨ ਜਿਸ ਵਿਚ ਇਕ ਛੋਟਾ ਹਿੱਸਾ ਐਨਰਜੀ ਡਰਿੰਕਸ ਦਾ ਵੀ ਹੈ। ਸਾਲ 2023-24 ਵਿਚ ਪੰਜਾਬ 'ਚ 12,680 ਕਰੋੜ ਦੇ ਡਰਿੰਕਸ, ਜੂਸ ਤੇ ਪੀਣ ਵਾਲਾ ਪਾਣੀ ਵਿਕਿਆ ਹੈ। ਮਾਹਿਰਾਂ ਮੁਤਾਬਕ ਐਨਰਜੀ ਡਰਿੰਕਸ ਦੀ ਮਸ਼ਹੂਰੀ ਤੋਂ ਨਵੀਂ ਪੀੜ੍ਹੀ ਕਾਫ਼ੀ ਪ੍ਰਭਾਵਿਤ ਹੁੰਦੀ ਹੈ ਜਿਸ ਵਜੋਂ ਪੰਜਾਬ 'ਚ ਇਸ ਦੀ ਖਪਤ ਵਧਣ ਲੱਗੀ ਹੈ। ਦੂਜੇ ਪਾਸੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜ਼ਿਆਦਾ ਕੈਫ਼ੀਨ ਵਾਲੇ ਇਨ੍ਹਾਂ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਾਉਣ 'ਤੇ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ। ਇਸ ਫ਼ੈਸਲੇ ਤੋਂ ਪਹਿਲਾਂ ਸਰਕਾਰ ਨੇ ਕਾਨੂੰਨੀ ਮਸ਼ਵਰਾ ਵੀ ਲਿਆ ਹੈ ਅਤੇ ਇਸ ਦੇ ਕਾਨੂੰਨੀ ਪੱਖ ਵੀ ਜਾਂਚੇ ਗਏ ਹਨ। ਇਨ੍ਹਾਂ ਪੀਣ ਵਾਲੇ ਪਦਾਰਥਾਂ ਵਿੱਚ ਕਥਿਤ ਤੌਰ 'ਤੇ ਸਾਫ਼ਟ ਡਰਿੰਕਸ ਵਿਚ ਮੌਜੂਦ ਕੈਫ਼ੀਨ ਨਾਲੋਂ ਤਿੰਨ ਗੁਣਾ ਵੱਧ ਕੈਫ਼ੀਨ ਹੁੰਦੀ ਹੈ। ਪਤਾ ਲੱਗਿਆ ਹੈ ਕਿ ਸਿਹਤ ਵਿਭਾਗ ਸਕੂਲੀ ਬੱਚਿਆਂ ਅਤੇ ਕੰਟੀਨਾਂ ਵਿਚ ਇਕ ਸਰਵੇਖਣ ਵੀ ਕਰੇਗਾ ਤਾਂ ਜੋ ਇਹ ਪਤਾ ਲੱਗ ਸਕੇ ਕਿ ਬਾਜ਼ਾਰ ਵਿਚ ਕਿਹੋ ਜਿਹੇ ਐਨਰਜੀ ਡਰਿੰਕਸ ਉਪਲਬਧ ਹਨ। ਸਿਹਤ ਵਿਭਾਗ ਇਨ੍ਹਾਂ ਐਨਰਜੀ ਡਰਿੰਕਸ 'ਚ ਕੈਫ਼ੀਨ ਦੀ ਮਾਤਰਾ ਦੀ ਵੀ ਜਾਂਚ ਕਰੇਗਾ।

## ਭੀਖ ਮੰਗ ਰਹੇ ਤਿੰਨ ਬੱਚਿਆਂ ਨੂੰ ਫੜ ਕੇ ਕੀਤਾ ਬਾਲ ਸੁਰੱਖਿਆ ਟੀਮ ਹਵਾਲੇ

ਦੀਨਾਨਗਰ 24 ਅਪ੍ਰੈਲ। ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਭੀਖ ਮੰਗਣ ਨੂੰ ਰੋਕਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੇ ਹਿੱਸੇ ਵਜੋਂ ਐੱਸ. ਡੀ. ਐੱਮ. ਜਸਵਿੰਦਰ ਸਿੰਘ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ ਦੇ ਨਿਰਦੇਸ਼ਾਂ 'ਤੇ ਸੁਸ਼ੀਲ ਕੁਮਾਰ ਕੌਂਸਲਰ ਦੀ ਅਗਵਾਈ ਹੇਠ ਬਣਾਈ ਗਈ ਇਕ ਟੀਮ ਨੇ ਦੀਨਾਨਗਰ 'ਚ ਦੁਕਾਨਾਂ, ਬਾਜ਼ਾਰ ਅਤੇ ਬੱਸ ਸਟੈਂਡ 'ਤੇ ਛਾਪੇਮਾਰੀ ਕੀਤੀ ਅਤੇ ਬੱਸ ਸਟੈਂਡ 'ਤੇ ਭੀਖ ਮੰਗਦੇ ਤਿੰਨ ਬੱਚਿਆਂ ਨੂੰ ਫੜ ਕੇ ਬਾਲ ਸੁਰੱਖਿਆ ਕਮੇਟੀ, ਗੁਰਦਾਸਪੁਰ ਦੇ ਸਾਹਮਣੇ ਪੇਸ਼ ਕੀਤਾ। ਸੁਸ਼ੀਲ ਕੁਮਾਰ ਨੇ ਕਿਹਾ ਕਿ ਸਰਕਾਰ ਨੇ ਬੱਚਿਆਂ ਤੋਂ ਭੀਖ ਮੰਗਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ ਅਤੇ ਭੀਖ ਮੰਗਦੇ ਫੜੇ ਗਏ ਬੱਚਿਆਂ ਨੂੰ ਬਾਲ ਸੁਰੱਖਿਆ ਕਮੇਟੀ ਵੱਲੋਂ ਬਾਲ ਘਰ 'ਚ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੇ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਬਣਾਏ ਜਾਣਗੇ ਅਤੇ ਜੋ ਬੱਚੇ ਪੜ੍ਹਾਈ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਸਕੂਲਾਂ 'ਚ ਦਾਖਲ ਕਰਵਾਇਆ ਜਾਵੇਗਾ। ਹੋਰ ਸਰਕਾਰੀ ਯੋਜਨਾਵਾਂ ਦੇ ਲਾਭ ਵੀ ਪ੍ਰਦਾਨ ਕੀਤੇ ਜਾਣਗੇ। ਇਸ ਛਾਪੇਮਾਰੀ ਟੀਮ 'ਚ ਸ਼ਸ਼ੀ ਬਾਲਾ, ਸ਼ਿਖਾ ਠਾਕੁਰ, ਸ਼ਿਖਾ ਸੁਪਰਵਾਈਜ਼ਰ ਸੀ. ਡੀ. ਪੀ. ਓ. ਦਫ਼ਤਰ, ਸਰਜੀਤ ਕੁਮਾਰ ਸਿੱਖਿਆ ਵਿਭਾਗ, ਹਰਿੰਦਰ ਪਾਲ ਸਿੰਘ ਸਿਹਤ ਵਿਭਾਗ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

# ਬੱਚਿਆਂ ਦੇ ਪਾਠਕ੍ਰਮ ਨੂੰ ਲੈ ਕੇ ਚੁੱਕਿਆ ਜਾ ਰਿਹੈ ਵੱਡਾ ਕਦਮ

ਮੋਹਾਲੀ 23 ਅਪ੍ਰੈਲ। ਸਿਹਤ ਵਿਭਾਗ ਵੱਲੋਂ ਡੇਂਗੂ, ਮਲੇਰੀਆ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਦੀ ਰੋਕਥਾਮ ਲਈ ਨਿਵੇਕਲੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ 'ਚ ਸਰਕਾਰੀ ਸਕੂਲਾਂ ਦੇ ਬੱਚਿਆਂ ਤੇ ਅਧਿਆਪਕਾਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲਾਂ 'ਚ ਜਾ ਕੇ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਅਧਿਆਪਕਾਂ ਤੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 'ਲਿਟਲ ਚੈਂਪੀਅਨਜ਼ ਕੰਪੇਨ' ਨਾਮੀ ਇਸ ਪਹਿਲਕਦਮੀ ਤਹਿਤ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਕੂਲ ਦੀ ਚਾਰਦੀਵਾਰੀ ਅੰਦਰ ਕਿਸੇ ਵੀ ਥਾਂ ਪਾਣੀ ਇਕੱਠਾ ਨਾ ਹੋਣ, ਸਕੂਲਾਂ ਤੇ ਘਰਾਂ



ਅੰਦਰ ਸਾਫ਼-ਸਫ਼ਾਈ ਤੇ ਮੱਛਰ ਦਾ ਲਾਰਵਾ ਪੈਦਾ ਨਾ ਹੋਣ ਦੇ ਤਰੀਕਿਆਂ ਬਾਰੇ ਸਮਝਾਇਆ ਜਾ ਰਿਹਾ ਹੈ। ਡਾ. ਜੈਨ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੰਤਵ ਇਹੋ ਹੈ ਕਿ ਸਕੂਲੀ ਬੱਚੇ ਇਨ੍ਹਾਂ ਬਿਮਾਰੀਆਂ ਬਾਰੇ ਖ਼ੁਦ ਵੀ ਜਾਗਰੂਕ ਹੋਣ ਤੇ ਆਪਣੇ ਮਾਪਿਆਂ, ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਵੀ ਜਾਗਰੂਕ ਕਰਨ। ਇਸ ਤੋਂ ਇਲਾਵਾ, ਬੱਚਿਆਂ ਦੀਆਂ ਪਾਠਕ੍ਰਮ-ਬਾਹਰਲੀਆਂ ਸਰਗਰਮੀਆਂ ਜਿਵੇਂ ਡਰਾਇੰਗ, ਸਵਾਲ-ਜਵਾਬ ਮੁਕਾਬਲੇ, ਪ੍ਰਦਰਸ਼ਨੀਆਂ, ਨੁੱਕੜ-ਨਾਟਕ ਅਤੇ ਗਰਮੀ ਦੀਆਂ ਛੁੱਟੀਆਂ ਦੌਰਾਨ ਸਕੂਲੀ ਕੰਮ ਵਿਚ ਇਨ੍ਹਾਂ ਬੀਮਾਰੀਆਂ ਦੇ ਵਿਸ਼ੇ ਸ਼ਾਮਲ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਡੇਂਗੂ ਦੇ ਸੀਜ਼ਨ ਦੌਰਾਨ ਜਿਹੜੇ ਸਕੂਲ 'ਚ ਡੇਂਗੂ ਬੁਖ਼ਾਰ ਦਾ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ, ਉਸ ਸਕੂਲ ਦੇ ਮੁਖੀ ਤੇ ਹੋਰਨਾਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਸਰਕਾਰੀ ਸਿਹਤ ਸੰਸਥਾਵਾਂ 'ਚ ਡੇਂਗੂ ਦੀ ਜਾਂਚ ਤੇ ਇਲਾਜ ਬਿਲਕੁਲ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੀਮਤਾਂ ਨੇ ਕਢਾਏ ਹੰਝੂ, 1 ਲੱਖ ਰੁਪਏ ਤੋਂ ਵੀ ਜ਼ਿਆਦਾ ਮਹਿੰਗਾ ਹੋ ਗਿਆ 10 ਗ੍ਰਾਮ

ਬਿਜ਼ਨੈੱਸ ਡੈਸਕ 24 ਅਪ੍ਰੈਲ। ਇਸ ਸਾਲ ਸੋਨੇ ਦੀਆਂ ਕੀਮਤਾਂ ਵਿੱਚ ਰਿਕਾਰਡ ਵਾਧਾ ਜਾਰੀ ਹੈ। ਇਹ ਪਹਿਲੀ ਵਾਰ ਹੈ ਜਦੋਂ ਇਸਦੀ ਕੀਮਤ ਇਸ ਪੱਧਰ 'ਤੇ ਪਹੁੰਚੀ ਹੈ। ਜਲੰਧਰ ਸਰਾਫਾ ਐਸੋਸੀਏਸ਼ਨ ਅਨੁਸਾਰ, ਅੱਜ 22 ਅਪ੍ਰੈਲ ਨੂੰ ਜਲੰਧਰ ਵਿੱਚ ਸੋਨੇ ਦੀ ਕੀਮਤ 1 ਲੱਖ ਰੁਪਏ ਨੂੰ ਪਾਰ ਕਰ ਗਈ ਹੈ। 24 ਕੈਰੇਟ ਸੋਨਾ 101,000 ਰੁਪਏ ਪ੍ਰਤੀ 10 ਦੇ ਹਿਸਾਬ ਨਾਲ ਵਿਕ ਰਿਹਾ ਹੈ। 22 ਕੈਰੇਟ ਸੋਨੇ ਦੀ ਕੀਮਤ 93,930 ਰੁਪਏ ਅਤੇ 23 ਕੈਰੇਟ ਸੋਨੇ ਦੀ ਕੀਮਤ 98,480 ਰੁਪਏ ਹੈ। ਚਾਂਦੀ ਦੀ ਗੱਲ ਕਰੀਏ ਤਾਂ ਇਹ 97,400 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਵਿਕ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਤਣਾਅ ਕਾਰਨ ਸੋਨੇ ਦੀਆਂ ਕੀਮਤਾਂ ਵਧ ਰਹੀਆਂ ਹਨ। ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸੋਨੇ ਦੀ ਕੀਮਤ 3,430 ਡਾਲਰ ਪ੍ਰਤੀ ਔਂਸ ਤੱਕ ਪਹੁੰਚ ਗਈ। ਇਹ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ। ਮੰਗਲਵਾਰ ਨੂੰ 'ਤੇ ਸੋਨੇ ਦੀਆਂ ਕੀਮਤਾਂ ਵੀ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਈਆਂ। ਜੂਨ ਦੇ ਫਿਊਚਰਜ਼ ਲਈ ਇਹ 99 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਐਮਸੀਐਕਸ 'ਤੇ ਵੀ ਸੋਨੇ ਦੀ ਕੀਮਤ 99 ਹਜ਼ਾਰ ਰੁਪਏ ਪ੍ਰਤੀ 10 ਗ੍ਰਾਮ ਨੂੰ ਪਾਰ ਕਰ ਗਈ ਹੈ। ਅੱਜ ਸਵੇਰੇ ਇਸਦੀ ਕੀਮਤ ਵਿੱਚ ਵਾਧਾ ਹੋਇਆ। ਸੋਮਵਾਰ ਨੂੰ, ਤੇ ਸੋਨਾ (ਜੂਨ ਫਿਊਚਰਜ਼) 97,279 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ। ਮੰਗਲਵਾਰ ਨੂੰ, ਇਹ 1,474 ਰੁਪਏ ਦੇ ਵਾਧੇ ਨਾਲ 98,753 ਰੁਪਏ 'ਤੇ ਖੁੱਲ੍ਹਿਆ। ਇਸ ਤੋਂ ਬਾਅਦ, ਇਸ ਨੇ ਗਤੀ ਫੜਨੀ ਸ਼ੁਰੂ ਕਰ ਦਿੱਤੀ। ਸਵੇਰੇ 10:15 ਵਜੇ, ਇਹ 98,965 ਰੁਪਏ 'ਤੇ ਵਪਾਰ ਕਰ ਰਿਹਾ ਸੀ।

# ਫਿਰੋਜ਼ਪੁਰ 'ਚ ਅੰਨ੍ਹੇਵਾਹ ਫਾਇਰਿੰਗ ! ਦੋ ਨੌਜਵਾਨਾਂ ਦਾ ਕਤਲ, ਪੁਲਸ ਨੇ ਪੂਰਾ ਜ਼ਿਲ੍ਹਾ ਕਰ'ਤਾ ਸੀਲ

ਫਿਰੋਜ਼ਪੁਰ 24 ਅਪ੍ਰੈਲ। ਅੱਜ ਸ਼ਾਮ ਫਿਰੋਜ਼ਪੁਰ ਸ਼ਹਿਰ ਵਿੱਚ ਹਥਿਆਰਾਂ ਨਾਲ ਲੈਸ 2 ਕਾਤਲਾਂ ਵੱਲੋਂ ਮੈਗਜ਼ੀਨ ਗੇਟ ਅਤੇ ਮਨਜੀਤ ਪੈਲੇਸ ਗਲੀ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਉਂਦੇ ਦੋ ਨੌਜਵਾਨਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕਾਂ ਵਿੱਚੋਂ ਇੱਕ ਦੀ ਪਛਾਣ ਰਿਸ਼ਭ ਉਮਰ ਲਗਭਗ 25 ਸਾਲ ਵਾਸੀ ਬਸਤੀ ਭੱਟੀਆਂ ਵਾਲੀ, ਫਿਰੋਜ਼ਪੁਰ ਸ਼ਹਿਰ ਵਜੋਂ ਹੋਈ ਹੈ, ਜਦੋਂ ਕਿ ਦੂਜੇ ਮ੍ਰਿਤਕ ਦੀ ਪਛਾਣ ਕੀਤੀ ਜਾ ਰਹੀ ਹੈ। ਪਰਿਵਾਰ ਦੇ ਅਨੁਸਾਰ ਮ੍ਰਿਤਕ ਰਿਸ਼ਭ ਹਲਵਾਈਆਂ ਨਾਲ ਕੰਮ ਕਰਦਾ ਸੀ ਅਤੇ ਅੱਜ ਉਹ ਆਪਣੀ ਖਰਾਬ ਹੋਈ ਐਲਈਡੀ ਠੀਕ ਕਰਵਾਉਣ ਲਈ ਮੈਗਜ਼ੀਨ ਗੇਟ ਫਿਰੋਜ਼ਪੁਰ ਸ਼ਹਿਰ ਦੇ ਅੰਦਰ ਸਥਿਤ ਗਗਨ ਐਂਟਰਪ੍ਰਾਈਜ਼ਿਜ਼ 'ਤੇ ਆਇਆ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਉਹ ਦੁਕਾਨ ਵਿੱਚ ਖੜ੍ਹਾ ਹੋ ਕੇ ਦੁਕਾਨਦਾਰ ਨਾਲ ਗੱਲ ਕਰ ਰਿਹਾ ਸੀ, ਤਾਂ ਦੋ ਹਮਲਾਵਰ ਆਏ ਅਤੇ ਉਸ 'ਤੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਗੋਲੀਆਂ ਉਸਦੇ ਸਿਰ ਵਿੱਚ ਲੱਗੀਆਂ ਅਤੇ ਉਹ ਡਿੱਗ ਪਿਆ ਅਤੇ ਮੌਕੇ 'ਤੇ ਹੀ ਉਸਦੀ ਮੌਤ ਹੋ ਗਈ। ਖ਼ੂਨ ਨਾਲ ਲੱਥਪਥ ਹੋਏ ਨੌਜਵਾਨ ਦੀ ਲਾਸ਼ ਦੁਕਾਨ ਵਿੱਚ ਮਿਲੀ। ਦੂਜੇ ਪਾਸੇ ਉਸੇ ਸਮੇਂ ਫਿਰੋਜ਼ਪੁਰ ਸ਼ਹਿਰ ਦੇ ਸਰਕੂਲਰ ਰੋਡ 'ਤੇ ਸਥਿਤ ਮਨਜੀਤ ਪੈਲੇਸ ਗਲੀ ਵਿੱਚ ਦੋ ਹਮਲਾਵਰ ਇੱਕ ਨੌਜਵਾਨ ਦੇ ਪਿੱਛੇ ਭੱਜੇ ਅਤੇ ਉਸ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਨਾਲ ਉਸਦੀ ਮੌਤ ਹੋ ਗਈ ਅਤੇ ਫਰਾਰ ਹੋ ਗਏ। ਦੱਸਿਆ ਜਾਂਦਾ ਹੈ ਕਿ ਫਰਾਰ ਹੁੰਦੇ ਸਮੇਂ ਹਮਲਾਵਰਾਂ ਨੇ ਬਾਜ਼ਾਰ ਵਿੱਚ ਖੁੱਲ੍ਹੇਆਮ ਗੋਲੀਆਂ ਚਲਾਈਆਂ। ਘਟਨਾ ਦੀ ਸੂਚਨਾ ਮਿਲਦੇ ਹੀ ਫਿਰੋਜ਼ਪੁਰ ਦੇ ਐੱਸਐੱਸਪੀ ਸਰਦਾਰ ਭੁਪਿੰਦਰ ਸਿੰਘ ਸਿੱਧੂ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ ਅਤੇ ਲਾਸ਼ਾਂ ਨੂੰ ਪੁਲਸ ਹਿਰਾਸਤ ਵਿੱਚ ਲੈ ਲਿਆ ਗਿਆ। ਐੱਸਐੱਸਪੀ ਫਿਰੋਜ਼ਪੁਰ ਨੇ ਕਿਹਾ ਕਿ ਅਜਿਹਾ ਲੱਗਦਾ ਹੈ, ਜਿਵੇਂ ਦੋਵੇ ਘਟਨਾਵਾਂ ਦੇ ਉਹੀ ਵਿਅਕਤੀ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਕਾਤਲਾਂ ਨੂੰ ਫੜਨ ਈ ਪੁਲਸ ਵੱਲੋਂ ਪੂਰੇ ਫਿਰੋਜ਼ਪੁਰ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਵੱਖ-ਵੱਖ ਟੀਮਾਂ ਬਣਾ ਕੇ ਫਿਰੋਜ਼ਪੁਰ ਵਿੱਚ ਨਾਕਾਬੰਦੀ ਕਰ ਦਿੱਤੀ ਗਈ ਹੈ। ਲੋਕਾਂ ਨੇ ਕਿਹਾ ਕਿ ਕਤਲ ਕਰਨ ਤੋਂ ਬਾਅਦ ਕਾਤਲ ਬਾਜ਼ਾਰ ਵਿੱਚ ਖੁੱਲ੍ਹੇਆਮ ਗੋਲੀਆਂ ਚਲਾਉਂਦੇ ਹੋਏ ਉੱਥੋਂ ਫਰਾਰ ਹੋ ਗਏ। ਪੁਲਸ ਆਸਪਾਸ ਲੱਗੇ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਖੰਗਾਲ ਰਹੀ ਹੈ। ਇਸ ਦੋਹਰੇ ਕਤਲ ਨੂੰ ਦੇਖ ਕੇ ਫਿਰੋਜ਼ਪੁਰ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਹੈ।

## ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਚਿਤਾਵਨੀ

ਚੰਡੀਗੜ੍ਹ 24 ਅਪ੍ਰੈਲ। ਮਾਲ ਵਿਭਾਗ ਵਿਚ ਚੱਲ ਰਹੇ ਸੁਧਾਰਾਂ ਦੇ ਚੱਲਦਿਆਂ ਕੱਲ੍ਹ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਦੇ ਤਬਾਦਲੇ ਕੀਤੇ ਗਏ ਸਨ। ਇਨ੍ਹਾਂ ਤਬਾਦਲਿਆਂ ਦੌਰਾਨ ਕਈਆਂ ਨੇ ਅਜੇ ਤਕ ਡਿਊਟੀ ਜੁਆਇਨ ਨਹੀਂ ਕੀਤੀ ਹੈ। ਇਸ ਸਭ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੇ ਡਿਊਟੀ ਨਾ ਜੁਆਇਨ ਕਰਨ ਵਾਲਿਆਂ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਤੁਰੰਤ ਡਿਊਟੀ ਜੁਆਇਨ ਕਰਨ ਦੇ ਹੁਕਮ ਦਿੱਤੇ ਹਨ। ਇਸ ਸੰਬੰਧੀ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਆਖਿਆ ਹੈ ਕਿ ਮੈਂ ਖ਼ੁਦ ਕਿਸੇ ਵੀ ਦਫ਼ਤਰ ਦੀ ਚੈਕਿੰਗ ਕਰਾਂਗਾ, ਜੇਕਰ ਕੋਈ ਵੀ ਗੈਰ ਹਾਜ਼ਰ ਪਾਇਆ ਗਿਆ ਤਾਂ ਸਖ਼ਤ ਕਾਰਵਾਈ ਹੋਵੇਗੀ।

## ਜ਼ਿਲੇ 'ਚ 79,966 ਮੀਟ੍ਰਿਕ ਟਨ ਕਣਕ ਦੀ ਆਮਦ 'ਚੋਂ 76,842 ਮੀਟ੍ਰਿਕ ਟਨ ਦੀ ਹੋਈ ਖਰੀਦ : ਡਿਪਟੀ ਕਮਿਸ਼ਨਰ

ਜਲੰਧਰ, 24 ਅਪ੍ਰੈਲ। ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਹੁਣ ਤੱਕ ਜ਼ਿਲੇ ਦੀਆਂ ਵੱਖ-ਵੱਖ ਮੰਡੀਆਂ 'ਚ 79,966 ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ 'ਚੋਂ 76,842 ਮੀਟ੍ਰਿਕ ਟਨ ਕਣਕ ਦੀ ਖਰੀਦ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਖਰੀਦੀ ਗਈ ਕਣਕ ਦਾ 132 ਕਰੋੜ ਰੁਪਏ ਦਾ ਭੁਗਤਾਨ ਵੀ ਯਕੀਨੀ ਬਣਾਇਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸੀਜ਼ਨ 'ਚ ਜ਼ਿਲੇ ਦੀਆਂ 79 ਮੰਡੀਆਂ 'ਚ 5.25 ਲੱਖ



ਮੀਟ੍ਰਿਕ ਟਨ ਕਣਕ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਬੰਪਰ ਫਸਲ ਉਤਪਾਦਨ ਨੂੰ ਦੇਖਦੇ ਹੋਏ 23 ਆਰਜ਼ੀ ਮੰਡੀਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਅਧਿਕਾਰੀਆਂ ਨੂੰ ਕਣਕ ਸੀਜ਼ਨ ਦੀ ਸਫਲ ਸਮਾਪਤੀ ਲਈ ਉਚਿਤ ਖਰੀਦ, ਸਮੇਂ 'ਤੇ ਲਿਫਟਿੰਗ ਅਤੇ ਭੁਗਤਾਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਕਣਕ ਦੀ ਉਚਿਤ ਖਰੀਦ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਕਿਸਾਨਾਂ ਦੀ ਕਣਕ ਦਾ ਇਕ-ਇਕ ਦਾਣਾ ਮੰਡੀਆਂ 'ਚ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਰਦਾਨੇ ਦੀ ਕੋਈ ਸਮੱਸਿਆ ਪੈਦਾ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਲਈ ਖਰੀਦ ਕੇਂਦਰਾਂ ਵਿਚ ਸਮੁੱਚੇ ਪ੍ਰਬੰਧ ਕੀਤੇ ਗਏ ਹਨ। ਮੰਡੀਆਂ 'ਚ ਖਰੀਦ ਪ੍ਰਬੰਧਾਂ ਨੂੰ ਲੈ ਕੇ ਕਿਸਾਨ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧਾਂ ਤੋਂ ਸੰਤੁਸ਼ਟ ਹੈ ਅਤੇ ਪ੍ਰਸ਼ਾਸਨ ਦੇ ਯਤਨਾਂ ਦੀ ਸ਼ਲਾਘਾ ਕਰ ਰਹੇ ਹਨ।

## ਅੱਗ ਨਾਲ ਨੁਕਸਾਨੀ ਕਣਕ ਦੀ ਫ਼ਸਲ ਦਾ ਕੈਬਨਿਟ ਮੰਤਰੀ ਕਟਾਰੂਚੱਕ ਨੇ ਲਿਆ ਜਾਇਜ਼ਾ

ਦੀਨਾਨਗਰ 24 ਅਪ੍ਰੈਲ। ਪਿਛਲੇ ਦਿਨੀਂ ਸਰਹੱਦੀ ਇਲਾਕੇ ਦੇ ਪਿੰਡ ਲਦਪਾਲਵਾਂ ਨੇੜੇ ਅਚਾਨਕ ਅੱਗ ਨਾਲ ਨੁਕਸਾਨੀ ਗਈ ਕਣਕ ਦੀ ਫ਼ਸਲ ਦਾ ਕੈਬਨਿਟ ਮੰਤਰੀ ਕਟਾਰੂਚੱਕ ਨੇ ਜਾਇਜ਼ਾ ਲਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਜੋ ਇਹ ਕਣਕ ਦੀ ਫਸਲ ਦਾ ਅੱਗ



ਲੱਗਣ ਨਾਲ ਨੁਕਸਾਨ ਹੋਇਆ ਹੈ, ਇਸ ਸਬੰਧੀ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਹਨ ਕਿ ਤਰੁੰਤ ਮੁਆਵਜ਼ਾ ਦਿੱਤਾ ਜਾਵੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਦੁੱਖ ਦੀ ਘੜੀ ਵਿੱਚ ਸਾਡੀ ਸਰਕਾਰ ਸਾਡੇ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਹਮੇਸ਼ਾ ਕਿਸਾਨਾਂ ਦੇ ਹਰ ਦੁੱਖ-ਸੁੱਖ 'ਚ ਸਹਾਇਤਾ ਲਈ ਤਿਆਰ ਹੈ ਅਤੇ ਕਿਸਾਨਾਂ ਦਾ ਮੰਡੀਆਂ ਵਿੱਚ ਦਾਣਾ-ਦਾਣਾ ਚੁੱਕਣ ਲਈ ਵਚਨਬੰਦ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਤੁਰੰਤ ਕਿਸਾਨਾਂ ਦੇ ਖਾਤਿਆਂ ਵਿੱਚ ਕਣਕ ਦੀ ਪੇਮੈਂਟ ਵੀ ਲਗਾਤਾਰ ਪਾਈ ਜਾ ਰਹੀ ਹੈ।

# ਮਾਨਵ ਏਕਤਾ ਦਿਵਸ - ਨਿਸ਼ਕਾਮ ਸੇਵਾ ਦਾ ਅਦੁੱਤੀ ਸੰਕਲਪ

ਦਿੱਲੀ, ਅਪ੍ਰੈਲ 24, 2025: ਪ੍ਰੇਮ ਅਤੇ ਭਰਾਚਾਰੇ ਦੀ ਭਾਵਨਾ ਨੂੰ ਉਜਾਗਰ ਕਰਨ ਵਾਲਾ 'ਮਾਨਵ ਏਕਤਾ ਦਿਵਸ' ਹਰ ਸਾਲ 24 ਅਪ੍ਰੈਲ ਨੂੰ ਨਿਰੰਕਾਰੀ ਮਿਸ਼ਨ ਵੱਲੋਂ ਬਾਬਾ ਗੁਰਬਚਨ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਆਤਮਿਕ ਭਾਵਨਾ ਨਾਲ ਭਰਪੂਰ ਮਾਹੌਲ ਵਿਚ ਮਨਾਇਆ ਜਾਂਦਾ ਹੈ। ਇਹ ਦਿਨ ਸਿਰਫ਼ ਇੱਕ ਪਵਿੱਤਰ ਯਾਦਗਾਰੀ ਮੌਕਾ ਹੀ ਨਹੀਂ, ਬਲਕਿ ਮਨੁੱਖਤਾ, ਸਦਭਾਵਨਾ ਅਤੇ ਏਕਤਾ ਦੀ ਭਾਵਨਾ ਦਾ ਇੱਕ ਆਤਮਿਕ ਮੇਲਾ ਹੈ। ਇਸ ਮੌਕੇ ਤੇ ਮਿਸ਼ਨ ਵੱਲੋਂ ਦੇਸ਼ ਭਰ ਵਿਚ ਖ਼ੂਨਦਾਨ ਦੀ ਪ੍ਰੇਰਕ ਲੜੀ ਦੀ ਸ਼ੁਰੂਆਤ ਕੀਤੀ ਜਾਂਦੀ ਹੈ ਜੋ ਨਿਸ਼ਕਾਮ ਸੇਵਾ ਦੀ ਸਾਂਝੀ ਚੇਤਨਾ ਬਣ ਕੇ ਸਾਲ ਭਰ ਸਮਾਜ ਵਿਚ ਪ੍ਰਵਾਹਿਤ ਰਹਿੰਦੀ ਹੈ। ਇਸ ਨਾਲ ਨਾਲ ਸਤਸੰਗ ਪ੍ਰੋਗਰਾਮਾਂ ਰਾਹੀਂ ਪ੍ਰੇਮ, ਸ਼ਾਂਤੀ ਅਤੇ ਸਮਰਸਤਾ ਦਾ ਪ੍ਰਕਾਸ਼ ਵੀ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਇਹ ਦਿਨ ਸਿੱਖਾਉਂਦਾ ਹੈ ਕਿ ਸੇਵਾ ਸਿਰਫ਼ ਇੱਕ ਕੰਮ ਨਹੀਂ, ਸਗੋਂ ਨਿਸ਼ਕਾਮ ਸਮਰਪਣ ਦਾ ਆਤਮਿਕ ਅਭਿਵਕਤਿ ਹੈ। ਇਸ ਸਾਲ ਵੀ, ਸੰਤ ਨਿਰੰਕਾਰੀ ਚੈਰੀਟੇਬਲ ਫਾਉਂਡੇਸ਼ਨ ਵੱਲੋਂ ਭਾਰਤ ਦੀਆਂ ਲਗਭਗ 500 ਤੋਂ ਵੱਧ ਸ਼ਾਖਾਵਾਂ 'ਤੇ ਵਿਸ਼ਾਲ ਖ਼ੂਨ ਦਾਨ ਕੈਂਪ ਲਗਾਏ ਗਏ। ਦਿੱਲੀ ਸਥਿਤ ਨਿਰੰਕਾਰੀ ਚੌਂਕ ਬੁਰਾੜੀ ਵਿਖੇ ਹੋਇਆ ਕੈਂਪ ਕੇਂਦਰੀ ਕੇਂਦਰ ਬਣਿਆ ਜਿੱਥੇ ਬਹੁਤ ਵੱਡੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਹੋਏ। ਸਭ ਨੇ ਉਤਸ਼ਾਹ ਅਤੇ ਸਮਰਪਣ ਨਾਲ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਭਲਾਈ ਵਿੱਚ ਯੋਗਦਾਨ ਪਾਇਆ। ਯੁਗਦ੍ਰਿਸ਼ਟਾ ਬਾਬਾ ਗੁਰਬਚਨ ਸਿੰਘ ਜੀ ਨੇ ਸਚ ਦੀ ਸੂਝ ਰਾਹੀਂ ਸਮਾਜ ਨੂੰ ਅੰਧਵਿਸ਼ਵਾਸਾਂ ਅਤੇ ਕੁਰੀਤੀਆਂ ਤੋਂ ਮੁਕਤ ਕਰਕੇ ਨਸ਼ਾ ਮੁਕਤੀ, ਸਾਦਾ ਵਿਆਹ ਅਤੇ ਨੌਜਵਾਨਾਂ ਨੂੰ ਸਕਾਰਾਤਮਕ ਸੋਚ ਨਾਲ ਜੋੜਨ ਵਰਗੇ ਲੋਕ-ਭਲਾਈ ਮੁਹਿੰਮਾਂ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੇ ਰਸਤੇ ਨੂੰ ਅੱਗੇ ਵਧਾਉਂਦੇ ਹੋਏ ਬਾਬਾ ਹਰਦੇਵ ਸਿੰਘ ਜੀ ਨੇ "ਖ਼ੂਨ ਨਾੜੀਆਂ ਵਿਚ ਵਗੇ, ਨਾਲੀਆਂ ਵਿਚ ਨਹੀਂ"ਜਿਹਾ ਅਮਰ ਸੁਨੇਹਾ ਦੇ ਕੇ ਖ਼ੂਨ ਦਾਨ ਨੂੰ ਆਤਮਿਕ ਸੇਵਾ ਦਾ ਅਟੁੱਟ ਭਾਗ ਬਣਾ ਦਿੱਤਾ। ਇਹ ਸੁਨੇਹਾ ਅੱਜ ਵੀ ਹਰ ਨਿਰੰਕਾਰੀ ਭਗਤ ਦੇ ਦਿਲ ਵਿਚ ਪ੍ਰੇਰਕ ਜੋਤ ਵਾਂਗ ਜਗਦਾ ਰਹਿੰਦਾ ਹੈ। ਸੰਤ ਨਿਰੰਕਾਰੀ ਹੈਲਥ ਸਿਟੀ ਦੀ ਮੈਡੀਕਲ ਡਾਇਰੈਕਟਰ ਡਾ. ਗੀਤਿਕਾ ਦੁਗਲ ਨੇ ਦੱਸਿਆ ਕਿ ਅੱਜ ਦੇਸ਼ ਭਰ ਵਿੱਚ ਚਲ ਰਹੀ ਖ਼ੂਨ ਦਾਨ ਲੜੀ ਰਾਹੀਂ ਲਗਭਗ 30,000 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ, ਜਿਸ ਵਿੱਚ ਸਿਰਫ਼ ਦਿੱਲੀ ਸ਼ਿਵਿਰ ਵਿਚ ਹੀ ਲਗਭਗ 1,000 ਯੂਨਿਟ ਖ਼ੂਨ ਇਕੱਠਾ ਹੋਇਆ। ਇਹ ਦਿਨ ਚਾਚਾ ਪ੍ਰਤਾਪ ਸਿੰਘ ਜੀ ਸਮੇਤ ਉਹਨਾਂ ਸਭ ਸਮਰਪਿਤ ਸਨਤਾਂ ਦੀ ਪਵਿੱਤਰ ਯਾਦ ਦਾ ਪ੍ਰਤੀਕ ਹੈ, ਜਿਨ੍ਹਾਂ ਨੇ ਮਾਨਵ ਏਕਤਾ, ਨਿਸ਼ਕਾਮ ਸੇਵਾ ਅਤੇ ਆਤਮਿਕ ਚੇਤਨਾ ਦੇ ਰਸਤੇ 'ਤੇ ਆਪਣਾ ਪੂਰਾ ਜੀਵਨ ਸਮਰਪਿਤ ਕਰ ਦਿੱਤਾ। ਮਾਨਵ ਏਕਤਾ ਦਿਵਸ ਉਹਨਾਂ ਦੇ ਵਿਸ਼ਵਾਸ ਅਤੇ ਸੰਕਲਪ ਦੀ ਪ੍ਰੇਰਣਾ ਨੂੰ ਜਿਉਂਦਾ ਰੱਖਦਾ ਹੈ। ਇਨ੍ਹਾਂ ਖ਼ੂਨ ਦਾਨ ਕੈਂਪਾਂ ਵਿੱਚ ਇੰਡਿਅਨ ਰੈਡ ਕ੍ਰਾਸ ਸੋਸਾਇਟੀ ਅਤੇ ਐਮਸ , ਡਾ. ਰਾਮ ਮਨੋਹਰ ਲੋਹੀਆ, ਗੁਰੂ ਤੇਗ ਬਹਾਦੁਰ (7"2), ਸਫਦਰਜੰਗ, ਦਿਨ ਦਯਾਲ ਉਪਾਧਿਆਏ (44"), ਲੋਕ ਨਾਯਕ ਜੈ ਪ੍ਰਕਾਸ਼ ਨਾਰਾਇਣ, ਹਿੰਦੂ ਰਾਓ ਹਸਪਤਾਲ ਆਦਿ ਦੀਆਂ ਮਾਹਰ ਟੀਮਾਂ ਨੇ ਭਾਗ ਲਿਆ। ਪੂਰੀ ਸਿਹਤ ਜਾਂਚ, ਸਫਾਈ ਅਤੇ ਖ਼ੂਨ ਦਾਨੀਆ ਲਈ ਚੰਗੀ ਤਿਮਾਰਦਾਰੀ ਨਾਲ ਇਹ ਸੇਵਾ ਹੋਰ ਵੀ ਪ੍ਰਬੰਧਿਤ ਅਤੇ ਆਦਰਨੀਯ ਬਣ ਗਈ। ਇਹ ਮਹਾਨ ਮੁਹਿੰਮ ਸਿਰਫ਼ ਖ਼ੂਨ ਦਾਨ ਨਹੀਂ, ਸਗੋਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਦਇਆ, ਸੇਵਾ ਅਤੇ ਏਕਤਾ ਦੇ ਸੁਨੇਹੇ ਨੂੰ ਜੀਵਨ ਵਿਚ ਉਤਾਰਨ ਦਾ ਜੀਵੰਤ ਸਾਧਨ ਹੈ, ਜੋ ਸਾਨੂੰ ਸਿਖਾਉਂਦਾ ਹੈ ਕਿ ਮਨੁੱਖਤਾ ਹੀ ਸਭ ਤੋਂ ਉੱਚਾ ਧਰਮ ਹੈ। ਇਸੇ ਪ੍ਰੇਰਣਾ ਨਾਲ ਸੰਤ ਨਿਰੰਕਾਰੀ ਮਿਸ਼ਨ, ਸੇਵਾ ਅਤੇ ਸਮਰਪਣ ਦੇ ਰਾਹ ਤੇ ਲਗਾਤਾਰ ਮਨੁੱਖਤਾ ਦੀ ਰਾਹਦਾਰੀ ਸਾਂਭ ਰਿਹਾ ਹੈ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I hitherto known as RAJ KUMARI D/o JAI CHAND, and W/o SURMINDER SINGH R/o Near Nim Wala Chownk, Ravidas Nagar, Nawanshahr, Shaheed Baghat Singh Nagar, Punjab-144514, have changed my name and shall hereafter be known as KAWALJEET KAUR. I have changed my name only, not my religion.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHAR-GAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਨੌਜਵਾਨ ਵਰਗ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚੋਂ ਬਾਹਰ ਕੱਢਣਾ ਅੱਜ ਦੇ ਸਮੇਂ ਦੀ ਮੁੱਖ ਲੋੜ:ਅਸ਼ੋਕ ਕੁਮਾਰ



**ਪਾਤੜਾਂ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਦੇ ਐਸ.ਡੀ.ਐਮ ਅਸ਼ੋਕ ਕੁਮਾਰ ਨੇ ਅੱਜ ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੱਢੀ ਗਈ ਜਾਗਰੂਕਤਾ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸੇ ਦੌਰਾਨ ਪਾਤੜਾਂ ਬਲਾਕ ਦੇ ਸਾਰੇ ਸਰਕਾਰੀ 95 ਦੇ ਕਰੀਬ ਸਕੂਲਾਂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵੱਖਰੇ ਤੌਰ ਉਤੇ ਜਾਗਰੂਕਤਾ ਰੈਲੀਆਂ ਕੱਢੀਆਂ।

ਇਸ ਮੌਕੇ ਐਸ ਡੀ ਐਮ ਅਸ਼ੋਕ ਕੁਮਾਰ ਨੇ ਕਿਹਾ ਕਿ ਹਰੇਕ ਨਾਗਰਿਕ ਨੂੰ ਉਸਾਰੂ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਨਸ਼ਿਆਂ ਦੀ ਲਾਹਣਤ ਦਾ ਜੜ੍ਹੋਂ ਖਾਤਮਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚੋਂ ਬਾਹਰ ਕੱਢਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਕਿਉਂਕਿ ਜੇਕਰ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਅਸੀਂ ਹੁਣ ਵੀ ਸੁਚੇਤ ਨਾ ਹੋਏ ਤਾਂ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈ ਸਕਦੇ ਹਨ।

ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਹੇਠ ਐਨ ਐਸ ਐਸ ਐਨ ਸੀ ਸੀ ਅਤੇ ਰੈੱਡ ਰਿਬਨ ਕਲੱਬ ਵੱਲੋਂ ਐਸ ਡੀ ਐਮ ਦਫ਼ਤਰ ਦੇ ਸਹਿਯੋਗ ਨਾਲ ਪਾਤੜਾਂ ਸ਼ਹਿਰ ਵਿੱਚ ਕੱਢੀ ਇਹ ਰੈਲੀ ਐਨ ਐਸ ਐਸ ਦੇ ਵਲੰਟੀਅਰ ਐਨ ਸੀ ਸੀ ਦੇ ਕੈਡਿਟ ਅਤੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਮਿਲ ਕੇ ਕਿਰਤੀ ਕਾਲਜ ਤੋਂ ਸ਼ੁਰੂ ਕਰਕੇ ਸ਼ਹਿਰ ਵਿੱਚ ਭਗਤ ਸਿੰਘ ਚੌਕ ਤੱਕ ਕੱਢੀ ਗਈ।

ਇਸ ਮੌਕੇ ਡਾ ਗੁਰਜੀਤ ਸਿੰਘ ਨੇ ਦੱਸਿਆ ਕਿ ਕਾਲਜ ਵਿੱਚ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਮੁਕਾਬਲੇ ਕਰਵਾਏ ਗਏ ਹਨ ਤਾਂ ਜੋ ਛੋਟੀ ਉਮਰ ਤੋਂ ਹੀ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਐਨ ਸੀ ਸੀ ਇੰਚਾਰਜ ਡਾ ਜਤਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਉਪਰਾਲਾ ਯੁੱਧ ਨਸ਼ਿਆਂ ਵਿਰੁੱਧ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਸ ਨਾਲ ਨੌਜਵਾਨਾਂ ਦੀ ਬਰਬਾਦ ਹੋ ਰਹੀ ਜਵਾਨੀ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਐਨ ਐਸ ਐਸ ਪ੍ਰੋਗਰਾਮ ਅਫਸਰ ਪ੍ਰੋ ਕੁਲਵਿੰਦਰ ਕੌਰ ਪ੍ਰੋ ਹਰਮੀਤ ਸਿੰਘ ਪ੍ਰੋ ਜਗਦੀਸ਼ ਸਿੰਘ ਨੇ ਕਿਹਾ ਕਿ ਇਹ ਰੈਲੀ ਬਹੁਤ ਹੀ ਪ੍ਰਭਾਵਸ਼ਾਲੀ ਰਹੀ ਹੈ, ਇਸ ਨਾਲ ਨੌਜਵਾਨਾਂ ਨੂੰ ਨਸ਼ੇ ਤਿਆਗਣ ਲਈ ਪ੍ਰੇਰਨਾ ਮਿਲੇਗੀ। ਉਨ੍ਹਾਂ ਕਿਹਾ ਕਿ ਕੋਈ ਵੀ ਨੌਜਵਾਨ ਜੋ ਨਸ਼ਿਆਂ ਪਿੱਛੇ ਭਟਕ ਗਿਆ ਹੈ ਉਹ ਇਸ ਮੁਹਿੰਮ ਨਾਲ ਜੁੜ ਕੇ ਨਸ਼ਿਆਂ ਦੀ ਬੁਰੀ ਲਤ ਤੋਂ ਛੁਟਕਾਰਾ ਪਾ ਸਕਦਾ ਹੈ। ਇਸ ਮੌਕੇ ਕਾਲਜ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## ਯੁੱਧ ਨਸ਼ਿਆਂ ਵਿਰੁੱਧ ਤਹਿਤ ਦੇਵੀਗੜ੍ਹ ਵਿਖੇ ਜਾਗਰੂਕਤਾ ਰੈਲੀ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ

# ਐਸ.ਡੀ.ਐਮ. ਕ੍ਰਿਪਾਲਵੀਰ ਸਿੰਘ, ਨਗਰ ਪੰਚਾਇਤ ਪ੍ਰਧਾਨ ਸਵਿੰਦਰ ਕੌਰ ਧੰਜੂ ਸਮੇਤ ਵੱਡੀ ਗਿਣਤੀ ਲੋਕ ਵੀ ਹੋਏ ਸ਼ਾਮਲ




**ਦੇਵੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਅਰੰਭੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅੱਜ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀਆਂ ਅਲਾਮਤਾਂ ਤੋਂ ਜਾਣੂ ਕਰਵਾਉਣ ਲਈ ਨਗਰ ਪੰਚਾਇਤ ਦੇਵੀਗੜ੍ਹ ਨੇ ਜਾਗਰੂਕਤਾ ਰੈਲੀ ਕੱਢੀ। ਰੈਲੀ ਨੂੰ ਐਸ.ਡੀ.ਐਮ. ਦੁੱਧਨਸਾਧਾਂ ਕ੍ਰਿਪਾਲਵੀਰ ਸਿੰਘ ਨੇ ਨਗਰ ਪੰਚਾਇਤ ਦੇ ਪ੍ਰਧਾਨ ਸਵਿੰਦਰ ਕੌਰ ਧੰਜੂ ਨਾਲ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਅਗਵਾਈ ਵੀ ਕੀਤੀ। ਉਨ੍ਹਾਂ ਦੇ ਨਾਲ ਕਾਰਜ ਸਾਧਕ ਅਫ਼ਸਰ ਲਖਵੀਰ ਸਿੰਘ, ਮਾਰਕੀਟ ਕਮੇਟੀ ਦੁੱਧਨਸਾਧਾਂ ਦੇ ਚੇਅਰਮੈਨ ਬਲਦੇਵ ਸਿੰਘ ਵੀ ਮੌਜੂਦ ਸਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ।ਐਸ.ਡੀ.ਐਮ. ਕ੍ਰਿਪਾਲਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਨਸ਼ੇ ਦੀ ਲਤ ਲਗਾ ਚੁੱਕੇ ਲੋਕਾਂ ਨੂੰ ਇਸ ਤੋਂ ਖਹਿੜਾ ਛੁਡਾਉਣ ਲਈ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਅਤੇ ਪਿੰਡਾਂ ਦੇ ਪੰਚਾਂ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਜੋ ਲੋਕ ਨਸ਼ੇ ਦੀ ਵਰਤੋਂ ਕਰ ਰਹੇ ਹਨ ਉਨ੍ਹਾਂ ਨੂੰ ਸਮਝਾਉਣ ਕਿ ਨਸ਼ਾ ਇੱਕ ਬਹੁਤ ਮਾੜੀ ਚੀਜ਼ ਹੈ ਜੋ ਕਿ ਪੈਸੇ ਦੀ ਬਰਬਾਦੀ ਤਾਂ ਕਰਦਾ ਹੀ ਹੈ ਨਾਲ ਹੀ ਸਿਹਤ ਨੂੰ ਵੀ ਬਰਬਾਦ ਕਰ ਦਿੰਦਾ ਹੈ। ਇਸ ਲਈ ਇਸ ਤੋਂ ਜਿਨ੍ਹਾਂ ਵੀ ਬਚਿਆ ਜਾਵੇ ਉਨ੍ਹਾਂ ਹੀ ਥੋੜਾ ਹੈ। ਇਸ ਲਈ ਉਹ ਪਿੰਡਾਂ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਅਤੇ ਪੰਜਾਬ ਨੂੰ ਮੁੜ ਤੰਦਰੁਸਤ ਕਰਨ।

ਰੈਲੀ ਦੌਰਾਨ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ। ਇਹ ਰੈਲੀ ਨਗਰ ਪੰਚਾਇਤ ਦਫ਼ਤਰ ਤੋਂ ਚੱਲ ਕੇ ਸਥਾਨਕ ਬਜ਼ਾਰਾਂ ਚੋਂ ਹੁੰਦੀ ਹੋਈ ਵਾਪਸ ਨਗਰ ਪੰਚਾਇਤ ਦਫਤਰ ਵਿਖੇ ਸੰਪੰਨ ਹੋਈ।ਇਸ ਮੌਕੇ ਬਲਜੀਤ ਕੌਰ ਬੀ.ਈ.ਓ., ਗੁਰਪ੍ਰੀਤ ਸਿੰਘ ਗੁਰੀ, ਸੀਨੀਅਰ ਮੀਤ ਪ੍ਰਧਾਨ ਲਖਵੀਰ ਸਿੰਘ ਕਪੂਰੀ, ਕਰਮਜੀਤ ਸਿੰਘ ਰੁੜਕੀ, ਪ੍ਰੇਮਪਾਲ ਸਿੰਘ ਖਨੇਜਾ, ਰਾਜਾ ਧੰਜੂ, ਟ੍ਰੈਫਿਕ ਇੰਚਾਰਜ ਤਰਸੇਮ ਕੁਮਾਰ, ਦਾਨੂੰ ਲਾਂਬਾ, ਹੈਪੀ ਜੁਲਕਾਂ, ਜੱਸੀ ਸਰਪੰਚ ਹਸਨਪੁਰ, ਕ੍ਰਿਸ਼ਨ ਚੰਦ ਲਾਂਬਾ, ਡਿੰਪੀ ਅਰੋੜਾ, ਹਰਜੀ ਹਾਜੀਪੁਰ, ਕਬੀਰ ਸਰਪੰਚ ਬੁੜੇਮਾਜਰਾ ਆਦਿ ਵੀ ਮੌਜੂਦ ਸਨ।

# ਦਰਜਾ-4 ਕਰਮਚਾਰੀਆਂ ਨੂੰ ਕਣਕ ਖਰੀਦਣ ਲਈ 9,700 ਰੁਪਏ ਦਾ ਵਿਆਜ-ਮੁਕਤ ਕਰਜ਼ਾ ਮਿਲੇਗਾ: ਹਰਪਾਲ ਚੀਮਾ

## ➢ ਕਣਕ ਦੀ ਖਰੀਦ ਲਈ ਵਿਆਜ-ਮੁਕਤ ਕਰਜੇ ਵਿੱਚ ਤਿੰਨ ਸਾਲਾਂ ਦੌਰਾਨ 21.25% ਦਾ ਵਾਧਾ ➢ ਪਿਛਲੀ ਕਾਂਗਰਸ ਸਰਕਾਰ ਵੱਲੋਂ ਅਣਗੌਲੇ ਗਏ ਦਰਜਾ-4 ਕਰਮਚਾਰੀਆਂ ਦੀ ਭਲਾਈ ਨੂੰ 'ਆਪ' ਸਰਕਾਰ ਨੇ ਦਿੱਤੀ ਤਰਜੀਹ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਮਾਜ ਦੇ ਹੇਠਲੇ ਵਰਗਾਂ ਨੂੰ ਉੱਚਾ ਚੁੱਕਣ ਲਈ ਵਚਨਬੱਧਤਾ ਤਹਿਤ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਵਿੱਤੀ ਸਾਲ 2025-26 ਲਈ ਦਰਜਾ-4 (ਗਰੁੱਪ-ਡੀ) ਦੇ ਕਰਮਚਾਰੀਆਂ ਲਈ ਕਣਕ ਖਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਧਾ ਕੇ 9700 ਰੁਪਏ ਕਰ ਦਿੱਤਾ ਗਿਆ ਹੈ।

ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦਰਜਾ-4 ਮੁਲਾਜ਼ਮਾਂ ਲਈ ਇਸ ਮਹੱਤਵਪੂਰਨ ਵਿੱਤੀ ਸਹਾਇਤਾ ਵਿੱਚ ਲਗਾਤਾਰ ਵਾਧਾ ਕਰਦਿਆਂ ਕਣਕ ਖਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 21.25 ਫੀਸਦੀ ਦਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੀ ਇਸ ਅਗਾਂਹਵਧੂ ਪਹੁੰਚ ਦੇ ਉਲਟ ਪਿਛਲੀ ਕਾਂਗਰਸ ਸਰਕਾਰ ਵੱਲੋਂ ਇਸ ਵਰਗ ਦੀ ਅਣਦੇਖੀ ਕੀਤੀ ਜਾਂਦੀ ਰਹੀ। ਸਮਾਜ ਦੇ ਕਮਜ਼ੋਰ ਵਰਗਾਂ ਪ੍ਰਤੀ ਉਦਾਸੀਨਤਾ ਲਈ ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਆਲੋਚਨਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ



ਕਿ ਵਿੱਤੀ ਸਾਲ 2019-20 ਅਤੇ 2020-21 ਦੇ ਚੁਣੌਤੀਪੂਰਨ ਕੋਵਿਡ-19 ਸਾਲਾਂ ਦੌਰਾਨ ਵੀ ਕਾਂਗਰਸ ਸਰਕਾਰ ਵੱਲੋਂ ਕੋਈ ਵਾਧਾ ਕੀਤੇ ਬਿਨਾ ਸਿਰਫ 7500 ਰੁਪਏ ਦਾ ਵਿਆਜ ਰਹਿਤ ਕਣਕ ਕਰਜੇ ਦੀ ਸਹੂਲਤ ਦਿੱਤੀ ਗਈ ਅਤੇ ਬਾਅਦ ਵਿੱਚ ਚੋਣ ਵਰ੍ਹੇ 2021-22 ਦੌਰਾਨ ਤਿੰਨ ਸਾਲਾਂ ਉਪਰੰਤ ਸਿਰਫ 500 ਰੁਪਏ ਦਾ ਮਾਮੂਲੀ ਵਾਧਾ ਕਰਦਿਆਂ ਇਸ ਕਰਜ਼ੇ ਦੀ ਰਕਮ ਨੂੰ 8000 ਰੁਪਏ ਕਰ ਦਿੱਤਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਦੇ ਮੁਕਾਬਲੇ 'ਆਪ' ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਦਰਜਾ-4 ਦੇ ਮੁਲਾਜ਼ਮਾਂ ਦੀ ਭਲਾਈ ਲਈ ਨਿਰੰਤਰ ਵਚਨਬੱਧਤਾ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵਿਆਜ ਮੁਕਤ ਕਰਜ਼ੇ ਦੀ ਰਕਮ ਨੂੰ ਵਿੱਤੀ ਸਾਲ 2023-24 ਲਈ ਵਧਾ ਕੇ 8500 ਰੁਪਏ, ਫਿਰ ਵਿੱਤੀ ਸਾਲ 2024-25 ਲਈ 9100 ਰੁਪਏ ਅਤੇ ਹੁਣ ਵਿੱਤੀ ਸਾਲ 2025-26 ਲਈ ਵਧਾ ਕੇ 9700 ਰੁਪਏ ਕਰ ਦਿੱਤਾ ਗਿਆ। ਵਿੱਤ ਮੰਤਰੀ ਨੇ ਕਿਹਾ ਕਿ ਦਰਜਾ-4 ਦੇ ਹਰੇਕ ਯੋਗ ਕਰਮਚਾਰੀ ਨੂੰ 9700 ਰੁਪਏ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ, ਜਿਸ ਨਾਲ ਉਹ ਮੌਜੂਦਾ ਸਰਕਾਰੀ ਦਰ 'ਤੇ 2425 ਰੁਪਏ ਪ੍ਰਤੀ ਕੁਇੰਟਲ ਪ੍ਰਤੀ ਪਰਿਵਾਰ ਚਾਰ ਕੁਇੰਟਲ ਦੇ ਹਿਸਾਬ ਨਾਲ ਕਣਕ ਦੀ ਖਰੀਦ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਕਰਜ਼ਾ ਜੂਨ 2025 (ਜੁਲਾਈ 2025 ਵਿੱਚ ਭੁਗਤਾਨ ਯੋਗ) ਦੀ ਤਨਖ਼ਾਹ ਤੋਂ ਸ਼ੁਰੂ ਹੋ ਕੇ, ਇਸੇ ਵਿੱਤੀ ਸਾਲ ਦੇ ਅੰਦਰ ਮੁਕੰਮਲ ਵਸੂਲੀ ਨੂੰ ਯਕੀਨੀ ਬਣਾਉਂਦੇ ਹੋਏ ਆਸਾਨ ਅੱਠ ਬਰਾਬਰ ਮਾਸਿਕ ਕਿਸ਼ਤਾਂ ਵਿੱਚ ਵਸੂਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਵਾਨਿਤ ਰਾਸ਼ੀ 29 ਮਈ, 2025 ਤੱਕ ਸੂਬਾ ਸਰਕਾਰ ਦੇ ਖਜ਼ਾਨੇ ਵਿੱਚੋਂ ਜਾਰੀ ਕਰ ਦਿੱਤੀ ਜਾਵੇਗੀ।

# ਸਰਕਾਰ ਨੇ ਵਿਦਿਆਰਥੀਆਂ ਨੂੰ ਭਾਰੀ ਬਸਤਿਆਂ ਤੋਂ ਨਿਜਾਤ ਦਿਵਾ ਕੇ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦਾ ਬੀੜਾ ਉਠਾਇਆ: ਜੌੜਾਮਾਜਰਾ



**ਸਮਾਣਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਜਿਹੜੇ ਸਰਕਾਰੀ ਸਕੂਲਾਂ ਵੱਲ ਕਦੇ ਪਿਛਲੀਆਂ ਸਰਕਾਰਾਂ ਨੇ ਧਿਆਨ ਨਹੀਂ ਦਿੱਤਾ, ਉਨ੍ਹਾਂ ਸਕੂਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾਏ ਹਨ। ਅੱਜ ਸਮਾਣਾ ਹਲਕੇ ਦੇ ਸਕੂਲਾਂ ਸਰਕਾਰੀ ਹਾਈ ਸਕੂਲ ਕਰਹਾਲੀ ਸਾਹਿਬ, ਸਰਕਾਰੀ ਐਲੀਮੈਂਟਰੀ ਸਕੂਲ ਖੇੜਕੀ ਅਤੇ ਰੰਧਾਵਾ ਵਿਖੇ ਕਰਵਾਏ ਗਏ ਵੱਖ-ਵੱਖ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ। ਵਿਧਾਇਕ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੀੜਾ ਉਠਾਇਆ ਹੈ ਕਿ ਸਰਕਾਰੀ ਸਕੂਲਾਂ ਵਿਖੇ ਪੜ੍ਹਦੇ ਵਿਦਿਆਰਥੀਆਂ ਨੂੰ ਭਾਰੀ ਬਸਤਿਆਂ ਤੋਂ ਨਿਜਾਤ ਦਿਵਾ ਕੇ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਵਾਈ ਜਾਵੇ।

ਉਨ੍ਹਾਂ ਕਿਹਾ ਕਿ ਇਸੇ ਪੰਜਾਬ ਸਿੱਖਿਆ ਕ੍ਰਾਂਤੀ ਦੇ ਚਲਦਿਆਂ ਹੀ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਅੱਜ ਸਿੱਖਿਆ ਦੇ ਨਾਲ-ਨਾਲ ਖੇਡਾਂ ਤੇ ਹੋਰ ਖੇਤਰਾਂ ਵਿੱਚ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰ ਰਹੇ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਨੂੰ ਦੇਸ਼ ਦੇ ਬਿਹਤਰੀਨ ਸਕੂਲ ਬਣਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਰਾਜ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਕੂਲਾਂ ਦੇ ਪ੍ਰਿੰਸੀਪਲਾਂ ਸਮੇਤ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਪੀ.ਆਰ.ਟੀ.ਸੀ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿੱਚ ਲਏ ਗਏ ਅਹਿਮ ਫੈਸਲੇ

# ਨਵੀਆਂ ਬੱਸਾਂ ਖ੍ਰੀਦਣ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਦਿੱਤੇ ਆਦੇਸ਼ : ਚੇਅਰਮੈਨ ਰਣਜੋਧ ਹਡਾਣਾ



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਮੁੱਖ ਦਫਤਰ, ਨਾਭਾ ਰੋਡ ਵਿਖੇ ਹੋਈ ਬੋਰਡ ਆਫ ਡਾਇਰੈਕਟਰਜ਼ ਦੀ 245ਵੀਂ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਵਿਸ਼ੇਸ਼ ਤੌਰ ਤੇ ਗੱਲਬਾਤ ਕੀਤੀ। ਉਨ੍ਹਾ ਸਭ ਤੋਂ ਪਹਿਲਾ ਲੋਕ ਸਹੂਲਤ ਲਈ ਨਵੀਆਂ ਬੱਸਾਂ ਲੈਣ ਸੰਬੰਧੀ ਕਿਹਾ ਕਿ ਨਵੀਆਂ ਬੱਸਾਂ ਖ੍ਰੀਦਣ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਆਦੇਸ਼ ਜ਼ਾਰੀ ਕੀਤੇ ਜਾ ਚੁੱਕੇ ਹਨ ਅਤੇ ਇਸ ਨੂੰ ਬਹੁਤ ਜਲਦੀ ਅਮਲੀ ਜਾਮਾ ਪਹਿਨਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਉਨਾਂ ਜੁਲਾਈ 2023 ਤੋਂ ਸਤੰਬਰ 2023 ਦੇ ਮੁਕਾਬਲੇ ਜੁਲਾਈ 2024 ਤੋਂ ਸਤੰਬਰ 2024 ਤੱਕ ਦੀ ਭੌਤਿਕ ਤੇ ਵਿੱਤੀ ਕਾਰਗੁਜ਼ਾਰੀ ਦੀ ਤੁਲਨਾ ਕਰਦਿਆ ਕਿਹਾ ਕਿ ਮਹਿਕਮੇ ਦੇ ਅਧਿਕਾਰੀਆ ਅਤੇ ਕਰਮਚਾਰੀਆਂ ਮੁਤਾਬਕ ਮਹਿਕਮਾਂ ਵਾਧੇ ਵਿੱਚ ਹੈ।

ਇਸ ਮੌਕੇ ਬਿਕਰਮਜੀਤ ਸਿੰਘ ਸ਼ੇਰਗਿੱਲ ਸੀਨੀਅਰ ਪੀਸੀਐਸ ਐਮ ਡੀ, ਨਵਦੀਪ ਕੁਮਾਰ ਪੀਸੀਐਸ ਏ ਐਮ ਡੀ, ਨਮਨ ਮੜਕਨ ਆਰ ਟੀ ਓ, ਕੁਲਦੀਪ ਕੌਰ ਡੀ ਸੀ ਐਫ ਏ ਫਾਈਨਾਂਸ, ਚਰਨਜੀਤ ਸਿੰਘ ਧਾਲੀਵਾਲ ਡਾਇਰੈਕਟਰ, ਰਜਿੰਦਰ ਸਿੰਘ ਰਿਹਾਲ ਡਾਇਰੈਕਟਰ, ਰਮਨ ਸ਼ਰਮਾ ਜੀ ਐਮ ਐਡਮਿਨ, ਜਤਿੰਦਰਪਾਲ ਸਿੰਘ ਗਰੇਵਾਲ ਐਕਸੀਅਨ, ਮਹਿੰਦਰਪਾਲ ਸਿੰਘ ਜੀ ਐਮ ਸਟੋਰ, ਪਰਵੀਨ ਕੁਮਾਰ ਜੀ ਐਮ ਖਰੀਦ, ਅਮਨਵੀਰ ਟਿਵਾਣਾ ਜੀ ਐਮ ਆਪਰੇਸ਼ਨ ਅਤੇ ਇੰਨਫੋਰਸਮੈਂਟ, ਰਾਕੇਸ਼ ਕੁਮਾਰ ਗਰਗ ਡੀ ਸੀ ਐਫ ਏ ਅਤੇ ਹੋਰ ਸੀਨੀਅਰ ਅਧਿਕਾਰੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

ਇਸ ਮੌਕੇ ਚੇਅਰਮੈਨ ਹਡਾਣਾ ਨੇ ਕਿਹਾ ਕਿ ਮੀਟਿੰਗ ਦੌਰਾਨ ਸੁਪਰਵਾਇਜ਼ਰ ਆਫਿਸਰਾਂ ਦੀ ਘਾਟ ਸੰਬੰਧੀ ਗੱਲਬਾਤ ਹੋਈ। ਇਸ ਤੋਂ ਇਲਾਵਾ ਮਹਿਕਮੇ ਵਿਚਲੀਆਂ ਕੰਮ ਕਰਦੀਆਂ ਮਾਨਵਸ਼ਕਤੀਆਂ, ਸਿੱਧਾ ਠੇਕਾ ਆਧਾਰ ਤੇ ਕੰਮ ਕਰਦੇ ਡਰਾਇਵਰ, ਕਡੰਕਟਰ ਦੇ ਰਾਤਰੀ ਭੱਤੇ ਵਿੱਚ ਵਾਧਾ ਕਰਨ ਸੰਬੰਧੀ, ਰੈਗੂਲਰ ਕਰਮਚਾਰੀਆਂ ਤੇ ਅਧਿਕਾਰੀਆਂ ਦੇ 6ਵੇਂ ਪੰਜਾਬ ਤਨਖਾਹ ਕਮਿਸ਼ਨ ਅਧੀਨ ਜਨਵਰੀ 2016 ਤੋਂ 30 ਜੂਨ 2021 ਤੱਕ ਸੋਧੀ ਤਨਖਾਹ ਦੇ ਏਰੀਅਰ ਸੰਬੰਧੀ ਵੀ ਚਰਚਾ ਹੋਈ। ਇਸ ਦੇ ਨਾਲ ਹੀ ਪੈਨਸ਼ਨ, ਫੈਮਿਲੀ ਪੈਨਸ਼ਨ ਆਦਿ ਵਾਲੇ ਕੇਸਾ ਵਿੱਚ ਵੀ ਰੁਕੇ ਹੋਏ ਏਰੀਅਰ ਨੂੰ ਜਲਦ ਬਹਾਲ ਕਰਨ ਬਾਰੇ ਵਿਚਾਰ ਚਰਚਾ ਹੋਈ। ਹੋਰ ਬੋਲਦਿਆ ਚੇਅਰਮੈਨ ਹਡਾਣਾ ਨੇ ਕਿਹਾ ਕਿ ਇਸ ਤੋਂ ਇਲਾਵਾ ਜਲਦ ਮਹਿਕਮੇ ਦੇ ਅਧਿਕਾਰੀਆਂ ਨਾਲ ਮਿਲ ਕੇ ਹੋਰ ਨਿਵੇਕਲੀਆਂ ਕੋਸ਼ਿਸ਼ਾ ਰਾਹੀ ਮਹਿਕਮੇ ਦਾ ਮਾਲੀਆ ਵਧਾਉਣ ਲਈ ਯਤਨਸ਼ੀਲ ਕਾਰਜ ਕੀਤੇ ਜਾ ਰਹੇ ਹਨ। ਬੀਤੇ ਦਿਨੀ ਵੀ ਮਹਿਕਮੇ ਵੱਲੋਂ ਬੀਤੇ ਸਾਲ ਪੰਜਾਬ ਐਂਡ ਸਿੰਧ ਬੈਂਕ ਨਾਲ ਕੀਤੇ ਕਰਾਰ ਨਾਲ ਇੱਕ ਮੁਲਾਜ਼ਮ ਦੀ ਮੌਤ ਮਗਰੋਂ ਪਰਿਵਾਰ ਦੀ ਬਿਹਤਰੀ ਲਈ 40 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਜਿਸ ਨਾਲ ਮੁਲਾਜ਼ਮਾਂ ਵਿੱਚ ਮਹਿਕਮੇ ਵੱਲੋਂ ਲਏ ਗਏ ਅਜਿਹੇ ਫੈਸਲਿਆ ਦੀ ਸ਼ਲਾਘਾ ਹੋਈ। ਉਨਾਂ ਮੁਲਾਜ਼ਮਾ ਨੂੰ ਅਪੀਲ ਕੀਤੀ ਕਿ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਕੇ ਮਹਿਕਮੇ ਦੇ ਮਾਲੀਏ ਵਿੱਚ ਵਾਧਾ ਕੀਤਾ ਜਾਵੇ ਤਾਂ ਜ਼ੋ ਪਿਛਲੀਆ ਸਰਕਾਰਾ ਵੱਲੋਂ ਪੀ ਆਰ ਟੀ ਸੀ ਨੂੰ ਹਮੇਸ਼ਾ ਘਾਟੇ ਵਾਲਾ ਮਹਿਕਮੇ ਕਹਾਉਣ ਦੀ ਬਜਾਏ ਸਭ ਤੋਂ ਵੱਧ ਮਾਲੀਏ ਕਹਾਉਣ ਵਾਲਾ ਮਹਿਕਮਾ ਕਹਾਇਆ ਜਾ ਸਕੇ।

# ਯਾਦਗਾਰੀ ਹੋਰ ਨਿਬੜਿਆ ਭਾਰਤੀ ਸੰਸਕ੍ਰਿਤੀ ਨੂੰ ਉਜਾਗਰ ਕਰਦਾ ਸਾਲਾਨਾ ਸਮਾਗਮ



**ਜਲੰਧਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਸੰਸਕ੍ਰਿਤੀ ਨੂੰ ਉਜਾਗਰ ਕਰਦਾ ਜਲੰਧਰ ਸਕੂਲ ਦਾ ਸਾਲਾਨਾ ਸਮਾਗਮ ਭਾਰਤੀ ਨਵੇਂ ਵਰ੍ਹੇ ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਕਰਵਾਇਆ ਗਿਆ। ਮੂਲ ਮੰਤਰ ਅਤੇ ਗੁਰਬਾਣੀ ਸ਼ਬਦ ਨਾਲ ਸਮਾਗਮ ਦੀ ਆਰੰਭਤਾ ਵਿਦਿਆਰਥੀਆਂ ਵੱਲੋਂ ਕੀਤੀ ਗਈ। ਵਿਦਿਆਰਥੀਆਂ ਨੇ ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਦੁਆਰਾ ਦਰਸ਼ਾਏ ਏਕਤਾ ਦੇ ਨਾਰੇ ਵੀ ਸੁਣਾਏ। ਇਸ ਦੌਰਾਨ ਬੱਚਿਆਂ ਨੇ ਆਪਣੀ ਵੱਖ ਵੱਖ ਪ੍ਰਤਿਭਾਵਾਂ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸਵਾਮੀ ਨਿਤਿਆਨੰਦ ਸਵਾਮੀ ਬ੍ਰਹਮਾ ਨੰਦ ਗਿਰੀ, ਡਾ? ਹੇਮੰਤ ਮਲਹੋਤਰਾ, ਡਾ? ਰੂਪਾਲੀ ਮਲਹੋਤਰਾ, ਪੂਨਮ ਭਾਰਦਵਾਜ਼ ,ਦਿਨੇਸ਼ ਭਾਰਦਵਾਜ, ਰਮੇਸ਼ ਮਿਸ਼ਰਾ, ਸੂਰਯਾ ਮਿਸ਼ਰਾ, ਸ਼ਾਮ ਸਿੰਘ ਨਾਮਧਾਰੀ, ਹਰਪ੍ਰੀਤ ਸਿੰਘ, ਰਜਿੰਦਰ ਸਿੰਘ, ਮਨਜੀਤ ਕੌਰ ਆਦਿ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਮਾਗਮ ਵਿਚ ਮੁੱਖ ਮਹਿਮਾਨਾਂ, ਹੋਣਹਾਰ ਵਿਦਿਆਰਥੀਆਂ ਅਤੇ ਮਹਾਨ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰੌਕੀ ਸ਼ਹਿਰੀਆ ਗਰੁੱਪ ਗੁਰਦਾਸਪੁਰ ਨੇ ਨਾਟਕ ÷ ਫੌਜੀ ਦਾ ਯੁੱਧ, ਨਸ਼ਿਆ ਵਿਰੁੱਧ÷ ਪੇਸ਼ ਕੀਤਾ। ਅਧਿਆਪਕ ਜਸਬੀਰ ਕੌਰ ਅਤੇ ਮੀਨਾਕਸ਼ੀ ਨੇ ਸਟੇਜ ਦਾ ਸੰਚਾਲਨ ਕੀਤਾ। ਮੁੱਖ ਅਧਿਆਪਿਕਾ ਰਾਜਪਾਲ ਕੌਰ ਅਤੇ ਚੇਅਰਮੈਨ ਪਲਵਿੰਦਰ ਸਿੰਘ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ। ਰਾਜਪਾਲ ਕੌਰ ਨੇ ਦੱਸਿਆ ਕਿ ਉਹ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਆਪਣੇ ਵਿਰਸੇ ਅਤੇ ਸੰਸਕਾਰਾਂ ਨਾਲ ਜੋੜੇ ਰੱਖਣ ਦੀ ਪ੍ਰੇਰਣਾ ਦਿੰਦੇ ਰਹਿੰਦੇ ਹਨ ਤਾਂ ਕਿ ਉਹ ਚੰਗੇ ਮਨੁੱਖ ਤੇ ਆਦਰਸ਼ ਨਾਗਰਿਕ ਬਣ ਸਕਣ।ਉਹਨਾਂ ਦੱਸਿਆ ਕਿ ਹਰ ਸਾਲ ਲੋੜਵੰਦ ਵਿਦਿਆਰਥੀਆਂ ਦੀ ਵੀ ਯਥਾਯੋਗ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਅਧਿਆਪਕ ਰਮਨਪ੍ਰੀਤ ਕੌਰ, ਰੋਜੀ ਸਭਰਵਾਲ, ਕੰਚਨ ਬਾਲਾ, ਬਲਬੀਰ ਕੌਰ, ਤੋਸ਼ੀਨ, ਸਿੱਧੂ, ਬਲਜੀਤ ਕੌਰ, ਰੇਖਾ ਯਾਦਵ ਆਦਿ ਸਭ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ।

# 5000 ਰੁਪਏ ਰਿਸ਼ਵਤ ਲੈਂਦਾ ਨਾਇਬ ਤਹਿਸੀਲਦਾਰ ਤੇ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਗ੍ਰਿਫ਼ਤਾਰ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਦੇ ਸੰਗਤ ਮੰਡੀ ਵਿਖੇ ਤਾਇਨਾਤ ਨਾਇਬ ਤਹਿਸੀਲਦਾਰ ਨਿਰਮਲ ਸਿੰਘ ਅਤੇ ਪਟਵਾਰ ਹਲਕਾ ਕੋਟਗੁਰੂਕੇ ਵਿਖੇ ਤਾਇਨਾਤ ਪਟਵਾਰੀ ਗੁਰਤੇਜ ਸਿੰਘ ਨੂੰ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਬਠਿੰਡਾ ਦੇ ਸੰਗਤ ਕਸਬੇ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਮਾਲ ਵਿਭਾਗ ਦੇ ਉਕਤ ਕਰਮਚਾਰੀਆਂ ਉਸਦੇ ਪਲਾਟ ਦੀ ਗਿਰਦਾਵਰੀ ਦਰਜ ਕਰਨ ਬਦਲੇ 10000 ਰੁਪਏ ਰਿਸ਼ਵਤ ਮੰਗੀ ਸੀ ਪਰ ਉਸ ਵੱਲੋਂ ਜ਼ੋਰ ਪਾਉਣ ਤੇ ਸੌਦਾ 8000 ਰੁਪਏ ਵਿੱਚ ਤੈਅ ਹੋਇਆ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਦੋਵਾਂ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਪਹਿਲੀ ਕਿਸ਼ਤ ਵਜੋਂ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਦੋਵਾਂ ਮੁਲਜ਼ਮਾਂ ਤੋਂ ਮੌਕੇ ਤੇ ਹੀ 2500-2500 ਰੁਪਏ ਬਰਾਮਦ ਕਰ ਲਏ।

ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਨਗਰ ਨਿਗਮ ਵੱਲੋਂ ਨਜ਼ਾਇਜ ਕੁਨੈਕਸ਼ਨ ਲੈ ਕੇ ਹਾਈ ਅਲਰਟ

# ਕਰਮਚਾਰੀ ਜਾਂ ਲਾਇਸੰਸੀ ਪਲੰਬਰ ਦੀ ਮਿਲੀ ਭੁਗਤ ਪਾਈ ਗਈ ਤਾਂ ਤੁਰੰਤ ਕੀਤਾ ਜਾਵੇਗਾ ਸਸਪੈਂਡ : ਮੇਅਰ ਕੁੰਦਨ ਗੋਗੀਆ



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਸ਼ਹਿਰ ਵਿਚਲੇ ਨਜਾਇਜ਼ ਕਨੈਕਸ਼ਨ ਕਾਰਨ ਹੋ ਰਹੇ ਵੱਡੇ ਨੁਕਸਾਨ ਨੂੰ ਲੈ ਕੇ ਵੱਡਾ ਐਕਸ਼ਨ ਲੈਣ ਜਾ ਰਹੀ ਹੈ। ਨਗਰ ਨਿਗਮ ਮੇਅਰ ਕੁੰਦਨ ਗੋਗੀਆ ਨੇ ਖਾਸ ਤਾੜਨਾ ਕੀਤੀ ਕਿ ਜੇਕਰ ਕਿਸੇ ਵੀ ਕਰਮਚਾਰੀ ਜਾਂ ਲਾਇਸੰਸੀ ਪਲੰਬਰ ਦੀ ਮਿਲੀ ਭੁਗਤ ਪਾਈ ਗਈ ਤਾਂ ਉਸ ਨੂੰ ਤੁਰੰਤ ਸਸਪੈਂਡ ਕਰ ਦਿੱਤਾ ਜਾਵੇਗਾ ਅਤੇ ਲਾਇਸੰਸੀ ਪਲੰਬਰ ਦਾ ਲਾਇਸੰਸ ਰੱਦ ਕਰਕੇ ਉਸ ਦੇ ਖਿਲਾਫ ਪਰਚਾ ਦਰਜ ਕੀਤਾ ਜਾਵੇਗਾ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਜਿਨਾਂ ਲੋਕਾਂ ਨੇ ਪਾਣੀ ਜਾਂ ਸੀਵਰੇਜ ਦੇ ਨਜਾਇਜ਼ ਕਨੈਕਸ਼ਨ ਕੀਤੇ ਹੋਏ ਹਨ ਉਹ ਤੁਰੰਤ ਨਗਰ ਨਿਗਮ ਦੇ ਦਫਤਰ ਆ ਕੇ ਆਪਣੇ ਕਨੈਕਸ਼ਨ ਰੈਗੂਲਰ ਕਰਵਾ ਲੈਣ। ਇਸ ਸਬੰਧ ਵਿੱਚ ਪਹਿਲਾਂ ਵੀ ਕਈ ਵਾਰੀ ਅਖਬਾਰਾਂ ਰਾਹੀਂ ਅਤੇ ਮੁਨਿਆਦੀ ਰਾਹੀਂ ਸੂਚਨਾ ਦਿੱਤੀ ਜਾ ਚੁੱਕੀ ਹੈ ਅਤੇ ਨੋਟਿਸ ਵੀ ਕੱਢੇ ਜਾ ਚੁੱਕੇ ਹਨ। ਪ੍ਰੰਤੂ ਹੁਣ ਵੀ ਬਹੁਤ ਸਾਰੇ ਪਾਣੀ ਤੇ ਸੀਵਰੇਜ ਦੇ ਕਨੈਕਸ਼ਨ ਨਜਾਇਜ਼ ਚੱਲ ਰਹੇ ਹਨ। ਹੋਰ ਬੋਲਦਿਆ ਮੇਅਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵੱਖ ਵੱਖ ਏਰੀਆ ਦਾ ਸਰਵੇ ਕਰਨ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ, ਚੈਕਿੰਗ ਦੌਰਾਨ ਜੇਕਰ ਕੋਈ ਵੀ ਕਨੈਕਸ਼ਨ ਮੌਕੇ ਤੇ ਨਜਾਇਜ਼ ਪਾਇਆ ਗਿਆ ਤਾਂ ਉਸ ਨੂੰ ਤੁਰੰਤ ਕੱਟ ਦਿੱਤਾ ਜਾਵੇਗਾ ਅਤੇ ਕਨੈਕਸ਼ਨ ਧਾਰਕ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕਾਂ ਦਾ ਪਾਣੀ ਸੀਵਰੇਜ ਦੇ ਬਿਲਾਂ ਦਾ ਬਕਾਇਆ ਵੀ ਪਿਆ ਹੈ ਜੋ ਕਿ ਉਹਨਾਂ ਵੱਲੋਂ ਭਰਿਆ ਨਹੀਂ ਜਾ ਰਿਹਾ ਅਤੇ ਨੋਟਿਸ ਵੀ ਜਾਰੀ ਕੀਤੇ ਜਾ ਚੁੱਕੇ ਹਨ। ਮੇਅਰ ਕੁੰਦਨ ਗੋਗੀਆ ਨੇ ਤਾੜਨਾ ਕੀਤੀ ਕਿ ਜੇਕਰ ਕਿਸੇ ਵੀ ਕਰਮਚਾਰੀ ਜਾਂ ਲਾਇਸੰਸੀ ਪਲੰਬਰ ਦੀ ਮਿਲੀ ਭੁਗਤ ਪਾਈ ਗਈ ਤਾਂ ਉਸ ਨੂੰ ਤੁਰੰਤ ਸਸਪੈਂਡ ਕਰ ਦਿੱਤਾ ਜਾਵੇਗਾ ਅਤੇ ਲਾਇਸੰਸੀ ਪਲੰਬਰ ਦਾ ਲਾਇਸੰਸ ਰੱਦ ਕਰਕੇ ਉਸ ਦੇ ਖਿਲਾਫ ਪਰਚਾ ਦਰਜ ਕੀਤਾ ਜਾਵੇਗਾ। ਇਸ ਮੌਕੇ ਮੇਅਰ ਆਫਿਸ ਸੁਪਰਡੈਂਟ ਗੁਰਪ੍ਰੀਤ ਸਿੰਘ ਚਾਵਲਾ, ਵਾਟਰ ਸਪਲਾਈ ਅਸੀਮ ਗੁਪਤਾ, ਗੋਲਡੀ ਕਲਿਆਣ ਇੰਸਪੈਕਟਰ, ਬਲਦੇਵ ਸਿੰਘ ਇੰਸਪੈਕਟਰ ਵਾਟਰ ਸਪਲਾਈ ਸ਼ਾਖਾ ਅਤੇ ਸ਼ਾਖਾ ਦੇ ਸਮੂਹ ਮੀਟਰ ਰੀਡਰ ਤੋਂ ਇਲਾਵਾ ਬਿੱਲ ਵੰਡਣ ਵਾਲੇ ਸਾਰੇ ਕਰਮਚਾਰੀ ਮੌਜੂਦ ਸਨ।

# ਕਮਿਸ਼ਨਰੇਟ ਪੁਲਿਸ ਜਲੰਧਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਿਵਲ ਹਸਪਤਾਲ 'ਚ ਚਲਾਇਆ ਵਿਸ਼ੇਸ਼ ਤਲਾਸ਼ੀ ਅਭਿਆਨ



**ਜਲੰਧਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅੱਜ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਸਿਵਲ ਹਸਪਤਾਲ ਜਲੰਧਰ ਅਤੇ ਇਸਦੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਇੱਕ ਵਿਸ਼ੇਸ਼ ਨਿਰੀਖਣ ਅਤੇ ਤਲਾਸ਼ੀ ਅਭਿਆਨ ਚਲਾਇਆ।

ਕਾਰਵਾਈ ਦਾ ਵੇਰਵਾ ਦਿੰਦੇ ਹੋਏ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਇਸ ਕਾਰਵਾਈ ਦਾ ਉਦੇਸ਼ ਸਿਵਲ ਹਸਪਤਾਲ ਅਤੇ ਇਸਦੇ ਆਲੇ ਦੁਆਲੇ ਗੈਰ-ਕਾਨੂੰਨੀ ਨਸ਼ਿਆਂ ਦੇ ਵਪਾਰ ਅਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣਾ ਹੈ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਡੀਸੀਪੀ ਓਪਰੇਸ਼ਨ ਨਰੇਸ਼ ਡੋਗਰਾ ਅਤੇ ਏਡੀਸੀਪੀ-9, ਏਡੀਸੀਪੀ ਇੰਡਸਟਰੀਜ਼ ਐਂਡ ਸਿਕਿਓਰਿਟੀ ਦੇ ਨਾਲ-ਨਾਲ ਸਬੰਧਤ ਐਸਐਚਓ ਅਤੇ ਚਾਰ ਪੁਲਿਸ ਟੀਮਾਂ ਦੀ ਨਿਗਰਾਨੀ ਹੇਠ ਕੀਤੀ ਗਈ।

ਉਨ੍ਹਾਂ ਕਿਹਾ ਕਿ ਹਸਪਤਾਲ ਦੇ ਅਹਾਤੇ, ਜਿਸ ਵਿੱਚ ਮੈਡੀਕਲ ਸਟੋਰ, ਕੰਟੀਨ ਅਤੇ ਪਾਰਕਿੰਗ ਸ਼ਾਮਲ ਹਨ, ਵਿੱਚ ਇੱਕ ਵਿਆਪਕ ਨਿਰੀਖਣ ਕੀਤਾ ਗਿਆ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਗੈਰ-ਕਾਨੂੰਨੀ ਗਤੀਵਿਧੀ ਨਹੀਂ ਹੋ ਰਹੀ ਹੈ। ਸ਼ੱਕੀ ਵਿਅਕਤੀਆਂ ਦੀ ਪਛਾਣ ਦੀ ਪੂਰੀ ਤਰ੍ਹਾਂ ਪੁਸ਼ਟੀ ਕੀਤੀ ਗਈ। ਇਸ ਤੋਂ ਇਲਾਵਾ ਵਾਹਨ ਮਾਲਕੀ ਅਤੇ ਦਸਤਾਵੇਜ਼ਾਂ ਦੀ ਪੁਸ਼ਟੀ ਕਰਨ ਲਈ ਵਾਹਨ ਐਪ ਦੀ ਵਰਤੋਂ ਕਰਕੇ ਪਾਰਕਿੰਗ ਖੇਤਰਾਂ ਦਾ ਨਿਰੀਖਣ ਕੀਤਾ ਗਿਆ। ਫਾਰਮਾਸਿਊਟੀਕਲ ਨਿਯਮਾਂ ਦੀ ਪੂਰੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਨੇੜਲੇ ਮੈਡੀਕਲ ਸਟੋਰਾਂ ਦੀ ਵੀ ਜਾਂਚ ਕੀਤੀ ਗਈ। ਪੁਲਿਸ ਅਧਿਕਾਰੀਆਂ ਨੇ ਸਾਰੇ ਸਟੋਰ ਮਾਲਕਾਂ ਨੂੰ ਸਿਰਫ਼ ਸਹੀ ਇਨਵੌਇਸ ਅਤੇ ਦਸਤਾਵੇਜ਼ਾਂ ਨਾਲ ਹੀ ਦਵਾਈਆਂ ਵੇਚਣ ਦੀ ਸਖ਼ਤ ਹਦਾਇਤ ਕੀਤੀ। ਇਹ ਫੈਸਲਾਕੁੰਨ ਕਾਰਵਾਈ ਜਲੰਧਰ ਪੁਲਿਸ ਦੀ ਦਵਾਈਆਂ ਦੇ ਵਪਾਰ ਨੂੰ ਨਿਯਮਤ ਕਰਨ ਅਤੇ ਖੇਤਰ ਵਿੱਚ ਗੈਰ-ਕਾਨੂੰਨੀ ਡਰੱਗ ਨੈੱਟਵਰਕ ਨੂੰ ਖਤਮ ਕਰਨ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਕਾਰਵਾਈ ਸ਼ਹਿਰ ਵਿੱਚ ਜਨਤਕ ਸਿਹਤ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਹੈ।

# ਚਿੱਟਾ ਕੁਈਨ ਅਮਨਦੀਪ ਦੇ ਦੋਸਤ ਸੋਨੂੰ ਦਾ ਪੁਲਿਸ ਨੂੰ ਮਿਲਿਆ ਤਿੰਨ ਦਿਨ ਦਾ ਰਿਮਾਂਡ

**ਬਠਿੰਡਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਲੀ ਥਾਰ 'ਚ ਚਿੱਟੇ ਸਮੇਤ ਗ੍ਰਿਫਤਾਰ ਬਰਖਾਸਤ ਹੈਡ ਕਾਂਸਟੇਬਲ ਅਮਨਦੀਪ ਕੌਰ ਵਾਸੀ ਚੱਕ ਫਤਿਹ ਸਿੰਘ ਵਾਲੇ ਦੇ ਦੋਸਤ ਬਲਵਿੰਦਰ ਸਿੰਘ ਉਰਫ ਸੋਨੂੰ ਦਾ ਪੁਲਿਸ ਨੇ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ ਜਿਸ ਦੌਰਾਨ ਪੁਲਿਸ ਸੋਨੂੰ ਤੋਂ ਨਸ਼ਾ ਤਸਕਰੀ ਨਾਲ ਜੁੜੀਆਂ ਤੰਦਾਂ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰੇਗੀ। ਪੁਲਿਸ ਨਸ਼ਾ ਤਸਕਰੀ ਦੇ ਇਸ ਗੋਰਖਧੰਦੇ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਅਦਾਲਤ ਤੋਂ ਅਮਨਦੀਪ ਦਾ ਇੱਕ ਵਾਰ ਫਿਰ ਤੋਂ ਰਿਮਾਂਡ ਹਾਸਲ ਕਰਕੇ ਦੋਵਾਂ ਤੋਂ ਵੱਖ ਵੱਖ ਅਤੇ ਆਹਮੋ ਸਾਹਮਣੇ ਬਿਠਾਕੇ ਵੀ ਪੁੱਛਗਿਛ ਕਰ ਸਕਦੀ ਹੈ। ਬਲਵਿੰਦਰ ਸਿੰਘ ਸੋਨੂੰ ਨੂੰ ਸੀਆਈਏ ਸਟਾਫ ਦੀ ਟੀਮ ਨੇ 18 ਦਿਨਾਂ ਦੀ ਕਰੜੀ ਮੁਸ਼ੱਕਤ ਤੋਂ ਬਾਅਦ ਸੋਮਵਾਰ ਨੂੰ ਮੋਹਾਲੀ ਤੋਂ ਗ੍ਰਿਫਤਾਰ ਕੀਤਾ ਸੀ।

ਸੋਨੂੰ ਆਪਣੀ ਪਤਨੀ ਗੁਰਮੇਲ ਕੌਰ ਉਰਫ ਗਗਨ ਦੀ ਕੁੱਟਮਾਰ ਕਰਨ ਤੋਂ ਬਾਅਦ ਫਰਾਰ ਹੋ ਗਿਆ ਸੀ। ਅਮਨਦੀਪ ਵੱਲੋਂ ਪੁਲਿਸ ਰਿਮਾਂਡ ਦੌਰਾਨ ਕੀਤੇ ਖੁਲਾਸਿਆਂ ਮਗਰੋਂ ਪੁਲਿਸ ਨੇ ਬਲਵਿੰਦਰ ਸਿੰਘ ਉਰਫ ਸੋਨੂੰ ਨੂੰ 3 ਅਪ੍ਰੈਲ ਨੂੰ ਅਮਨਦੀਪ ਕੌਰ ਖਿਲਾਫ ਦਰਜ ਕੇਸ ਵਿੱਚ ਦੋਸ਼ੀ ਵਜੋਂ ਨਾਮਜਦ ਕੀਤਾ ਸੀ। ਥਾਣਾ ਕੈਂਟ ਦੇ ਮੁੱਖ ਥਾਣਾ ਅਫਸਰ ਹਰਜੀਵਨ ਸਿੰਘ ਨੇ ਦੱਸਿਆ ਕਿ ਅਦਾਲਤ 'ਚ ਪੇਸ਼ ਕਰਕੇ ਬਲਵਿੰਦਰ ਸਿੰਘ ਉਰਫ ਸੋਨੂੰ ਦਾ 7 ਦਿਨ ਦਾ ਰਿਮਾਂਡ ਮੰਗਿਆ ਸੀ ਪਰ ਅਦਾਲਤ ਨੇ ਤਿੰਨ ਦਾ ਰਿਮਾਂਡ ਦਿੱਤਾ ਹੈ। ਮੁੱਖ ਥਾਣਾ ਅਫਸਰ ਨੇ ਇਸ ਮਾਮਲੇ 'ਚ ਕੋਈ ਹੋਰ ਪ੍ਰਤੀਕਿਰਿਆ ਦੇਣ ਤੋਂ ਪੂਰੀ ਤਰਾਂ ਟਾਲਾ ਵੱਟਿਆ ਅਤੇ ਪੱਤਰਕਾਰਾਂ ਦੇ ਹਰ ਸਵਾਲ ਨੂੰ ਜਾਂਚ ਨਾਲ ਜੋੜਕੇ ਬਾਅਦ 'ਚ ਦੱਸਣ ਬਾਰੇ ਕਿਹਾ ਗਿਆ।

ਹਾਲਾਂਕਿ ਪੁਲਿਸ ਕਿਸੇ ਕਿਸਮ ਦਾ ਖੁਲਾਸਾ ਕਰਨ ਤੋ ਗੁਰੇਜ਼ ਕਰਦੀ ਦਿਖਾਈ ਦਿੱਤੀ ਪਰ ਅਧਿਕਾਰੀਆਂ ਨੂੰ ਅਹਿਮ ਜਾਣਕਾਰੀ ਮਿਲਣ ਦੀ ਉਮੀਦ ਹੈ ਜੋ ਇਸ ਕੇਸ ਨੂੰ ਨਵਾਂ ਮੋੜ ਦੇਣ ਵਾਲੀ ਸਾਬਤ ਹੋ ਸਕਦੀ ਹੈ।ਦੱਸਣਯੋਗ ਹੈ ਕਿ ਅਮਨਦੀਪ ਕੌਰ ਨੂੰ ਐਂਟੀ ਨਾਰਕੋਟਿਕਸ ਟਾਸਕ ਫੋਰਸ ਅਤੇ ਸਿਖਲਾਈ ਅਧੀਨ ਆਈਪੀਐਸ ਅਫਸਰ ਅਭਿਨਵ ਜੈਨ ਦੀ ਟੀਮ ਨੇ 3 ਅਪ੍ਰੈਲ ਨੂੰ 17 .71 ਗ੍ਰਾਮ ਚਿੱਟੇ ਸਮੇਤ ਗ੍ਰਿਫਤਾਰ ਕੀਤਾ ਸੀ। ਇਸ ਮਾਮਲੇ ਦੀ ਅਮਨਦੀਪ ਕੌਰ ਤੋਂ ਪੁੱਛਗਿਛ ਦੌਰਾਨ ਸੋਨੂੰ ਦਾ ਨਾਮ ਸਾਹਮਣੇ ਆਇਆ ਸੀ। ਜਿਸ ਦਿਨ ਪੁਲਿਸ ਅਮਨਦੀਪ ਨੂੰ ਅਦਾਲਤ 'ਚ ਪੇਸ਼ ਕਰਨ ਲਈ ਲਿਆਈ ਤਾਂ ਮੌਕੇ ਤੇ ਸੋਨੂੰ ਦੀ ਪਤਨੀ ਗੁਰਮੇਲ ਕੌਰ ਵੀ ਪੁੱਜ ਗਈ ਜਿਸ ਨੇ ਆਪਣੇ ਪਤੀ ਤੇ ਅਮਨਦੀਪ ਨਾਲ ਮਿਲਕੇ ਚਿੱਟੇ ਦੀ ਤਸਕਰੀ ਕਰਨ ਦੇ ਦੋਸ਼ ਲਾਏ ਸਨ।

ਸਪੈਸ਼ਲ ਰਿਪੋਰਟ

ਚਿੜੀਆਂ ਚੁਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ, ਪੰਛੀਆਂ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ।

# ਲੱਗੀ ਨਜ਼ਰ ਪੰਜਾਬ ਨੂੰ

ਜੁਝਾਰ ਸਿੰਘ (ਬਿੱਟੂ)





ਬਜ਼ੁਰਗ ਦੱਸਦੇ ਹਨ ਕਿ ਅੱਜ ਤੋਂ 50 ਕੁ ਸਾਲ ਪਹਿਲਾਂ ਪੰਜਾਬੀ ਸੱਭਿਆਚਾਰ ਭਰ ਜੋਬਨ 'ਤੇ ਸੀ ਅਤੇ ਸਾਦਗੀ, ਭੋਲਾਪਨ, ਮਿਹਨਤ, ਈਮਾਨਦਾਰੀ ਅਤੇ ਹਮਦਰਦੀ ਨਾਲ ਭਰਪੂਰ ਸੀ। ਵੱਡੇ ਤੜਕੇ ਕੁੱਕੜਾਂ ਦੀਆਂ ਬਾਗਾਂ ਸੁਣਨ ਨਾਲ ਲੋਕ ਉੱਠ ਜਾਂਦੇ ਸਨ। ਔਰਤਾਂ ਚੱਕੀ ਝੋਅ ਲੈਂਦੀਆਂ, ਰਿੜਕਣਿਆਂ ਵਿੱਚ ਮਧਾਣੀਆਂ ਘੁੰਮਣ ਲੱਗ ਜਾਂਦੀਆਂ ਅਤੇ ਹਾਲੀ ਬਲਦਾਂ ਦੇ ਗਲ ਹਲ ਪੰਜਾਲੀ ਪਾ ਕੇ ਖੇਤਾਂ ਵੱਲ ਤੁਰ ਜਾਂਦੇ ਸਨ। ਚਿੜੀਆਂ ਚੂਕਦੀਆਂ, ਗੁਰਦੁਆਰੇ, ਡੇਰਿਆਂ ਵਿੱਚੋਂ ਘੜਿਆਲ ਅਤੇ ਸੰਖ ਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਸਨ। ਨਿਆਈਆਂ ਵਿੱਚ ਕੋਈ ਹਾਲੀ ਹਲ ਵਾਹੁੰਦਾ ਹੋਇਆ ਕਲੀਆਂ ਦੇ ਗਾਉਣ ਰਾਹੀਂ ਰੱਬ ਨੂੰ ਚੇਤੇ ਕਰਦਾ ਸੁਣਾਈ ਦਿੰਦਾ ਸੀ। ਪਹੁ ਫੁਟਦਿਆਂ ਸਾਰ ਲੋਕ ਚਾਹ ਪੀ ਕੇ ਬਾਹਰ ਖੇਤਾਂ ਵੱਲ ਜੰਗਲ ਪਾਣੀ ਜਾਂਦੇ ਸਨ। ਇਸੇ ਬਹਾਨੇ ਸਵੇਰ ਦੀ ਸੈਰ ਅਤੇ ਦਾਤਣ ਕੁਰਲਾ ਹੋ ਜਾਂਦਾ ਸੀ। ਉਦੋਂ ਪਿੰਡ ਵਿੱਚ ਕੋਈ ਹੀ ਅਜਿਹਾ ਘਰ ਹੁੰਦਾ ਜਿਸ ਦੇ ਦੁੱਧ ਲੱਸੀ ਨਾ ਹੋਵੇ। ਜੇ ਕਿਸੇ ਗਰੀਬ ਘਰ ਦੁੱਧ ਨਹੀਂ ਸੀ ਹੁੰਦਾ, ਉਹ ਕਿਸੇ ਵੀ ਘਰੋਂ ਦੁੱਧ ਦੀ ਗੜਵੀ ਲੈ ਕੇ ਆਪਣਾ ਚਾਹ-ਪਾਣੀ ਬਣਾ ਲੈਂਦੇ ਸਨ। ਉਦੋਂ ਦੁੱਧ ਵੇਚਣਾ ਪੁੱਤ ਵੇਚਣ ਦੇ ਬਰਾਬਰ ਸਮਝਿਆ ਜਾਂਦਾ ਸੀ। ਅੱਜ ਕੋਈ ਵਿਰਲਾ ਘਰ ਹੀ ਹੋਵੇਗਾ, ਜੋ ਦੁੱਧ ਨਾ ਵੇਚਦਾ ਹੋਵੇ। ਹੁਣ ਤਾਂ ਨਕਲੀ ਦੁੱਧ ਬਣਾ ਕੇ ਵੀ ਵੇਚਿਆ ਜਾ ਰਿਹਾ ਹੈ।

ਸਵੇਰੇ ਮਿੱਸੇ ਆਟੇ ਦੀ ਹਾਜਰੀ ਰੋਟੀ, ਮੱਖਣ, ਦਹੀਂ, ਦੇਸੀ ਘਿਉ, ਚਿੱਬੜਾਂ ਦੀ ਚੱਟਨੀ ਅਤੇ ਖੱਟੀ ਲੱਸੀ ਨਾਲ ਬਹੁਤ ਸਵਾਦ ਲੱਗਦੀ ਸੀ। ਹਾਜਰੀ ਰੋਟੀ ਖਾ ਕੇ ਲੋਕ ਆਪਣੇ-ਆਪਣੇ ਧੰਦਿਆਂ ਵਿੱਚ ਲੱਗ ਜਾਂਦੇ ਸਨ। ਸਾਡੇ ਬਜ਼ੁਰਗ ਦੱਸਦੇ ਹਨ ਕਿ ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਚਲੇ ਜਾਂਦੇ। ਬਹੁਤੇ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਵੀ ਨਹੀਂ ਸਨ। ਅੱਗੇ ਪੜ੍ਹਨ ਲਈ ਨਾਲ ਦੇ ਸ਼ਹਿਰ ਜਾਣਾ ਪੈਂਦਾ ਸੀ। ਬੱਚਿਆਂ ਨੂੰ ਸਕੂਲ ਵਿੱਚ ਅਧਿਆਪਕ ਇੰਨਾ ਪੜ੍ਹਾ ਦਿੰਦੇ ਸਨ ਕਿ ਟਿਊਸ਼ਨ ਰੱਖਣ ਦੀ ਜ਼ਰੂਰਤ ਨਹੀਂ ਸੀ ਪੈਂਦੀ। ਮੁੰਡੇ ਕੁੜੀਆਂ ਪੰਜਵੀਂ-ਛੇਵੀਂ ਕਲਾਸ ਤਕ ਇਕੱਠੇ ਹੀ ਖੇਡਦੇ ਸਨ। ਕਿਸੇ ਦੇ ਮਨ ਵਿੱਚ ਕਪਟ ਜਾਂ ਚਲਾਕੀ ਵਾਲੀ ਕੋਈ ਗੱਲ ਹੀ ਨਹੀਂ ਸੀ ਹੁੰਦੀ। ਹਰੇਕ ਪਿੰਡ ਖੂਹ ਅਤੇ ਹਲਟੀਆਂ ਹੁੰਦੀਆਂ ਸਨ। ਦਿਨ ਚੜ੍ਹੇ ਕੁੜੀਆਂ ਦੀਆਂ ਟੋਲੀਆਂ ਖੂਹਾਂ ਤੋਂ ਪਾਣੀ ਦੇ ਘੜੇ ਭਰ ਕੇ ਲਿਆਉਂਦੀਆਂ। ਕਈ ਘਰਾਂ ਦੇ ਘੜੇ ਮਸ਼ਕ ਨਾਲ ਵੀ ਭਰੇ ਜਾਂਦੇ ਸਨ। ਕੁੜੀਆਂ/ਬੁੜੀਆਂ ਹਲਟੀ 'ਤੇ ਆਪੋ-ਆਪਣੇ ਪਰਿਵਾਰਾਂ ਦੇ ਕੱਪੜੇ ਧੋਣ ਆਉਂਦੀਆਂ। ਕੱਪੜੇ ਧੋਂਦਿਆਂ ਪਿੰਡ ਵਿੱਚ ਵਾਪਰੀ ਹਰੇਕ ਗੱਲ ਦਾ ਸਹਿਜੇ ਹੀ ਪਤਾ ਲੱਗ ਜਾਂਦਾ ਸੀ। ਆਉਣ ਜਾਣ ਦਾ ਸਾਧਨ ਪੈਦਲ ਜਾਂ ਊਠ ਘੋੜੀਆਂ ਹੋਣ ਕਾਰਨ ਆਉਂਦੇ ਜਾਂਦੇ ਰਾਹ ਵੀ ਇਨ੍ਹਾਂ ਖੂਹਾਂ ਤੋਂ ਪਾਣੀ ਪੀਂਦੇ ਸਨ। ਖੇਤਾਂ ਨੂੰ ਪਾਣੀ ਦੇਣ ਦਾ ਸਾਧਨ ਨਹਿਰਾਂ ਅਤੇ ਹਲਟ ਸਨ। ਬੱਚੇ ਹਲਟ ਦੀ ਗਰਧਲ (ਲੱਠ) 'ਤੇ ਬੈਠ ਕੇ ਝੂਟੇ ਲੈਂਦੇ ਅਤੇ ਟੱਕ-ਟੱਕ ਕਰਦੇ ਕੁੱਤੇ ਦੀ ਆਵਾਜ਼ ਸੁਣ ਕੇ ਬੜੇ ਖ਼ੁਸ਼ ਹੁੰਦੇ ਸਨ। ਖੂਹ ਦੀਆਂ ਟਿੰਡਾਂ ਦਾ ਪਾਣੀ ਪਾੜਸ਼ੇ ਵਿੱਚ ਡਿੱਗਦਾ ਕੋਈ ਰਾਗ ਅਲਾਪਦਾ ਜਾਪਦਾ ਸੀ।

ਹਾਲੀਆਂ ਅਤੇ ਖੇਤਾਂ ਵਿੱਚ ਸਵੱਖਤੇ ਆਏ ਹੋਰ ਕਾਮਿਆਂ ਨੂੰ ਭੱਤੇ ਦੀ ਉਡੀਕ ਹੁੰਦੀ ਸੀ। ਸੁਆਣੀਆਂ ਖੱਦਰ ਦੇ ਪੋਣਿਆਂ ਵਿੱਚ ਰੋਟੀਆਂ ਬੰਨ੍ਹ ਕੇ, ਲੱਸੀ ਦਾ ਕੁੱਜਾ ਭਰ ਕੇ, ਦਹੀਂ, ਮੱਖਣ, ਸਰ੍ਹੋਂ ਦਾ ਸਾਗ ਅਤੇ ਦੁਪਹਿਰ ਦੀ ਚਾਹ ਲਈ ਗੁੜ, ਮੱਟੀ ਫਲੀ ਦੀ ਚਾਹ ਪੱਤੀ ਅਤੇ ਬੋਤਲ ਵਿੱਚ ਦੁੱਧ ਆਦਿ ਸਾਰਾ ਸਮਾਨ ਟੋਕਰੇ ਵਿੱਚ ਧਰ ਕੇ ਖੇਤਾਂ ਵੱਲ ਚੱਲ ਪੈਂਦੀਆਂ ਸਨ। ਖੇਤ ਵਿੱਚ ਭੁੰਜੇ ਬੈਠ ਕੇ ਰੋਟੀ ਖਾਣ ਦਾ ਵੱਖਰਾ ਹੀ ਨਜ਼ਾਰਾ ਹੁੰਦਾ। ਰੋਟੀ ਖਵਾ ਕੇ ਔਰਤਾਂ ਘਰ ਨੂੰ ਮੁੜਨ ਲੱਗੀਆਂ ਰੁੱਤ ਅਨੁਸਾਰ ਗੁਆਰੇ ਦੀਆਂ ਫਲੀਆਂ, ਸਰ੍ਹੋਂ ਦਾ ਸਾਗ ਅਤੇ ਛੱਲੀਆਂ ਤੋੜ ਕੇ ਟੋਕਰੇ ਵਿੱਚ ਧਰ ਲਿਆਉਂਦੀਆਂ ਸਨ। ਸਾਰਾ ਸਿਆਲ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਖਾਧੀ ਜਾਂਦੀ ਸੀ। ਕਦੇ ਕੋਈ ਪ੍ਰਾਹੁਣਾ ਆਏ ਤੋਂ ਹੀ ਕਣਕ ਦੀ ਰੋਟੀ ਲਾਹੀ ਜਾਂਦੀ ਸੀ ਪਰ ਹੁਣ ਇਸ ਦੇ ਉਲਟ ਮੱਕੀ ਦੀ ਰੋਟੀ ਹੀ ਨਿਆਮਤ ਬਣ ਗਈ ਹੈ। ਲੋਕ ਘੁਲਾੜੀਆਂ ਤੋਂ ਗੰਨੇ ਦਾ ਰਸ ਅਤੇ ਤੱਤਾ ਗੁੜ ਖਾ ਕੇ ਮੌਜ ਕਰਦੇ ਸਨ। ਹਾੜ੍ਹੀ ਦੀ ਫ਼ਸਲ ਵੇਲੇ ਸਬਜ਼ੀ ਲਈ ਹਰਾ ਛੋਲੂਆ ਅਤੇ ਹੋਲਾਂ ਭੁੰਨਣ ਲਈ ਪੱਕਿਆ ਛੋਲੂਆ ਪੁੱਟ ਲਿਆਉਂਦੇ ਸਨ। ਹੋਲਾਂ ਬੜੀਆਂ ਸਵਾਦ ਲੱਗਦੀਆਂ ਸਨ। ਉਸ ਸਮੇਂ ਖੇਤਾਂ ਦੀ ਵਹਾਈ ਤੇ ਬਿਜਾਈ ਦਾ ਕੰਮ ਬਲਦਾਂ ਅਤੇ ਊਠਾਂ ਰਾਹੀਂ ਲੱਕੜ ਦੇ ਹਲਾਂ ਨਾਲ ਕੀਤਾ ਜਾਂਦਾ ਸੀ। ਫ਼ਸਲਾਂ ਦੀ ਢੋਅ-ਢੁਆਈ ਗੱਡਿਆਂ ਰਾਹੀਂ ਕੀਤੀ ਜਾਂਦੀ ਸੀ। ਕਣਕ ਦੀ ਗਹਾਈ ਲਈ ਬਲਦਾਂ ਪਿੱਛੇ ਫਲ ਪਾ ਕੇ ਇੱਕ ਮਹੀਨੇ ਤੋਂ ਵੱਧ ਸਮਾਂ ਨਿਆਈਆਂ ਵਿੱਚ ਪਿੜ ਲੱਗੇ ਰਹਿੰਦੇ ਸਨ। ਸਾਰਾ ਕੰਮ ਬਲਦਾਂ ਰਾਹੀਂ ਹੋਣ ਕਰਕੇ ਬਲਦਾਂ ਦੀ ਬਹੁਤ ਸੇਵਾ ਕੀਤੀ ਜਾਂਦੀ ਸੀ। ਗੱਭਰੂ ਹਰੇ ਚਾਰੇ (ਚਰ੍ਹੀ, ਬਾਜਰਾ, ਗਵਾਰਾ ਆਦਿ) ਦੇ ਕਈ-ਕਈ ਭਰੇ ਹੱਥਾਂ ਨਾਲ ਫੇਰਨ ਵਾਲੀ ਮਸ਼ੀਨ ਨਾਲ ਟੋਕਾ ਕਰਦੇ ਅਤੇ ਤੰਦਰੁਸਤ ਰਹਿੰਦੇ ਸਨ। ਸ਼ਾਮ ਨੂੰ ਰੋਟੀ ਵੇਲੇ ਹਾਰੇ ਦਾ ਕੜ੍ਹਿਆ ਦੁੱਧ ਛੰਨੇ ਭਰ-ਭਰ ਪੀਂਦੇ ਸਨ। ਸੀਰੀ ਸਾਂਝੀ ਨੂੰ ਵੀ ਪੀਣ ਲਈ ਦੁੱਧ ਦਿੱਤਾ ਜਾਂਦਾ ਸੀ। ਸਾਰਾ ਕੰਮ ਲੋਕ ਖ਼ੁਦ ਕਰਦੇ ਸਨ। ਬਜ਼ੁਰਗ ਦੱਸਦੇ ਹਨ ਕਿ ਪਿੰਡਾਂ ਵਿੱਚ ਹਰੇਕ ਪੱਤੀ (ਅਗਵਾੜ) ਵਿੱਚ ਥਾਈ ਅਤੇ ਦਰਵਾਜ਼ਾ ਹੁੰਦਾ ਜਿੱਥੇ ਬੈਠ ਕੇ ਲੋਕ ਆਪਣਾ ਵਿਹਲਾ ਸਮਾਂ ਗੱਲੀਂ- ਬਾਤੀਂ ਹੱਸ ਕੇ ਜਾਂ ਤਾਸ਼ ਅਤੇ ਬਾਰਾਂ-ਵੀਟੀ ਖੇਡ ਕੇ ਗੁਜ਼ਾਰਦੇ ਸਨ। ਇਨ੍ਹਾਂ ਥਾਈਆਂ ਵਿੱਚ ਹੀ ਬਰਾਤਾਂ ਠਹਿਰਾਈਆਂ ਜਾਂਦੀਆਂ ਸਨ।

ਸਾਡੀ ਬੇਬੇ ਦੱਸਿਆ ਕਰਦੀ ਸੀ ਕਿ ਉਨ੍ਹੀਂ ਦਿਨੀਂ ਕੁੜੀਆਂ ਦੇ ਕੱਤਣ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਸੀ। ਸਰਦੀਆਂ ਵਿੱਚ ਆਂਢ-ਗੁਆਂਢ ਦੀਆਂ ਕੁੜੀਆਂ-ਕੱਤਰੀਆਂ ਰਾਤ ਨੂੰ ਰੋਟੀ ਟੁੱਕ ਖਾ ਮੁਕਾ ਕੇ ਕਿਸੇ ਇੱਕ ਘਰ ਛੋਪ (ਤ੍ਰਿੰਝਣ) ਪਾਉਂਦੀਆਂ ਜਿੱਥੇ ਅੱਧੀ ਰਾਤ ਤਕ ਚਰਖੇ ਕੱਤੀ ਜਾਂਦੀਆਂ, ਜਿਸ ਘਰ ਛੋਪ ਪਾਉਂਦੀਆਂ, ਉੱਥੇ ਰਾਤ ਨੂੰ ਸੌਂ ਜਾਂਦੀਆਂ ਸਨ।

ਕਿੰਨਾ ਹੀ ਪਿਆਰ ਅਤੇ ਸੁਹਿਰਦਤਾ ਵਾਲਾ ਮਾਹੌਲ ਹੁੰਦਾ ਸੀ, ਉਨ੍ਹਾਂ ਕੁੜੀਆਂ-ਚਿੜੀਆਂ ਦਾ। ਘਰ ਦਾ ਸੂਤ ਕੱਤ ਕੇ ਕਈ ਕੁੜੀਆਂ ਰਲ ਕੇ ਤਾਣਾ ਤਣਦੀਆਂ, ਪਾਣ ਲਾਉਂਦੀਆਂ ਅਤੇ ਕੁੰਭਲਾਂ ਰਾਹੀਂ ਖੱਦਰ ਬੁਣ ਕੇ ਖੇਸ ਅਤੇ ਦੋੜੇ ਬਣਾ ਲੈਂਦੀਆਂ ਸਨ। ਸੂਈ ਧਾਗੇ ਨਾਲ ਚਾਦਰਾਂ, ਸਿਰਹਾਣੇ ਤੇ ਫੁਲਕਾਰੀਆਂ ਕੱਢਦੀਆਂ ਅਤੇ ਦਰੀਆਂ-ਪੱਖੀਆਂ ਨਾਲੇ ਬੁਣਦੀਆਂ ਸਨ। ਧੀ ਦੇ ਵਿਆਹ ਤੋਂ ਪਹਿਲਾਂ ਇਨ੍ਹਾਂ ਵਸਤਾਂ ਨਾਲ ਦਾਜ ਵਾਲੀ ਪੇਟੀ ਭਰ ਦਿੱਤੀ ਜਾਂਦੀ ਸੀ। ਕੁੜੀ ਦੇ ਵਿਆਹ ਮੌਕੇ ਉਸ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿੱਚੋਂ ਸੱਗੀ-ਫੁੱਲ ਅਤੇ ਪਿੱਪਲ-ਪੱਤੀਆਂ ਪ੍ਰਮੁੱਖ ਸਨ, ਜਿਹੜੇ ਅੱਜ ਵੀ ਯਾਦ ਕੀਤੇ ਜਾਂਦੇ ਹਨ। ਕੁੜੀ ਸਹੁਰੇ ਘਰ ਜਾ ਕੇ ਘੱਗਰਾ ਪਹਿਨਦੀ ਅਤੇ ਵੱਡੇ ਥਾਂ ਲੱਗਦੇ ਸਹੁਰੇ ਜਾਂ ਜੇਠ ਤੋਂ ਘੁੰਢ ਕੱਢਦੀ ਸੀ। ਸਹੁਰਾ ਅਤੇ ਜੇਠ ਵੀ ਬਾਹਰੋਂ ਘਰ ਅੰਦਰ ਆਉਣ ਵੇਲੇ ਖੰਗੂਰਾ ਮਾਰ ਕੇ ਅੰਦਰ ਵੜਦੇ ਤਾਂ ਕਿ ਅੰਦਰ ਬੈਠੀਆਂ ਔਰਤਾਂ ਸੁਚੇਤ ਹੋ ਜਾਣ। ਅੱਖ ਦੀ ਸ਼ਰਮ ਮੰਨੀ ਜਾਂਦੀ ਅਤੇ ਵੱਡਿਆਂ ਦੀ ਇੱਜ਼ਤ ਕੀਤੀ ਜਾਂਦੀ ਸੀ। ਬਜ਼ੁਰਗਾਂ ਦੇ ਦੱਸਣ ਮੁਤਾਬਕ ਉਦੋਂ ਲੋਕਾਂ ਦਾ ਮਨੋਰੰਜਨ ਧਾਰਮਿਕ ਰੀਤੀ-ਰਿਵਾਜਾਂ ਜਾਂ ਰੁੱਤਾਂ ਅਨੁਸਾਰ ਲੱਗਦੇ ਮੇਲਿਆਂ ਰਾਹੀਂ ਹੁੰਦਾ ਸੀ, ਜਿੱਥੇ ਲੋਕ ਸੁੱਖਾਂ ਸੁੱਖਦੇ, ਮਿੱਟੀ ਕੱਢਦੇ ਅਤੇ ਪਰਿਵਾਰਾਂ ਸਮੇਤ ਨਵੇਂ ਕੱਪੜੇ ਪਾ ਕੇ ਅਤੇ ਪੱਗਾਂ ਨੂੰ ਲਲਾਰੀ ਤੋਂ ਮਾਵਾ-ਵਰਕ ਲਗਵਾ ਕੇ ਮੇਲਾ ਵੇਖਣ ਜਾਂਦੇ ਸਨ। ਮੱਲਾਂ ਦੇ ਘੋਲ, ਗੱਭਰੂਆਂ ਦੀ ਕਬੱਡੀ ਅਤੇ ਭੰਗੜਾ ਦੇਖ ਕੇ ਆਨੰਦ ਮਾਣਦੇ। ਕਿਸੇ ਪਾਸੇ ਕਵੀਸ਼ਰਾਂ ਅਤੇ ਢਾਡੀਆਂ ਪਾਸੋਂ ਪ੍ਰਸੰਗ ਸੁਣੇ ਜਾਂਦੇ ਤੇ ਕਿਸੇ ਪਾਸੇ ਜਲੇਬੀਆਂ ਅਤੇ ਕਰਾਰੇ ਪਕੌੜੇ ਖਾਣ ਦਾ ਲੁਤਫ਼ ਲੈਂਦੇ। ਬੱਚੇ ਚੱਕਰ-ਝੂੰਢਿਆਂ 'ਤੇ ਝੂਟੇ ਲੈ ਕੇ ਖ਼ੁਸ਼ ਹੁੰਦੇ ਸਨ। ਜਦ ਕਦੇ ਅੱਠ-ਦਸ ਮੀਲ ਦੇ ਫਾਸਲੇ ਅੰਦਰ ਕਿਸੇ ਗਾਉਣ ਵਾਲੇ ਨੇ ਲੱਗਣਾ ਹੁੰਦਾ ਤਾਂ ਸਾਜਰੇ ਹੀ ਪਸ਼ੂਆਂ ਲਈ ਕੱਖ-ਕੰਡਾ ਲਿਆਉਂਦੇ ਅਤੇ ਇਕੱਠੇ ਹੋ ਕੇ ਪੈਦਲ ਹੀ ਅਖਾੜਾ ਸੁਣਨ ਜਾਂਦੇ।

ਫਲਾਣੇ ਪਿੰਡ ਸਲਿੰਦਰਾ ਲੱਗਣੀ ਐ। ਦੱਸਦੇ ਹਨ ਉਦੋਂ ਬਰਾਤਾਂ ਰੱਥ-ਗੱਡੀਆਂ ਅਤੇ ਊਠ ਘੋੜਿਆਂ 'ਤੇ ਆਉਂਦੀਆਂ ਅਤੇ ਕਈ-ਕਈ ਦਿਨ ਠਹਿਰਦੀਆਂ ਸਨ। ਬਰਾਤ ਆਉਣ ਤੋਂ ਅਗਲੀ ਸਵੇਰ ਚੜ੍ਹਦੇ ਨੂੰ ਆਨੰਦ ਕਾਰਜ ਦੀ ਰਸਮ ਪੂਰੀ ਕਰ ਦਿੱਤੀ ਜਾਂਦੀ ਸੀ। ਰਾਤ ਨੂੰ ਜਦ ਬਰਾਤ ਰੋਟੀ ਖਾਣ ਆਉਂਦੀ, ਘਰ ਦੇ ਕੋਠਿਆਂ ਦੇ ਬਨੇਰਿਆਂ 'ਤੇ ਬੈਠੀਆਂ ਔਰਤਾਂ ਵੱਲੋਂ ਗੀਤ ਗਾ ਕੇ ਜੰਞ ਬੰਨ੍ਹ ਦਿੱਤੀ ਜਾਂਦੀ ਸੀ। ਜਦ ਤਕ ਕੋਈ ਜਨੇਤੀ ਬੰਨ੍ਹੀ ਹੋਈ ਨਹੀਂ ਸੀ ਛੁਡਾਉਂਦਾ, ਰੋਟੀ ਨਹੀਂ ਸੀ ਖਾਂਧੀ ਜਾਂਦੀ। ਜਨੇਤੀਆਂ ਨੂੰ ਔਰਤਾਂ ਗੀਤਾਂ, ਦੋਹੇ ਅਤੇ ਸਿੱਠਣੀਆਂ ਰਾਹੀਂ ਗਾਲ੍ਹਾਂ ਕੱਢ ਕੇ ਚਿੱਤ ਖ਼ੁਸ਼ ਕਰਦੀਆਂ ਸਨ। ਕਈ ਜਨੇਤੀਆਂ ਦੀ ਪਿੱਠ 'ਤੇ ਥਾਪੇ ਵੀ ਲਾਏ ਜਾਂਦੇ ਸਨ। ਬਰਾਤਾਂ ਵਿੱਚ ਨਕਲੀਏ ਅਤੇ ਨਚਾਰ ਲਿਆਉਣ ਦਾ ਰਿਵਾਜ ਸੀ। ਬਰਾਤੀਆਂ ਦੇ ਗਲਾਂ ਵਿੱਚ ਸੋਨੇ ਦੇ ਕੈਂਠੇ ਆਮ ਦੇਖੇ ਜਾਂਦੇ ਸਨ। ਜਿਸ ਥਾਈ ਵਿੱਚ ਜੰਨ ਦਾ ਉਤਾਰਾ ਹੁੰਦਾ, ਰਾਤ ਨੂੰ ਲੋਕ ਟੋਲੀਆਂ ਬਣਾ ਕੇ ਉਸ ਅੱਗੇ ਆ ਬੈਠਦੇ ਅਤੇ ਸਪੀਕਰ ਵਾਲੇ ਤੋਂ ਆਪਣੀ ਪਸੰਦ ਦੀਆਂ ਕਲੀਆਂ ਦੇ ਤਵੇ (ਰਿਕਾਰਡ) ਲਗਵਾ ਕੇ ਅੱਧੀ ਰਾਤ ਤਕ ਸੁਣਦੇ ਰਹਿੰਦੇ ਸਨ। ਉਦੋਂ ਪੱਥਰ ਦੇ ਤਵੇ ਹੁੰਦੇ ਸਨ। ਥਾਈ ਦੇ ਛੱਤ ਉਪਰ ਦੋ ਮੰਜੇ ਖੜ੍ਹੇ ਕਰਕੇ ਸਪੀਕਰ ਟੰਗਿਆ ਹੁੰਦਾ ਸੀ। ਰਾਤ ਨੂੰ ਮਾਮੀਆਂ (ਨਾਨਕੀਆਂ) ਦੀ ਟੋਲੀ ਵੱਲੋਂ ਜਾਗੋ ਕੱਢੀ ਜਾਂਦੀ ਅਤੇ ਛੱਜ ਕੁੱਟਿਆ ਜਾਂਦਾ ਸੀ। ਮਖੌਲਾਂ-ਮਖੌਲਾਂ ਵਿੱਚ ਕਈ ਘਰਾਂ ਅਤੇ ਦੁਕਾਨਾਂ ਦੇ ਪਰਨਾਲੇ ਉਖਾੜ ਦਿੱਤੇ ਜਾਂਦੇ ਸਨ।

ਸਾਉਣ ਮਹੀਨੇ ਤੀਆਂ ਦੇ ਦਿਨਾਂ ਵਿੱਚ ਕੁਆਰੀਆਂ ਅਤੇ ਵਿਆਹੀਆਂ ਮੁਟਿਆਰਾਂ ਪੀਂਘਾਂ ਝੂਟ ਕੇ ਨਜ਼ਾਰੇ ਲੈਂਦੀਆਂ ਸਨ। ਨਵ-ਵਿਆਹੀਆਂ ਮੁਟਿਆਰਾਂ ਤੀਆਂ ਦੇ ਦਿਨਾਂ ਵਿੱਚ ਆਪਣੇ ਪੇਕੇ ਪਿੰਡ ਆ ਜਾਂਦੀਆਂ ਸਨ। ਪਿੰਡ ਦੇ ਬਾਹਰਵਾਰ ਜਿੱਥੇ ਪਿੱਪਲ ਅਤੇ ਬੋਹੜ ਆਦਿ ਦਰੱਖਤ ਆਦਿ ਹੁੰਦੇ ਅਤੇ ਨੱਚਣ-ਟੱਪਣ ਲਈ ਖੁੱਲ੍ਹੀ ਥਾਂ ਹੁੰਦੀ, ਉਥੇ ਤੀਆਂ ਲੱਗਦੀਆਂ ਅਤੇ ਪੀਂਘਾਂ ਪਾਈਆਂ ਜਾਂਦੀਆਂ ਸਨ। ਕਿਸੇ-ਕਿਸੇ ਪੀਂਘ 'ਤੇ ਦੋ ਮੁਟਿਆਰਾਂ ਅੰਦਰ ਨੂੰ ਮੂੰਹ ਕਰਕੇ ਇਕੱਠੀਆਂ ਪੀਂਘ ਚੜ੍ਹਾਉਂਦੀਆਂ ਅਤੇ ਪੀਂਘ ਦੇ ਉੱਚੇ ਹੁਲਾਰੇ ਨਾਲ ਦਰੱਖਤ ਦੇ ਪੱਤੇ ਤੋੜ ਲਿਆਉਂਦੀਆਂ ਸਨ। ਇਹ ਨਜ਼ਾਰਾ ਦੇਖਣਯੋਗ ਹੁੰਦਾ ਸੀ। ਕੁੜੀਆਂ ਗਿੱਧੇ ਵਿੱਚ ਨੱਚਦੀਆਂ ਅਤੇ ਬੋਲੀਆਂ ਪਾ ਕੇ ਮਨੋ-ਵਲਵਲੇ ਪੂਰੇ ਕਰਦੀਆਂ ਸਨ। ਅੱਜ ਕੱਲ੍ਹ ਜਦ ਕਿਸੇ ਪਿੰਡ ਖੇਡ ਮੇਲਾ ਹੋਵੇ ਜਾਂ ਕਿਸੇ ਹੋਰ ਸਮਾਗਮ ਵਿੱਚ ਕਿਸੇ ਗਾਇਕ ਨੇ ਪ੍ਰੋਗਰਾਮ ਪੇਸ਼ ਕਰਨਾ ਹੋਵੇ ਤਾਂ ਉਸ ਦੀ ਮਸ਼ਹੂਰੀ ਨਿਰੋਲ ਸੱਭਿਆਚਾਰਕ ਪ੍ਰੋਗਰਾਮ ਦੇ ਤੌਰ 'ਤੇ ਕੀਤੀ ਜਾਂਦੀ ਹੈ ਜਦਕਿ ਸੱਭਿਆਚਾਰ ਵਾਲੀ ਕੋਈ ਗੱਲ ਉਸ ਵਿੱਚ ਨਜ਼ਰ ਨਹੀਂ ਆਉਂਦੀ। ਸਟੇਜ 'ਤੇ ਇੰਨੇ ਜ਼ਿਆਦਾ ਸਾਜ਼ ਵੱਜਦੇ ਹਨ ਕਿ ਸਾਜ਼ਾਂ ਅਤੇ ਢੋਲ-ਢਮੱਕੇ ਦੇ ਸ਼ੋਰ ਵਿੱਚ ਗਾਉਣ ਵਾਲੇ ਦੀ ਆਵਾਜ਼ ਗੁਆਚੀ ਜਾਪਦੀ ਹੈ। ਸੱਭਿਆਚਾਰ ਦੇ ਨਾਂ 'ਤੇ ਇਸ ਤੋਂ ਵੀ ਬੁਰਾ ਹਾਲ ਕਈ ਟੀ. ਵੀ. ਚੈਨਲਾਂ ਦਾ ਹੈ ਜਿੱਥੇ ਗਾਉਣ ਵਾਲੇ ਨਾਲ 10-12 ਮੁੰਡੇ ਅਤੇ ਅੱਧਨੰਗੀਆਂ ਕੁੜੀਆਂ ਨੂੰ ਨਚਾ ਕੇ ਲੋਕਾਂ ਦਾ ਧਿਆਨ ਖਿੱਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦਕਿ ਸਟੇਜ ਦੇ ਮੂਹਰੇ ਚਰਖਾ, ਘੜਾ, ਪੱਖੀਆਂ ਅਤੇ ਫੁਲਕਾਰੀਆਂ ਸਜਾ ਕੇ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਦਰਸਾਈ ਜਾਂਦੀ ਹੈ ਅਤੇ ਇਸ ਨੂੰ ਸੱਭਿਆਚਾਰਕ ਪ੍ਰੋਗਰਾਮ ਦਾ ਨਾਂ ਦਿੱਤਾ ਜਾਂਦਾ ਹੈ। ਕਈ ਗਾਇਕ ਸਾਜ਼ਾਂ ਅਤੇ ਮਾਡਲਾਂ ਦੇ ਸਿਰ 'ਤੇ ਹੀ ਰੋਟੀ-ਰੋਜ਼ੀ ਚਲਾ ਰਹੇ ਹਨ। ਇੱਥੇ ਪੰਜਾਬੀ ਸੱਭਿਆਚਾਰ ਨੂੰ ਸਮਰਪਿਤ ਕੁਝ ਪੁਰਾਣੇ ਗਾਇਕਾਂ ਦਾ ਜ਼ਿਕਰ ਕਰਨਾ ਉਚਿਤ ਹੋਵੇਗਾ। ਲਾਲ ਚੰਦ ਯਮਲਾ ਜੱਟ ਦੀ ਤੂੰਬੀ ਅਤੇ ਆਵਾਜ਼ ਦਾ ਜਾਦੂ ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ ਨੂੰ ਕੌਣ ਭੁੱਲ ਸਕਦਾ ਹੈ? ਅਮਰ ਸਿੰਘ ਸ਼ੌਕੀ ਦੀ ਆਵਾਜ਼ ਅਤੇ ਢੱਡ ਸਾਰੰਗੀ 'ਸਾਹਿਬਾਂ ਵਾਜਾਂ ਮਾਰਦੀ' ਨੂੰ ਅੱਜ ਵੀ ਪਸੰਦ ਕਰਨ ਵਾਲੇ ਮੌਜੂਦ ਹਨ।

ਕਰਨੈਲ ਸਿੰਘ ਪਾਰਸ ਦੇ ਜੱਥੇ ਦੀ ਗਾਈ ਕਵੀਸ਼ਰੀ 'ਕਿਉਂ ਫੜੀ ਸਿਪਾਹੀਆ ਨੇ, ਭੈਣੋ ਇਹ ਹੰਸਾਂ ਦੀ ਜੋੜੀ' ਹੁਣ ਵੀ ਬਹੁਤ ਮਕਬੂਲ ਹੈ। ਇਸੇ ਤਰ੍ਹਾਂ ਸੁਰਿੰਦਰ ਕੌਰ ਦੀ ਕੋਇਲ ਵਰਗੀ ਆਵਾਜ਼, ਨਰਿੰਦਰ ਬੀਬਾ ਅਤੇ ਗੁਰਮੀਤ ਬਾਵਾ ਦੀਆਂ ਉੱਚੀਆਂ ਅਤੇ ਲੰਮੀਆਂ ਹੇਕਾਂ ਨੇ ਆਪਣਾ ਲੋਹਾ ਮੰਨਵਾਇਆ ਹੈ। ਇਨ੍ਹਾਂ ਗਾਇਕਾਂ/ਗਾਇਕਾਵਾਂ ਪਾਸ ਬਹੁਤੇ ਸਾਜ਼ ਜਾਂ ਢੋਲ ਢਮੱਕੇ ਦਾ ਸ਼ੋਰ ਨਹੀਂ ਸੀ। ਆਪਣੀ ਆਵਾਜ਼ ਦਾ ਜਾਦੂ ਸੀ। ਅਖੀਰ ਵਿੱਚ ਇਹ ਕਹਿਣਾ ਵਾਜਬ ਹੋਵੇਗਾ ਕਿ ਅੱਜ ਪੰਜਾਬੀ ਵਿਰਸੇ ਜਾਂ ਸੱਭਿਆਚਾਰ ਦੇ ਸਰੋਤ ਕੁੱਕੜਾਂ ਦੀਆਂ ਬਾਂਗਾਂ, ਰਿੜਕਣੇ, ਮਧਾਣੀਆਂ, ਬਲਦ ਤੇ ਹਲ ਪੰਜਾਲੀ, ਖੂਹ ਦੀਆਂ ਟਿੰਡਾਂ, ਊਠ, ਘੋੜੀਆਂ ਅਤੇ ਰੱਥ ਗੱਡੀਆਂ, ਚੱਕੀਆਂ, ਚਰਖੇ, ਘੱਗਰੇ, ਫੁਲਕਾਰੀਆਂ, ਸੱਗੀ-ਫੁੱਲ, ਪਿੱਪਲ-ਪੱਤੀਆਂ ਅਤੇ ਕੈਂਠੇ, ਜੰਞ ਬੰਨ੍ਹਣੀ ਅਤੇ ਛੁਡਾਉਣੀ, ਤੱਤਾ ਗੁੜ, ਛੋਲੂਆ ਅਤੇ ਹੋਲਾਂ, ਭੱਠੀਆਂ ਅਤੇ ਪੱਖੀਆਂ ਸਾਰੇ ਹੀ ਸਮੇਂ ਦੇ ਗੇੜ ਨਾਲ ਲੋਪ ਹੋ ਗਏ ਹਨ। ਇਨ੍ਹਾਂ ਸਰੋਤਾਂ ਦੀ ਪੂਰਨ ਤੌਰ 'ਤੇ ਹੋਂਦ ਨਾ ਹੋਣ ਕਾਰਨ ਅਸੀਂ ਸਾਡੇ ਪੰਜਾਬੀ ਸੱਭਿਆਚਾਰ ਜਾਂ ਵਿਰਸੇ ਨੂੰ ਹੁਣ ਸਿਰਫ਼ ਯਾਦ ਹੀ ਕਰ ਸਕਦੇ ਹਾਂ ਪਰ ਸੱਭਿਆਚਾਰ ਦੇ ਨਾਂ ਦੀ ਆੜ ਹੇਠ ਝੂਠੇ ਵਿਖਾਵੇ ਕਰਨ ਨਾਲੋਂ ਚੰਗਾ ਹੋਵੇਗਾ ਕਿ ਸਾਦਗੀ, ਹਮਦਰਦੀ ਅਤੇ ਪਿਆਰ ਨੂੰ ਪਹਿਲਾਂ ਵਾਂਗ ਬਰਕਰਾਰ ਰੱਖੀਏ।



---



**ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।' ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ। ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ।**

# ਭ੍ਰਿਸ਼ਟਾਚਾਰ ਦੇ ਬਹਾਨੇ

ਸ਼ਰਾਬੀ ਭੂਤਾਨੰਦ ਪੈਗ ਹੱਥ 'ਚ ਫੜੀ, ਗੁਲਾਮ ਅਲੀ ਵਾਂਗ ਸਿਰ ਮਾਰ-ਮਾਰ ਗਾ ਰਿਹਾ ਸੀ, 'ਪੀਨੇ ਵਾਲੋਂ ਕੋ, ਪੀਅਨੇ ਕਾ, ਬਹਾਨਾ ਚਾਹੀਏ...।'

ਦੁਨੀਆ ਦਾ ਸਭ ਤੋਂ ਵੱਡਾ ਭਾਰਤੀ ਲੋਕਤੰਤਰ ਸਾਡੇ ਨੇਤਾਵਾਂ ਤੇ ਸਾਧਾਂ ਦੇ ਸਿਰ 'ਤੇ ਹੀ ਟਿਕਿਆ ਹੋਇਆ ਹੈ। ਇਹ ਇਸ ਨੂੰ ਤੇ ਇਸ ਦੀ ਖਟੜਾ ਹੋ ਚੁੱਕੀ ਗੱਡੀ ਨੂੰ ਧੂਣ ਲਈ ਕੋਈ ਨਾ ਕੋਈ ਬਹਾਨਾ ਭਾਲਦੇ ਰਹਿੰਦੇ ਹਨ। ਭੂਤਾਨੰਦ, ਬਹਾਨੇ ਨਾਲ ਪੀਣ ਵਾਲੇ ਸੱਜਣ ਦਾ ਅਸਲੀ ਨਾਂਅ ਨਹੀਂ ਹੈ। ਲੋਕਾਂ ਦਾ ਕਹਿਣਾ ਹੈ ਕਿ ਜਦੋਂ ਉਸ ਦੇ ਅੰਦਰ ਚਾਰ-ਪੰਜ ਲਾਰਜ ਪੈਗ ਚਲੇ ਜਾਂਦੇ ਹਨ ਤਾਂ ਉਸ ਅੰਦਰ ਭੂਤ ਆ ਵੜਦਾ ਹੈ ਤੇ ਉਹ ਖੌਰੂ ਪਾਉਣ ਲੱਗ ਪੈਂਦਾ ਹੈ। ਸਾਡੇ ਸਾਧਾਂ ਤੇ ਨੇਤਾ ਜੀ ਨੂੰ ਜਦੋਂ ਕੋਈ ਬਹਾਨਾ ਲੱਭ ਪੈਂਦਾ ਹੈ ਤਾਂ ਸਮਝੋ ਉਨ੍ਹਾਂ ਦੇ ਲੋਕਤੰਤਰ ਨੂੰ ਆਕਸੀਜਨ ਮਿਲ ਜਾਂਦੀ ਹੈ। ਵਿਅਰਥ ਜਾ ਰਹੀ ਜ਼ਿੰਦਗੀ ਨੂੰ ਗੁਲੂਕੋਜ਼ ਲੱਗ ਜਾਂਦਾ ਹੈ। ਬਹਾਨਾ ਤੇ ਮੁੱਦਾ ਸਕੇ ਕਜ਼ਨ ਹਨ। ਲੋਕਤੰਤਰ ਦੀ ਗੱਡੀ 'ਤੇ ਲੱਦਿਆ ਭਾਰੀ ਵਜ਼ਨ ਹਨ। ਚਾਣਕਿਆ ਦਾ ਕਹਿਣਾ ਹੈ ਕਿ ਮੁੱਦਾ ਹੋਵੇ ਤਦ ਹੀ ਰਾਜਨੀਤੀ ਦੇ ਖਾਣ ਲਈ ਗੁੱਦਾ ਮਿਲਦਾ ਹੈ। ਗੁੱਦਾ ਨੇਤਾ ਜੀ ਲਈ ਅਜਿਹਾ ਚਵਨਪ੍ਰਾਸ਼ ਹੈ ਜੋ ਉਨ੍ਹਾਂ ਦੀ ਬੁੱਢੀ ਹੋ ਰਹੀ ਰਾਜਨੀਤੀ ਵਿਚ ਜਵਾਨੀ ਦੀ ਰੂਹ ਫੂਕਦਾ ਹੈ। ਭ੍ਰਿਸ਼ਟਾਚਾਰ ਅੱਜਕਲ੍ਹ ਅਜਿਹਾ ਜ਼ੋਰਦਾਰ ਮੁੱਦਾ ਹੈ ਜਿਸ ਦਾ ਨਾਂਅ ਸੁਣਦਿਆਂ ਹੀ ਸਾਡੀ ਗਲੀ ਦਾ ਡੱਬੂ ਵੀ ਆਸਮਾਨ ਵੱਲ ਬੂਥਾ ਚੁੱਕ ਕੇ ਭੌਂਕਣ ਲੱਗ ਪੈਂਦਾ ਹੈ। ਸ਼ਿਸ਼ਟਾਚਾਰ ਦੀ ਨੇਕ ਕਮਾਈ ਖਾਂਦਾ ਦਫਤਰੀ ਬਾਬੂ ਵੀ ਹੇਂ-ਹੇਂ ਕਰਦਾ ਕਹਿਣ ਲਗਦਾ ਹੈ, 'ਕੀ ਕਰੀਏ ਬਾਊ ਜੀ, ਭ੍ਰਿਸ਼ਟਾਚਾਰ ਤਾਂ ਉੱਪਰ ਤੋਂ ਹੇਠਾਂ ਤੱਕ ਫੈਲਿਆ ਪਿਆ ਹੈ। ਇਸ ਦੀਆਂ ਜੜ੍ਹਾਂ ਤਾਂ ਪਤਾਲ ਲੋਕ ਤੱਕ ਚਲੀਆਂ ਗਈਆਂ ਹਨ। ਇਹ ਨੀ ਮੁੱਕ ਸਕਦਾ ਹੁਣ। ਅਸੀਂ ਭਾਵੇਂ ਮੁੱਕ ਜਾਈਏ।'

ਬਾਬੂ ਦੀ ਘਰਵਾਲੀ ਆਪਣੇ ਪੁੱਤਰ ਠੋਲੂ ਦੇ ਸਿਰ 'ਤੇ ਤਾਲ ਦਿੰਦੀ ਹੋਈ ਬੇਸੁਰੀ ਆਵਾਜ਼ ਨੂੰ ਸੁਰ ਕਰਦੀ ਗਾਉਂਦੀ ਹੈ:

'ਭ੍ਰਿਸ਼ਟਾਚਾਰ ਦੀ ਜੜ੍ਹ ਹਰੀ ਬਾਲਮਾ, ਭ੍ਰਿਸ਼ਟਾਚਾਰ ਦੀ ਜੜ੍ਹ ਹਰੀ, ਹੱਡੀਆਂ ਹੱਡੀਆਂ ਪਾ ਕੁੱਤਿਆਂ ਨੂੰ, ਪੀ ਲੈ ਗਾੜ੍ਹੀ ਤਰੀ ਬਾਲਮਾ।'

ਅੱਜਕਲ੍ਹ ਭ੍ਰਿਸ਼ਟਾਚਾਰੀ ਹੀ ਭ੍ਰਿਸ਼ਟਾਚਾਰ ਦੇ ਖਿਲਾਫ਼ ਸਭ ਤੋਂ ਵੱਧ ਬੋਲਦਾ ਹੈ, ਆਪਣੇ ਅੰਦਰਲੀ ਜ਼ਹਿਰ ਘੋਲਦਾ ਹੈ ਤੇ ਇਸੇ ਦੇ ਸਿਰ 'ਤੇ ਆਪਣੇ ਪਰ ਤੋਲਦਾ ਹੈ।

ਇਕ ਸਵਾਮੀ ਅੱਜਕਲ੍ਹ ਭ੍ਰਿਸ਼ਟਾਚਾਰ ਦੇ ਖਿਲਾਫ਼ ਤਿੰਙ-ਤਿੰਙ ਕੇ ਪ੍ਰਵਚਨ ਕਰਦੇ ਹਨ। ਉਨ੍ਹਾਂ ਦਾ ਤਾਂ ਸੌਣਾ ਜਾਗਣਾ, ਜਿਊਣ-ਮਰਨ ਆਦਿ ਤੱਕ ਵੀ ਭ੍ਰਿਸ਼ਟਾਚਾਰ ਦੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਸ਼ਰਧਾਲੂਆਂ ਨੂੰ ਆਖਦੇ ਹਨ:

'ਹਮਨੇ ਅਬ ਅਹਿਦ ਕਰ ਲੀਆ ਹੈ ਕਿ ਇਸ ਮੁਲਕ ਸੇ ਭ੍ਰਿਸ਼ਟਾਚਾਰ ਕੋ ਖਤਮ ਕਰਕੇ ਹੀ ਦਮ ਲੇਂਗੇ। ਵਿਦੇਸ਼ੋਂ ਮੇਂ ਪੜਾ ਹੁਆ ਕਾਲਾ ਧਨ ਅਪਨੇ ਮੁਲਕ ਮੇਂ ਵਾਪਸ ਲਾਨਾ ਹੈ। ਇਸ ਮੁਲਕ ਕੋ ਫਿਰ ਸੇ ਸੋਨੇ ਕੀ ਚਿੜੀਆ ਬਨਾਨਾ ਹੈ। ਸੋਚੋ, ਸੋਚੋ, ਯਦੀ ਸਾਰਾ ਧਨ ਵਾਪਸ ਆ ਜਾਏ ਤੋ ਸਾਰੇ ਗਾਓਂ ਸ਼ਹਿਰ ਬਨ ਜਾਏਂਗੇ, ਸਮਸਤ ਤਾਲਾਬ ਨਹਿਰ ਬਨ ਜਾਏਂਗੇ ਔਰ ਯਦੀ ਐਸਾ ਨਾ ਹੁਆ ਤੋ ਹਮ ਸਰਕਾਰ ਕੇ ਲੀਏ ਕਹਿਰ ਬਨ ਜਾਏਂਗੇ। ਭ੍ਰਿਸ਼ਟਾਚਾਰ ਖਤਮ ਕਰਨੇ ਕੀ ਹਮਨੇ ਠਾਨ ਲੀ ਹੈ, ਇਸੀ ਨੇ ਹਮ ਸਭ ਕੀ ਜਾਨ ਲੀ ਹੈ।' ਸਵਾਮੀ ਜੀ ਨੇ ਜੋਸ਼ 'ਚ ਆ ਕੇ ਮਰਨ ਵਰਤ ਵੀ ਰੱਖ ਦਿੱਤਾ, 'ਹਮ ਆਪਨੀ ਜਾਨ ਦੇ ਦੇਂਗੇ ਪਰ ਭ੍ਰਿਸ਼ਟਾਚਾਰ ਨਹੀਂ ਰਹਿਨੇ ਦੇਂਗੇ।'

ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਆਚਾਰੀਆ ਵੀ ਅਨਸ਼ਨ 'ਤੇ ਬਹਿ ਗਿਆ। ਦੂਰੋਂ-ਦੂਰੋਂ ਉਨ੍ਹਾਂ ਦੇ ਚੇਲੇ-ਚੇਲੀਆਂ ਵੀ ਟਰੰਕ ਬਿਸਤਰਿਆਂ ਸਮੇਤ, ਭੁੱਖ ਹੜਤਾਲ 'ਤੇ ਆ ਬਿਰਾਜੇ। ਦੱਸਣ ਵਾਲੇ ਦੱਸਦੇ ਹਨ ਕਿ ਸਵਾਮੀ ਦਸ ਵਰ੍ਹੇ ਪਹਿਲਾਂ ਇਕ ਪੁਰਾਣੇ ਲੇਡੀ ਸਾਈਕਲ 'ਤੇ ਪਿੰਡੋਂ ਸ਼ਹਿਰ ਆਏ ਸੀ। ਉਨ੍ਹਾਂ ਦੇ ਪਿੱਛੇ ਆਚਾਰੀਆ ਵੀ ਬਿਰਾਜੇ ਹੋਏ ਸਨ।

ਦੋਵਾਂ ਨੇ ਅਮੀਰ ਬੁੱਢੇ-ਬੁੱਢੀਆਂ ਨੂੰ ਭੋਗ 'ਤੇ ਲੈਕਚਰ ਦੇਣੇ ਸ਼ੁਰੂ ਕੀਤੇ। ਭੀੜ ਜਮ੍ਹਾ ਹੋਣ ਲੱਗੀ ਤਾਂ ਦੋਵਾਂ ਨੇ ਤਾਕਤ-ਚੂਰਨ ਦੀ ਹੱਟੀ ਖੋਲ੍ਹ ਲਈ। ਧਨ ਤੇ ਦਾਨ ਦੇ ਢੇਰ ਲੱਗਣ ਲੱਗੇ। ਸੁਆਮੀ ਜੀ ਨੇ ਭੋਗਵਾਦ ਦੇ ਨਾਂਅ 'ਤੇ ਕਈ ਹੱਟੀਆਂ ਖੋਲ੍ਹ ਲਈਆਂ। ਪੈਸੇ ਦੀ ਧੰਨ-ਧੰਨ ਹੋ ਗਈ। ਲਛਮੀ ਸੁਆਮੀ ਜੀ ਦੇ ਗਿਰਦ ਗੇੜੇ ਕੱਢਣ ਲੱਗ ਪਈ।

'ਸੁਆਮੀ ਅਬ ਪੈਈਸਾ ਤੋ ਹੋ ਗਿਆ। ਸੱਤਾ ਭੀ ਪ੍ਰਾਪਤ ਕਰਨੀ ਹੋਗੀ। ਸੱਤਾ ਕੇ ਬਗੈਰ ਪੈਈਸਾ ਟਿਕਤਾ ਨਹੀਂ ਹੈ। ਪੈਸੇ ਕੇ ਸਾਥ ਸੱਤਾ ਹੋ ਤੋ ਨਸ਼ਾ ਦੋ ਗੁਨਾ ਹੋ ਜਾਤਾ ਹੈ।' ਸਵਾਮੀ ਜੀ ਮਨ ਹੀ ਮਨ ਸੋਚਣ ਲੱਗ ਪਏ ਸਨ। ...ਤੇ ਸਵਾਮੀ ਜੀ ਭ੍ਰਿਸ਼ਟਾਚਾਰ ਦੇ ਮੁੱਦੇ ਦਾ ਗੁੱਦਾ ਕੱਢਣ 'ਚ ਜੁੱਟ ਗਏ। ਵਿਰੋਧੀ ਧਿਰ ਦੀ ਹੱਲਾਸ਼ੇਰੀ ਵੀ ਮਿਲ ਗਈ। ਵਿਰੋਧੀ ਧਿਰ ਕੋਲ ਸਵਾਮੀ ਜੀ ਦਾ ਮੁੱਦਾ ਆ ਗਿਆ। ਦੋਵੇਂ ਇਕ-ਦੂਸਰੇ ਦੀ ਬਾਂਹ ਫੜ ਕੇ ਤੁਰਨ ਲੱਗ ਪਏ। ਸਰਕਾਰ ਨਰਮ ਰਵ੍ਹੇ ਤਾਂ ਉਸ ਦਾ ਭਰਮ ਬਣਿਆ ਰਹਿੰਦਾ ਹੈ। ਭਰਮ ਬਣਿਆ ਰਵ੍ਹੇ ਤਾਂ ਉਸ ਦਾ ਕਰਮ ਲੁਕਿਆ ਰਹਿੰਦਾ ਹੈ। ਸਰਕਾਰ ਦੀ ਭੋਰਾ ਕੁ ਸਖਤੀ ਨਾਲ ਹੀ ਸਵਾਮੀ ਭੱਜ ਤੁਰੇ। ਪਬਲਿਕ ਅਮੋਨੀਆ ਪੀਂਦੀ ਰਹੀ ਤੇ ਸਵਾਮੀ ਜੀ ਜੂਸ ਪੀਂਦੇ ਰਹੇ। ਅਚਾਰੀਆ ਜੀ ਪਤਾ ਨਹੀਂ ਕਿੱਥੇ ਅਲੋਪ ਹੋ ਗਏ। ਪੁੱਛਣ 'ਤੇ ਪਤਾ ਲੱਗਿਆ ਕਿ ਉਹ ਆਪਣਾ ਧਨ ਸਮੇਟਣ ਗਏ ਹੋਏ ਹਨ। ਧਨ ਦੀ ਸਾਂਭ-ਸੰਭਾਲੀ ਪਿੱਛੋਂ ਅਚਾਰੀਆ ਜੀ ਆਣ ਪ੍ਰਗਟ ਹੋਏ।

'ਮੈਂ ਸਵਾਮੀ ਜੀ ਕੇ ਲੀਏ ਜਾਨ ਦੇ ਦੂੰਗਾ। ਹਮਾਰੀ ਧਨ ਸੰਪਤੀ ਕੀ ਰਕਸ਼ਾ ਯੇਹ ਸਰਕਾਰ ਨਹੀਂ ਕਰ ਸਕਤੀ। ਹਮਾਰੇ ਸਾਥ ਧੱਕਾ ਹੁਆ ਹੈ।' ਉਹ ਰੋ-ਰੋ ਕੇ ਕਹਿ ਰਹੇ ਸਨ। ਭ੍ਰਿਸ਼ਟਾਚਾਰ ਰੋਕੂ ਅੰਦੋਲਨ 'ਚ ਭੋਲੀ ਜਨਤਾ ਲਾਠੀਆਂ ਖਾਂਦੀ ਰਹੀ। ਰਹਿ-ਰਹਿ ਕੇ ਪਿਟਦੀ ਰਹੀ। ਵਿਰੋਧੀ ਧਿਰ ਵਾਲੇ ਮਹਾਤਮਾ ਜੀ ਦੀ ਸਮਾਧੀ 'ਤੇ ਬੈਠੇ ਚੀਖ ਰਹੀ ਜਨਤਾ ਦੇ ਦੂਰੋਂ ਦਰਸ਼ਨ ਕਰਦੇ ਰਹੇ। ਉਨ੍ਹਾਂ ਦੀਆਂ ਔਰਤਾਂ ਗੀਤਾ ਦੀ ਧੁਨ 'ਤੇ ਥਿਰਕਦੀਆਂ ਰਹੀਆਂ।

ਜਨਤਾ ਭੁੱਖ ਨਾਲ ਵਿਲ੍ਹਕ ਰਹੀ ਸੀ। ਵਿਰੋਧੀ ਧਿਰ ਵਾਲੇ ਅਨਸ਼ਨ ਤੋਂ ਬਾਅਦ ਮਟਰ ਪਨੀਰ ਦੀ ਸਬਜ਼ੀ ਤੇ ਟਮਾਟਰ ਖੀਰਿਆਂ ਦੀ ਸਲਾਦ ਛਕਦੇ ਰਹੇ। ਸੱਤਾ ਲੱਭਦੇ ਸਵਾਮੀ ਸੱਤਾ ਦੇ ਖਿਲਾਫ਼ ਭੜਾਸ ਕੱਢਦੇ ਰਹੇ। ਬੁੜ੍ਹਕ ਬੁੜ੍ਹਕ ਆਖਦੇ ਰਹੇ, 'ਹਮਨੇ ਅਨਸ਼ਨ ਬੇਸ਼ੱਕ ਤੋੜ ਦੀਆ ਹੈ ਪਰ ਸੱਤਾ ਕੇ ਖਿਲਾਫ਼ ਹਮਾਰੀ ਲੜਾਈ ਜਾਰੀ ਰਹੇਗੀ। ਹਮੇਂ ਔਰ ਹਮਾਰੀ ਜਾਨ ਕੋ ਬੇਸ਼ੱਕ ਬਹੁਤ ਖ਼ਤਰਾ ਹੈ ਪਰ ਹਮ ਮਰਨੇ ਸੇ ਨਹੀਂ ਡਰਤੇ।'

'ਜਾਨ ਨਾ ਰਹੀ ਤੋਂ ਸੰਘਰਸ਼ ਕੈਸੇ ਹੋਗਾ? ਸੱਤਾ ਕੇ ਵਿਰੁੱਧ ਲੜਾਈ ਕੈਸੇ ਹੋਗੀ। ਅਭੀ ਸਵਾਮੀ ਜੀ ਕਾ ਜੀਵਨ ਦੇਸ਼ ਔਰ ਦੇਸ਼ ਕੀ ਜਨਤਾ ਕੋ ਚਾਹੀਏ ਹੀ ਚਾਹੀਏ।' ਆਚਾਰੀਆ ਕਿੱਲ੍ਹ-ਕਿੱਲ੍ਹ ਕੇ ਆਖ ਰਹੇ ਸਨ। ਭ੍ਰਿਸ਼ਟਾਚਾਰ ਦੇ ਬਹਾਨੇ, ਸਵਾਮੀ ਜੀ ਨੂੰ ਸ਼ੋਹਰਤ ਮਿਲ ਗਈ ਹੈ। ਉਨ੍ਹਾਂ ਦੀ ਗਾਹਕੀ ਹੋਰ ਵਧ ਗਈ ਹੈ। ਧਨ ਦੇ ਦਰੱਖਤ ਨੂੰ ਖੂਬ ਫਲ ਲੱਗਣ ਲੱਗਿਆ ਹੈ। ਵਿਰੋਧੀ ਧਿਰ ਨੂੰ ਟਾਈਮਪਾਸ ਮਿਲ ਗਿਆ ਹੈ। ਪਰ ਵਿਚਾਰੀ ਜਨਤਾ ਨੂੰ ਕੀ ਮਿਲਿਆ? ਜਨਤਾ ਭੁੱਖ ਹੜਤਾਲ ਨਾਲ ਪਿੱਚਕੇ ਪੇਟ 'ਤੇ ਹੱਥ ਫੇਰ ਫੇਰ ਆਖ ਰਹੀ ਹੈ:-

'ਸਾਡੀ ਕਿਸਮਤ ਵਿਚ ਇਹੋ ਲਿਖਿਆ ਹੈ, ਸਵਾਮੀ ਜੀ ਲਈ ਧਨ ਤੇ ਸਾਡੇ ਲਈ ਭਿੱਖਿਆ ਹੈ... ਔਰ ਇਸ ਜੀਵਨ ਵਿਚ ਕੀ ਰੱਖਿਆ ਹੈ?'

**-ਕੇ. ਐਲ. ਗਰਗ**

---

# ਸਿਆਪੇ ਦਾ ਸਿਆਪਾ



**ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ 'ਚ ਝੋਕਾ ਹੀ ਡਾਹੀ ਰੱਖਦੀ ਐ।**

ਇਸ ਦੁਨੀਆ ਵਿਚ ਸ਼ਾਇਦ ਹੀ ਕੋਈ ਹੋਵੇਗਾ ਜਿਸ ਨੂੰ ਸਿੜੀ ਸਿਆਪੇ ਦੇ ਚੱਕਰ (ਯਾਨੀ ਕਰਨ/ਕਰਾਉਣ ਵਿਚ) ਨਾਲ ਦੋ-ਚਾਰ ਨਾ ਹੋਣਾ ਪਿਆ ਹੋਵੇ। ਅੰਦਰੋ-ਅੰਦਰੀ ਰਿੱਝ-ਭੁੱਝ/ਸੜ-ਬਲ ਕੇ ਜਾਂ ਫਿਰ ਦੋਹੱਥੜਾਂ ਮਾਰਦਿਆਂ ਇਨ੍ਹਾਂ ਸਿੜੀ ਸਿਆਪਿਆਂ ਦਾ ਜੂਲਾ ਉਠਾਉਣਾ ਹੀ ਪੈਂਦਾ ਹੈ। ਕੰਮਕਾਜੀ ਔਰਤਾਂ ਵਿਚੋਂ ਬਹੁਤੀਆਂ ਮੂੰਹ ਜ਼ੋਰ ਔਰਤਾਂ ਵੱਲੋਂ ਜਿਨ੍ਹਾਂ ਦੇ ਪਤੀ ਨਿਖੱਟੂ ਤੇ ਕੰਮਚੋਰ ਹੁੰਦੇ ਹਨ, ਦੀ ਸੇਵਾ ਪਾਣੀ ਇਨ੍ਹਾਂ ਬੋਲਾਂ ਨਾਲ ਹੁੰਦੀ ਐ, 'ਪਹਿਲਾਂ ਇਸ ਨਿੱਖਪਣੇ ਦੇ ਨਿਆਣੇ ਜੰਮੇ, ਮੂੰਹ 'ਚ ਚੋਗਾ ਪਾਇਆ, ਇਨ੍ਹਾਂ ਦੀਆਂ ਨਲੀਆਂ ਪੂੰਝੀਆਂ ਤੇ ਹਰ ਦੁੱਖ-ਸੁੱਖ ਜ਼ਰਦਿਆਂ ਇਸ ਪਰਿਵਾਰ ਲਈ ਸੌ ਸਿਆਪੇ ਕੀਤੇ ਪਰ ਇਸ ਚੰਦਰੇ ਨੇ ਸਾਡਾ ਕੀ ਮੁੱਲ ਪਾਇਆ।' ਅਜਿਹੇ ਸਿਆਪੇ ਕਰਾਉਣ ਵਾਲੇ ਪਤੀ ਘੋਗਲ-ਕੰਨੇ ਜਿਹੇ ਹੋ ਕੇ ਆਪਣਾ ਬੁੱਤਾ ਸਾਰੀ ਜਾਂਦੇ ਹਨ। ਇਸ ਮਾਹੌਲ ਦੀਆਂ ਪੀੜਤ ਸੁਸ਼ੀਲ ਬੀਬੀਆਂ ਮਨ ਦਾ ਬੂਹਾ ਢੋਅ ਕੇ ਅੰਦਰੋ-ਅੰਦਰੀ ਇਹ ਕਾਰਵਾਈ ਪਾਉਂਦਿਆਂ ਭਲੇ ਦਿਨਾਂ ਦੀ ਉਡੀਕ ਵਿਚ ਆਪਣੀ ਉਮਰ ਹੀ ਲੰਘਾ ਦਿੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਸੁਘੜ ਸਿਆਣੀ ਔਰਤ ਹੱਥ ਆਈ ਸੂਈ ਨਾਲ ਏਕੇ ਤੇ ਥਪਾਕ ਦੀ ਮਾਲਾ ਪਰੋ ਕੇ ਘਰ ਨੂੰ ਹਰ ਪੱਖੋਂ ਮਾਲਾਮਾਲ ਕਰ ਦਿੰਦੀ ਹੈ ਪਰ ਜੇ ਇਹੋ ਸੂਈ ਕੁਚੱਜੀ/ਕੁਡਰ ਦੇ ਹੱਥ ਆ ਜਾਵੇ ਤਾਂ ਹੱਸਦੇ-ਵੱਸਦੇ ਘਰਾਂ ਵਿਚ ਉਲੂ ਬੋਲਣ ਡਾਹ ਦਿੰਦੀ ਐ ਤੇ ਭੰਗ ਭੁੱਜਣ ਲਈ ਭੱਠੀ ਵਿਚ ਝੋਕਾ ਹੀ ਡਾਹੀ ਰੱਖਦੀ ਐ। ਘਰ ਦਾ ਕਮਾਊ ਖੱਪ ਤੱਪ ਕੇ ਘਰ ਆਉਂਦਾ ਹੈ ਤਾਂ ਗ੍ਰਹਿਣੀ ਦੀ ਮੰਗ ਲਿਸਟ ਨੂੰ ਵੇਖ ਕੇ ਦੱਬੀ ਜ਼ਬਾਨ ਵਿਚ ਇਸ ਤਰ੍ਹਾਂ ਸਿਆਪਾ ਕਰਦਾ ਹੈ 'ਮੁੰਡੇ ਮਰਗੇ ਕਮਾਈਆਂ ਕਰਦੇ ਲੱਛੀਏ ਅਜੇ ਤੇਰੇ ਬੰਦ ਨਾ ਬਣੇ।' ਕੰਮਚੋਰ ਮੁਲਾਜ਼ਮਾਂ/ਅਧਿਕਾਰੀਆਂ ਕਰਕੇ ਕੰਮ ਨੇਪਰੇ ਨਾ ਚੜ੍ਹਨ ਕਾਰਨ ਲੋਕ ਮੁਲਾਜ਼ਮਾਂ ਦਾ, ਮੰਗਾਂ/ਵਾਅਦੇ ਨਾ ਪੂਰੇ ਹੋਣ ਕਰਕੇ ਮੁਲਾਜ਼ਮ/ਲੋਕ ਸਰਕਾਰਾਂ ਦਾ ਅਤੇ ਹਾਰੀਆਂ ਪਾਰਟੀਆਂ, ਵੋਟਰਾਂ ਦਾ ਸਿਆਪਾ ਕਰਨਾ ਆਮ ਹੀ ਵਰਤਾਰਾ ਹੈ। ਬੇਸ਼ੱਕ ਸਿਆਪਾ ਕਰਨ ਦੇ ਢੰਗ ਵੱਖੋ-ਵੱਖ ਹਨ। ਕੋਈ ਪੁਤਲੇ ਸਾੜਦਾ ਹੈ, ਕੋਈ ਡਾਂਗਾਂ, ਬੰਦੂਕਾਂ ਚਲਾਉਂਦਾ ਹੈ ਤੇ ਕੋਈ ਪੱਥਰ, ਰੋੜੇ ਅਤੇ ਕੋਈ ਪਾਣੀ ਦੀਆਂ ਟੈਂਕੀਆਂ ਨੂੰ ਜਾ ਭਾਗ ਲਾਉਂਦੈ। ਸਿਆਸਤ ਗਜ਼-ਗਜ਼ ਲੰਮੇ ਲੱਛੇਦਾਰ ਪਰ ਫੋਕੇ ਬਿਆਨ 'ਤੇ ਬਿਆਨ ਛੱਡੀ ਜਾ ਰਹੀ ਹੈ ਤੇ ਅਣਹੋਣੀ ਨੂੰ ਹੋਣੀ ਵਿਚ ਤੇ ਹੋਣੀ ਨੂੰ ਅਣਹੋਣੀ ਵਿਚ ਬਦਲਣ ਦੇ ਦਾਅਵੇ ਇੰਜ ਕਰਦੀ ਹੈ ਜੀਕੂੰ ਅਲਾਦੀਨ ਦਾ ਚਿਰਾਗ ਦੀ ਥਾਂ ਕੋਈ ਵੱਡਾ ਲਾਟੂ ਈ ਹੱਥ ਲੱਗ ਗਿਆ ਹੋਵੇ। 'ਕੁਰਸੀ ਯੁੱਧ' ਦੇ ਇਸ ਸਿੜੀ ਸਿਆਪੇ ਵਿਚ ਆਮ ਈ ਇਕ ਦੂਜੇ ਨੂੰ ਇੰਜ ਵੰਗਾਰਿਆ ਜਾਂਦਾ ਐ...

'ਡੱਡੂ ਡੱਡੂ ਡੱਡੂ...'

ਓਏ! ਸਾਡੀ ਸਰਕਾਰ ਆਣ ਲੈਣ ਦੇ, ਪੁੱਤ ਬਣਾ ਕੇ ਛੱਡੂੰ।'

**-ਲਖਵਿੰਦਰ ਰਈਆ**

---

# ਟੌਫੀਆਂ ਬਨਾਮ ਹਾਜ਼ਮੋਲਾ

ਹੋਰ ਸੁਣੋ!!

ਬੱਸਾਂ ਵਿਚ ਸਫ਼ਰ ਕਰਨ ਵਾਲੀਆਂ ਬਹੁਤੀਆਂ ਸਵਾਰੀਆਂ ਦੇ ਮਨਾਂ ਵਿਚ ਕੰਡਕਟਰਾਂ ਪ੍ਰਤੀ ਇਹੀ ਗਿਲਾ ਰਹਿੰਦਾ ਹੈ ਕਿ ਜਾਂ ਤਾਂ ਇਹ ਟਿਕਟਾਂ ਨੀਂ ਦਿੰਦੇ ਤੇ ਜਾਂ ਫਿਰ ਬਕਾਇਆ ਨਈਂ ਮੋੜਦੇ। ਅਜਿਹੇ ਗਿਲੇ ਦੀ ਮਿਸਾਲ ਨੂੰ ਛੂਹਣ ਵਾਲਾ ਅੱਖੀਂ ਡਿੱਠਾ ਹਾਲ ਇਕ ਦਿਨ ਬੱਸ ਵਿਚ ਸਫਰ ਕਰਦਿਆਂ ਖੁਦ ਵੇਖਣ ਨੂੰ ਮਿਲਿਆ। ਬੱਸ ਪੰਜਾਬ ਰੋਡਵੇਜ਼ ਦੀ ਸੀ ਤੇ ਬੱਸ ਦਾ ਕੰਡਕਟਰ ਇਲੈਕਟ੍ਰਾਨਿਕਸ ਮਸ਼ੀਨ ਨਾਲ ਸਵਾਰੀਆਂ ਦੀ ਭਰੀ ਬੱਸ ਵਿਚ ਟਿਕਟਾਂ ਕੱਟਣ ਲਈ ਰੁੱਝਾ ਹੋਇਆ ਖੁੱਲ੍ਹੇ ਪੈਸੇ ਦੇਣ ਦੀ ਦੁਹਾਈ ਦੇ ਰਿਹਾ ਸੀ। ਜਦੋਂ ਇਕ ਬਜ਼ੁਰਗ ਔਰਤ ਨੇ ਟਿਕਟ ਲੈਣ ਲਈ ਕੰਡਕਟਰ ਨੂੰ ਵੀਹ ਰੁਪਏ ਦਾ ਨੋਟ ਦਿੱਤਾ ਤਾਂ ਕੰਡਕਟਰ ਨੇ ਦੋ ਰੁਪਏ ਦੇ ਬਕਾਏ ਵਜੋਂ ਟਿਕਟਾਂ ਨਾਲ ਦੋ ਟੌਫੀਆਂ ਮਾਈ ਦੇ ਹੱਥ 'ਤੇ ਧਰ ਦਿੱਤੀਆਂ। ਅੱਗੋਂ, ਹੈਰਾਨ ਹੋਈ ਬਜ਼ੁਰਗ ਔਰਤ ਨੇ ਟੌਫੀਆਂ ਵੇਖ ਹੈਰਾਨੀ ਨਾਲ ਕੰਡਕਟਰ ਤੋਂ ਪੁੱਛਿਆ 'ਵੇ ਭਲਾ ਤੁਸੀਂ ਟੌਫੀਆਂ ਵੇਚਣ ਦਾ ਕੰਮ ਵੀ ਕਰਦੇ ਓਂ'? ਬਜ਼ੁਰਗ ਦਾ ਪ੍ਰਸ਼ਨ ਸੁਣ ਕੇ ਲਾਲ ਪੀਲਾ ਹੋਇਆ ਕੰਡਕਟਰ ਟਿਕਟਾਂ ਕੱਟਣ ਲਈ ਅੱਗੇ ਵੱਧਦਾ ਹੋਇਆ ਉਚੀ-ਉਚੀ ਰੌਲਾ ਪਾਉਣ ਲੱਗਾ, 'ਘਰੋਂ ਤੁਰ ਪੈਂਦੀਆਂ ਨੇ ਮੂੰਹ ਚੁੱਕ ਕੇ, ਖੁੱਲ੍ਹੇ ਪੈਸੇ ਕਿਸੇ ਨੇ ਦੇਣੇ ਨਈਂ'! ਕੰਡਕਟਰ ਦੇ ਇਸ ਵਤੀਰੇ ਤੋਂ ਪੂਰੀ ਬੱਸ ਦੀਆਂ ਸਵਾਰੀਆਂ ਵਿਚ ਇਕ ਤਰ੍ਹਾਂ ਨਾਲ ਗੁੱਸਾ ਪਾਇਆ ਜਾ ਰਿਹਾ ਸੀ। ਕੁਝ ਹੋਰ ਸਵਾਰੀਆਂ ਨੂੰ ਟਿਕਟਾਂ ਦੇਣ ਤੋਂ ਬਾਅਦ ਜਦੋਂ ਇਕ ਦੂਰ ਦਾ ਸਫਰ ਕਰ ਰਹੇ ਦੇਖਣ ਨੂੰ ਪੜ੍ਹੇ-ਲਿਖੇ ਲੱਗਦੇ ਵਿਅਕਤੀ ਦੀ ਟਿਕਟ ਕਟਾਉਣ ਦੀ ਵਾਰੀ ਆਈ ਤਾਂ ਉਸ ਨੇ ਖੁੱਲ੍ਹੇ ਪੈਸੇ ਨਾ ਹੋਣ ਕਾਰਨ ਪੰਜਾਹ ਰੁਪਏ ਦੇ ਨੋਟ ਨਾਲ (ਦੋ ਰੁਪਏ ਦੇ ਇਵਜ਼ ਵਜੋਂ) ਕੁਝ ਹਾਜ਼ਮੋਲੇ ਦੀਆਂ ਗੋਲੀਆਂ ਦੇ ਕੇ ਜਦੋਂ ਕੰਡਕਟਰ ਤੋਂ ਟਿਕਟ ਮੰਗੀ ਤਾਂ ਕੰਡਕਟਰ ਇਕ ਤਰ੍ਹਾਂ ਨਾਲ ਜਿਵੇਂ ਪਾਣੀਓਂ ਪਤਲਾ ਜਿਹਾ ਹੋ ਗਿਆ। ਉਸ ਨੇ ਚੁੱਪ ਚੁਪੀਤੇ ਹਾਜ਼ਮੋਲੇ ਦੀਆਂ ਗੋਲੀਆਂ ਲਏ ਬਗੈਰ ਕੇਵਲ ਪੰਜਾਹ ਰੁਪਏ ਵਿਚ 52 ਰੁਪਏ ਦੀ ਟਿਕਟ ਦੇ ਦਿੱਤੀ ਤੇ ਅੱਗੇ ਵੱਧ ਗਿਆ। ਬੱਸ ਵਿਚ ਬੈਠੀਆਂ ਸਵਾਰੀਆਂ 'ਟੌਫੀਆਂ' ਦੀ ਗੱਲ ਤੋਂ ਸ਼ੁਰੂ ਹੋਏ ਗੱਲ ਨੂੰ ਲੈ ਕੇ ਕੰਡਕਟਰ ਦੇ ਚਿਹਰੇ 'ਤੇ ਛਾਈ ਚੁੱਪੀ ਨੂੰ ਵੇਖ ਹੈਰਾਨੀ ਦੇ ਆਲਮ ਵਿਚ ਸਨ।



## ਸੰਪਾਦਕੀ

# ਕੀ ਊਧਵ ਠਾਕਰੇ ਤੇ ਰਾਜ ਠਾਕਰੇ ਨਾਰਾਜ਼ਗੀ ਖ਼ਤਮ ਹੋਵੇਗੀ ?

ਮਹਾਰਾਸ਼ਟਰ ਦੇ ਪ੍ਰਮੁੱਖ ਰਾਜਨੀਤਕ ਵੰਸ਼ਾਂ ਵਿੱਚੋਂ ਇੱਕ ਅਤੇ ਹੁਣ ਆਪਣੇ ਅਤੀਤ ਦੀ ਪਿੱਲੀ ਛਾਇਆ ਬਣੇ ਹੋਏ ਸਿਆਸੀ ਖ਼ਾਨਦਾਨ 'ਚ ਨਵੀਂ ਰੂਹ ਫੂਕੇ ਜਾਣ ਦੀ ਸੰਭਾਵਨਾ ਪੈਦਾ ਹੋ ਰਹੀ ਹੈ- ਬਸ਼ਰਤੇ ਰੁੱਸੇ ਹੋਏ ਚਚੇਰੇ ਭਰਾ ਊਧਵ ਠਾਕਰੇ ਤੇ ਰਾਜ ਠਾਕਰੇ ਨਾਰਾਜ਼ਗੀ ਖ਼ਤਮ ਕਰਨ ਲਈ ਸ਼ਬਦਾਂ ਤੋਂ ਅਮਲੀ ਕਾਰਵਾਈ ਵੱਲ ਵਧਣ। ਸਾਬਕਾ ਮੁੱਖ ਮੰਤਰੀ ਊਧਵ, ਜੋ ਸ਼ਿਵ ਸੈਨਾ ਧੜੇ ਦੀ ਅਗਵਾਈ ਕਰਦੇ ਹਨ ਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ (ਐਮਐੱਨਐੱਸ) ਦੇ ਮੁਖੀ ਰਾਜ ਠਾਕਰੇ ਨੇ 'ਮਰਾਠੀ ਮਾਨੂਸ਼' (ਮਰਾਠੀ ਭਾਸ਼ਾਈ ਸਥਾਨਕ ਲੋਕਾਂ) ਦੇ ਹਿੱਤਾਂ ਖ਼ਾਤਰ ਇਕੱਠੇ ਹੋਣ ਦਾ ਇਰਾਦਾ ਜ਼ਾਹਿਰ ਕੀਤਾ ਹੈ। ਗਹਿਰਾਈ ਨਾਲ ਵਾਚੀਏ ਤਾਂ ਇਹ ਉਨ੍ਹਾਂ ਦੀਆਂ ਪਾਰਟੀਆਂ ਦੀ ਰਾਜਨੀਤਕ ਹੋਂਦ ਦਾ ਪਤਨ ਹੈ, ਜੋ ਦੋਵਾਂ ਨੂੰ ਇੱਕ-ਦੂਜੇ ਵੱਲ ਖਿੱਚ ਲਿਆਇਆ ਹੈ। ਸੰਭਾਵੀ ਸੁਲ੍ਹਾ ਦਾ ਮੁੰਬਈ ਨਗਰ ਨਿਗਮ ਦੀਆਂ ਵੱਕਾਰੀ ਚੋਣਾਂ 'ਤੇ ਅਸਰ ਪੈ ਸਕਦਾ ਹੈ, ਜਿਨ੍ਹਾਂ ਦੇ ਇਸ ਸਾਲ ਹੋਣ ਦੀ ਸੰਭਾਵਨਾ ਹੈ। ਰਾਜ ਠਾਕਰੇ ਨੇ ਆਪਣੇ ਤਾਏ ਅਤੇ ਸ਼ਿਵ ਸੈਨਾ ਦੇ ਬਾਨੀ ਬਾਲ ਠਾਕਰੇ ਨਾਲ ਤਕਰਾਰ ਤੋਂ ਬਾਅਦ ਦੋ ਦਹਾਕੇ ਪਹਿਲਾਂ ਪਾਰਟੀ ਛੱਡ ਦਿੱਤੀ ਸੀ। ਬਾਲ ਠਾਕਰੇ ਉਦੋਂ ਆਪਣੇ ਪੁੱਤਰ ਊਧਵ ਨੂੰ ਪਾਰਟੀ ਦਾ ਪ੍ਰਮੁੱਖ ਆਗੂ ਬਣਾਉਣ ਦੀ ਉਤੇਜਨਾ 'ਤੇ ਕਾਬੂ ਨਹੀਂ ਰੱਖ ਸਕੇ। ਰਾਜ ਦੀ ਨਵੀਂ ਉਡਾਣ ਮਹਾਰਾਸ਼ਟਰ ਨਵਨਿਰਮਾਣ ਸੈਨਾ ਨੇ 2009 ਦੀਆਂ ਵਿਧਾਨ ਸਭਾ ਚੋਣਾਂ ਵਿੱਚ 13 ਸੀਟਾਂ ਜਿੱਤ ਕੇ ਚੰਗੀ ਸ਼ੁਰੂਆਤ ਕੀਤੀ; ਹਾਲਾਂਕਿ ਕਈ ਸਾਲਾਂ ਤੱਕ ਪਾਰਟੀ ਖੂੰਜੇ ਹੀ ਲੱਗੀ ਰਹੀ ਤੇ ਪਿਛਲੇ ਸਾਲ ਦੀਆਂ ਚੋਣਾਂ ਵਿੱਚ ਖਾਤਾ ਤੱਕ ਨਹੀਂ ਖੁੱਲ੍ਹਿਆ।

ਫਿਰ ਵੀ ਰਾਜ ਠਾਕਰੇ ਪ੍ਰਭਾਵੀ ਨੇਤਾ ਬਣੇ ਰਹੇ, ਖ਼ਾਸ ਤੌਰ 'ਤੇ ਆਪਣੇ ਤਿੱਖੇ 'ਮਰਾਠੀ ਪਹਿਲਾਂ' ਏਜੰਡੇ ਕਰ ਕੇ। ਹੈਰਾਨੀ ਦੀ ਗੱਲ ਨਹੀਂ ਕਿ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਪਿਛਲੇ ਹਫ਼ਤੇ ਰਾਜ ਠਾਕਰੇ ਨੂੰ ਉਸ ਦੀ ਰਿਹਾਇਸ਼ 'ਤੇ ਮਿਲਣ ਗਏ। ਸ਼ਿੰਦੇ, ਜਿਸ ਨੇ 2022 ਵਿੱਚ ਊਧਵ ਨਾਲੋਂ ਨਾਤਾ ਤੋੜ ਲਿਆ ਸੀ ਤੇ ਹੁਣ 'ਅਧਿਕਾਰਤ' ਸ਼ਿਵ ਸੈਨਾ ਚਲਾ ਰਿਹਾ ਹੈ, ਨਿਗਮ ਚੋਣਾਂ ਵਿੱਚ ਆਪਣੀ ਪਾਰਟੀ ਦੀ ਸਫਲਤਾ ਯਕੀਨੀ ਬਣਾਉਣ ਲਈ ਕਾਹਲਾ ਹੈ। ਸ਼ਿੰਦੇ ਨੂੰ ਪਤਾ ਹੈ ਕਿ ਆਸ ਨਾਲੋਂ ਮਾੜੀ ਕਾਰਗੁਜ਼ਾਰੀ ਕਰ ਕੇ ਹਾਵੀ ਹੋ ਰਹੀ ਭਾਜਪਾ 'ਚ ਉਸ ਦਾ ਰੁਤਬਾ ਹੋਰ ਕਮਜ਼ੋਰ ਹੋਵੇਗਾ। ਖ਼ੁਦ ਲਈ ਚੰਗਾ ਸੌਦਾ ਕਰਨ ਲਈ ਜਾਣਿਆ ਜਾਂਦਾ ਰਾਜ ਠਾਕਰੇ ਸ਼ਾਇਦ ਜਦੋਂ ਤੱਕ ਹੋ ਸਕੇ, ਆਪਣੇ ਬਦਲ ਖੁੱਲ੍ਹੇ ਰੱਖੇਗਾ। ਇਹ ਜ਼ਿਆਦਾਤਰ ਊਧਵ ਦੀਆਂ ਕੋਸ਼ਿਸ਼ਾਂ ਉੱਤੇ ਨਿਰਭਰ ਰਹੇਗਾ ਕਿ ਉਹ ਆਪਣੇ ਚਚੇਰੇ ਭਰਾ ਨੂੰ ਕਿਵੇਂ ਜਿੱਤਦੇ ਹਨ। ਊਵ ਠਾਕਰੇ ਨੇ ਪਹਿਲਾਂ ਹੀ ਚੌਕਸ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ 'ਚੋਰਾਂ' ਦੀ ਮਦਦ ਲਈ ਕੁਝ ਵੀ ਨਾ ਕੀਤਾ ਜਾਵੇ, ਇਹ ਟਿੱਪਣੀ ਲੁਕਵੇਂ ਰੂਪ 'ਚ ਸੱਤਾਧਾਰੀ ਮਹਾਯੁਤੀ ਸਰਕਾਰ ਵੱਲ ਸੇਧਿਤ ਹੈ ਜਿਸ ਵਿੱਚ ਭਾਰਤੀ ਜਨਤਾ ਪਾਰਟੀ, ਸ਼ਿੰਦੇ ਧੜਾ ਤੇ ਅਜੀਤ ਪਵਾਰ ਦੀ ਐੱਨਸੀਪੀ ਸ਼ਾਮਿਲ ਹੈ। ਬਾਲਾ ਸਾਹਿਬ ਠਾਕਰੇ ਦੀ ਵਿਰਾਸਤ ਦੀ ਖਿੱਚੋਤਾਣ ਵਿਚਾਲੇ, ਠਾਕਰੇ ਭਰਾਵਾਂ ਨੂੰ ਚੰਗੀ ਸਲਾਹ ਇਹੀ ਹੋਵੇਗੀ ਕਿ ਉਹ ਸਾਂਝੇ ਹਿੱਤਾਂ ਖ਼ਾਤਿਰ ਆਪਣੇ ਫ਼ਰਕ ਮਿਟਾਉਣ।

## ਦੇਸ਼ 'ਚ ਕਿਡਨੀ ਟਰਾਂਸਪਲਾਂਟ ਦੀ ਪ੍ਰਕਿਰਿਆ ਅਰਥਪੂਰਨ ਸੁਧਾਰ ਦੀ ਕਗਾਰ 'ਤੇ ਪਹੁੰਚੀ

ਦੇਸ਼ 'ਚ ਕਿਡਨੀ ਟਰਾਂਸਪਲਾਂਟ ਦੀ ਪ੍ਰਕਿਰਿਆ ਸ਼ਾਇਦ ਅਰਥਪੂਰਨ ਸੁਧਾਰ ਦੀ ਕਗਾਰ 'ਤੇ ਪਹੁੰਚ ਚੁੱਕੀ ਹੈ। ਕੇਂਦਰ ਸਰਕਾਰ ਵੱਲੋਂ ਏਕੀਕ੍ਰਿਤ 'ਵਨ ਨੇਸ਼ਨ, ਵਨ ਸਵੈਪ ਟਰਾਂਸਪਲਾਂਟ' ਢਾਂਚੇ 'ਤੇ ਜ਼ੋਰ ਦੇਣ ਦਾ ਮੰਤਵ ਸਾਰੇ ਰਾਜਾਂ ਵਿੱਚ ਕਿਡਨੀ ਤਬਾਦਲੇ ਦੀ ਪ੍ਰਕਿਰਿਆ ਨੂੰ ਇਕਸਾਰ ਤੇ ਸਰਲ ਬਣਾਉਣਾ ਹੈ। ਇਹ ਉਪਾਅ ਅਜਿਹੇ ਮੁਲਕ ਵਿੱਚ ਲੰਮੇ ਸਮੇਂ ਤੋਂ ਲਾਗੂ ਨਹੀਂ ਸੀ ਹੋ ਰਿਹਾ ਜਿੱਥੇ ਸਾਲਾਨਾ ਲਗਭਗ ਦੋ ਲੱਖ ਮਰੀਜ਼ਾਂ ਨੂੰ ਕਿਡਨੀ ਬਦਲਾਉਣ ਦੀ ਲੋੜ ਪੈਂਦੀ ਹੈ, ਫਿਰ ਵੀ ਕੁਝ ਕੁ ਵਿਅਕਤੀਆਂ ਨੂੰ ਹੀ ਇਹ ਮਿਲਦੀ ਹੈ। ਇਸ ਉੱਦਮ ਨੂੰ ਕੁਝ ਹਾਲੀਆ ਉਦਾਹਰਨਾਂ ਤੋਂ ਪ੍ਰੇਰਨਾ ਮਿਲੀ ਹੈ। ਦਸ ਮਰੀਜ਼ਾਂ ਨੂੰ ਇਸ ਮਹੀਨੇ ਦੇ ਸ਼ੁਰੂ 'ਚ ਅਹਿਮਦਾਬਾਦ ਵਿੱਚ ਸਵੈਪ ਟਰਾਂਸਪਲਾਂਟ ਰਾਹੀਂ ਕਿਡਨੀਆਂ ਮਿਲੀਆਂ ਹਨ, ਜਿਸ ਨੂੰ ਸੰਯੁਕਤ ਯੋਗਦਾਨ ਦੇ ਪੱਖ ਤੋਂ ਬੇਮਿਸਾਲ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਇਹ ਤਰ੍ਹਾਂ ਦਾ ਟਰਾਂਸਪਲਾਂਟ, ਜਿਸ 'ਚ ਦਾਨੀ-ਵਸੂਲੀਆ (ਰਿਸੀਵਰ) ਜੋੜਿਆਂ ਨੂੰ ਇਸੇ ਸਥਿਤੀ 'ਚ ਫਸੇ ਹੋਰਨਾਂ ਨਾਲ ਮਿਲਾਇਆ ਜਾਂਦਾ ਹੈ, ਉੱਥੇ ਜੀਵਨ ਰੇਖਾ ਵਜੋਂ ਕੰਮ ਕਰਦਾ ਹੈ ਜਿੱਥੇ ਸਿੱਧਾ ਦਾਨ ਸੰਭਵ ਨਹੀਂ ਹੈ। ਫਿਰ ਵੀ ਰਾਜ ਪੱਧਰੀ ਸੀਮਾਵਾਂ, ਕਿਡਨੀ ਦੇਣ-ਲੈਣ ਵਾਲੇ ਦੇ ਰਿਸ਼ਤਿਆਂ 'ਤੇ ਸਖ਼ਤ ਨੇਮ ਲੱਗਣ ਕਰ ਕੇ ਤੇ ਜਾਗਰੂਕਤਾ ਦੀ ਘਾਟ ਕਾਰਨ ਵੀ ਇਸ ਢਾਂਚੇ ਦੀ ਪੂਰੀ ਵਰਤੋਂ ਨਹੀਂ ਹੋ ਰਹੀ। ਰਾਸ਼ਟਰੀ ਅੰਗ ਤੇ ਤੰਤੂ ਟਰਾਂਸਪਲਾਂਟ ਸੰਗਠਨ (ਐੱਨਓਟੀਟੀਓ) ਦੀ ਹਮਾਇਤ ਪ੍ਰਾਪਤ ਕੇਂਦਰ ਸਰਕਾਰ ਦੀਆਂ ਹਾਲੀਆ ਹਦਾਇਤਾਂ ਜੋ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜਾਰੀ ਕੀਤੀਆਂ ਗਈਆਂ ਹਨ, ਵਿਆਪਕ ਭੂਗੋਲਿਕ ਮੇਲ ਯਕੀਨੀ ਬਣਾਉਣ ਦੇ ਨਾਲ ਸੁਧਾਰ ਕਰਨ ਦੀ ਕੋਸ਼ਿਸ਼ ਹੈ ਤੇ ਜੋੜਿ ?ਆਂ ਦੀ ਰਾਸ਼ਟਰੀ ਰਜਿਸਟਰੀ ਵੀ ਇਸ ਨਾਲ ਬਣੇਗੀ। ਇਹ ਅਜਿਹਾ ਕਦਮ ਹੈ ਜੋ ਅਣਗਿਣਤ ਜਾਨਾਂ ਬਚਾ ਸਕਦਾ ਹੈ, ਜਿਸ 'ਚ ਹੁਣ ਅਫ਼ਸਰਸ਼ਾਹੀ ਪੱਧਰ ਦੇ ਅੜਿੱਕਿਆਂ ਕਰ ਕੇ ਮੁਸ਼ਕਿਲ ਆਉਂਦੀ ਹੈ ਨਾ ਕਿ ਜੈਵਿਕ ਜਾਂ ਸਰੀਰਕ ਕਾਰਨਾਂ ਕਰ ਕੇ।

ਉਂਝ, ਸਵੈਪ ਟਰਾਂਸਪਲਾਂਟ ਲਈ ਮਨਜ਼ੂਰੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੀ ਲੋੜ ਹੈ। ਵਰਤਮਾਨ ਨਿਯਮਾਂ ਤਹਿਤ 'ਨੇੜਲੇ ਰਿਸ਼ਤੇਦਾਰ' ਦੀ ਵਿਆਖਿਆ ਅਕਸਰ ਉਨ੍ਹਾਂ ਨੂੰ ਰੋਕਦੀ ਹੈ ਜੋ ਇੱਛੁਕ ਹੁੰਦੇ ਹਨ ਪਰ ਕਾਗਜ਼ਾਂ ਵਾਲੇ ਪਾਸਿਓਂ ਅਯੋਗ ਠਹਿਰਾ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਲੋਕਾਂ ਦਾ ਭਰੋਸਾ ਵੀ ਦੁਬਾਰਾ ਉਸਰਨਾ ਚਾਹੀਦਾ ਹੈ, ਖ਼ਾਸ ਤੌਰ 'ਤੇ ਵਾਰ-ਵਾਰ ਵਾਪਰ ਰਹੇ ਅੰਗਾਂ ਦੀ ਤਸਕਰੀ ਦੇ ਘੁਟਾਲਿਆਂ ਦੇ ਮੱਦੇਨਜ਼ਰ ਇਹ ਜ਼ਰੂਰੀ ਹੈ। ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਟਰਾਂਸਪਲਾਂਟ ਕੇਂਦਰ ਹੈ, ਪਰ ਇਕੱਲੇ ਅਕਾਰ ਦਾ ਮਤਲਬ ਇਹ ਨਹੀਂ ਕਿ ਸਾਰਿਆਂ ਨੂੰ ਬਰਾਬਰ ਮੌਕਾ ਜਾਂ ਪਹੁੰਚ ਮਿਲ ਰਹੀ ਹੈ। ਕੇਂਦਰੀਕ੍ਰਿਤ ਸਵੈਪ ਟਰਾਂਸਪਲਾਂਟ ਢਾਂਚਾ ਬੇਹੱਦ ਕਾਰਗਰ ਸਾਬਿਤ ਹੋ ਸਕਦਾ ਹੈ- ਬਸ਼ਰਤੇ ਇਸ ਨੂੰ ਪਾਰਦਰਸ਼ਤਾ, ਇਮਾਨਦਾਰੀ ਤੇ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲਤਾ ਰੱਖ ਕੇ ਲਾਗੂ ਕੀਤਾ ਜਾਵੇ। ਅੰਗ ਟਰਾਂਸਪਲਾਂਟ ਦੀ ਦੁਨੀਆ 'ਚ ਸਮੇਂ ਦਾ ਬਹੁਤ ਮਹੱਤਵ ਹੈ। ਕਿਡਨੀ ਉਡੀਕ ਰਹੇ ਹਜ਼ਾਰਾਂ ਲੋਕਾਂ ਲਈ ਰਾਸ਼ਟਰੀ ਸਵੈਪ ਢਾਂਚਾ ਉਮੀਦ ਦੀ ਕਿਰਨ ਹੈ, ਨਾ ਸਿਰਫ਼ ਬਚਾਅ ਲਈ, ਬਲਕਿ ਨਵੀਂ ਜ਼ਿੰਦਗੀ ਹਾਸਿਲ ਕਰਨ ਲਈ ਵੀ।

# ਪਰਾਲੀ ਦੀ ਸਾਂਭ ਸੰਭਾਲ ਸਬੰਧੀ ਮਸ਼ੀਨਾਂ ਤੇ ਸਬਸਿਡੀ ਲਈ 12 ਮਈ ਤੱਕ ਬਿਨੈਪੱਤਰਾਂ ਦੀ ਮੰਗ

ਮੋਗਾ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਕਿਸਾਨਾਂ ਨੂੰ ਖੇਤੀਬਾੜੀ ਦੀਆਂ ਆਧੁਨਿਕ ਮਸ਼ੀਨਾਂ ਭਾਰੀ ਸਬਸਿਡੀ ਉਪਰ ਮੁਹੱਈਆ ਕਰਵਾ ਰਹੀ ਹੈ ਜਿਸ ਨਾਲ ਫਸਲ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਬਿਨਾਂ ਹੀ ਅਗਲੀ ਫਸਲ ਦੀ ਖੇਤੀ ਸੰਭਵ ਹੋ ਸਕਦੀ ਹੈ ਅਤੇ ਇਸ ਨਾਲ ਕਿਸਾਨ ਦੀ ਜੇਬ ਉਪਰ ਵੀ ਕੋਈ ਬਹੁਤਾ ਬੋਝ ਨਹੀਂ ਪੈਂਦਾ।



ਇਹ ਮਸ਼ੀਨਾਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਮਿਲਾ ਕੇ ਵਾਤਾਵਰਨ ਪੱਖੀ ਤੇ ਆਧੁਨਿਕ ਖੇਤੀਬਾੜੀ ਦੇ ਯੋਗ ਬਣਾਉਂਦੀਆਂ ਹਨ। ਸਬਸਿਡੀ ਵਾਲੀਆਂ ਇਹਨਾਂ ਮਸ਼ੀਨਾਂ ਦਾ ਵੱਧ ਤੋਂ ਵੱਧ ਕਿਸਾਨ ਲਾਹਾ ਪ੍ਰਾਪਤ ਕਰ ਸਕਣ ਅਤੇ ਸੂਬੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਗਿਰਾਵਟ ਲਿਆਂਦੀ ਜਾ ਸਕੇ ਇਸ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਪਰਾਲੀ ਸਾਂਭਣ ਲਈ ਕਿਸਾਨਾਂ ਨੂੰ ਖੇਤੀਬਾੜੀ ਮਸ਼ੀਨਾਂ ਸਬਸਿਡੀ ਤੇ ਉਪਲੱਬਧ ਕਰਵਾਉਣ ਲਈ ਆਨਲਾਈਨ ਪੋਰਟਲ www.agrimachinerypb.com, ਤੇ ਅਰਜੀਆਂ ਦੀ ਮੰਗ ਕੀਤੀ ਹੈ। ਵਿਭਾਗ ਵੱਲੋਂ ਪਰਾਲੀ ਸਾਂਭਣ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਸਬਸਿਡੀ ਤੇ ਉਪਲੱਬਧ ਕਰਵਾਉਣ ਲਈ ਆਨਲਾਈਨ ਪੋਰਟਲ www.agrimachinerypb.com ਰਾਹੀਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਇਹ ਅਰਜੀਆਂ 22 ਅਪ੍ਰੈਲ ਤੋਂ 12 ਮਈ, 2025 ਤੱਕ ਦਿੱਤੀਆਂ ਜਾ ਸਕਦੀਆਂ ਹਨ।

ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹਨਾਂ ਮਸ਼ੀਨਾਂ ਵਿੱਚ ਸੁਪਰ ਐਸ.ਐਮ.ਐਸ, ਹੈਪੀ ਸੀਡਰ, ਸੁਪਰ ਸੀਡ, ਸਰਫੇਸ ਸੀਡਨ, ਸਮਾਰਟ ਸੀਡਰ, ਜੀਰੋ ਟਿੱਲ ਡਰਿੱਲ, ਬੇਲਰ, ਰੇਕ, ਸ਼ਰੱਬ ਮਾਸਟਰ/ ਰੋਟਰੀ ਸਲੈਸ਼ਰ, ਪੈਡੀ ਸਟਰਾਣ ਚੌਪਰ/ਸ਼ਰੈਡਰ/ਮਲਚਰ, ਕਰਾਪ ਰੀਪਰ, ਉਲਟਾਵੇਂ ਪਲਾਓ ਆਦਿ ਸ਼ਾਮਿਲ ਹਨ।ਉਹਨਾਂ ਅੱਗੇ ਦੱਸਿਆ ਕਿ ਕਸਟਮ ਹਾਈਰਿੰਗ ਸੈਂਟਰ ਅਤੇ ਪੈਡੀ ਸਪਲਾਈ ਚੇਨ ਸੈਂਟਰ ਸਥਾਪਿਤ ਕਰਨ ਲਈ ਵੀ ਵਿਭਾਗ ਵੱਲੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਸਬਸਿਡੀ ਦੀ ਦਰ ਸਕੀਮ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ ਸਬਸਿਡੀ ਲੈਣ ਦੇ ਚਾਹਵਾਨ ਕਿਸਾਨ ਮਿਤੀ 12 ਮਈ 2025 ਤੱਕ ਸ਼ਾਮ 5 ਵਜੇ ਤੱਕ ਆਪਣੀਆਂ ਅਰਜੀਆਂ ਆਨਲਾਈਨ ਪੋਰਟਲ ਤੇ ਦੇ ਸਕਦੇ ਹਨ। ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬਸਾਈਟ ਜਾਂ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਧਿਕਾਰੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬ ਦੇ ਖ਼ੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਨੇ ਫਿਲੌਰ ਦੀ ਅਨਾਜ ਮੰਡੀ 'ਚ ਖ਼ਰੀਦ ਕਾਰਜਾਂ ਦਾ ਲਿਆ ਜਾਇਜ਼ਾ

ਜਲੰਧਰ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੀ ਭਾਰੀ ਆਮਦ ਹੋ ਰਹੀ ਹੈ ਅਤੇ ਰੋਜ਼ਾਨਾ ਪੰਜਾਬ ਭਰ ਵਿੱਚ ਔਸਤਨ 10 ਲੱਖ ਮੀਟ੍ਰਿਕ ਟਨ ਕਣਕ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਕਣਕ ਦੇ ਖ਼ਰੀਦ ਸੀਜ਼ਨ ਨੂੰ ਕਿਸਾਨਾਂ ਦੀ ਸਹੂਲਤ ਨੂੰ ਪੂਰੀ ਤਵਜੋਂ ਦਿੰਦਿਆਂ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਿ ਆ ਜਾਵੇਗਾ।



ਫਿਲੌਰ ਦੀ ਦਾਣਾ ਮੰਡੀ ਵਿਖੇ ਆਪਣੇ ਦੌਰੇ ਦੌਰਾਨ ਕੈਬਨਿਟ ਮੰਤਰੀ ਨੇ ਚੱਲ ਰਹੇ ਖਰੀਦ ਕਾਰਜਾਂ ਦਾ ਨਿਰੀਖਣ ਕੀਤਾ ਅਤੇ ਮੌਕੇ 'ਤੇ ਮੌਜੂਦ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਕਣਕ ਦੀ ਖ਼ਰੀਦ ਆਪਣੇ ਸਿਖ਼ਰ 'ਤੇ ਪਹੁੰਚ ਰਹੀ ਹੈ ਅਤੇ ਸੂਬੇ ਭਰ ਦੇ 1,864 ਨਿਰਧਾਰਿਤ ਖ਼ਰੀਦ ਕੇਂਦਰਾਂ 'ਤੇ 37 ਲੱਖ ਮੀਟ੍ਰਿਕ ਟਨ ਤੋਂ ਵੱਧ ਕਣਕ ਪਹਿਲਾਂ ਹੀ ਆ ਚੁੱਕੀ ਹੈ। ਇਸ ਵਿੱਚੋਂ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 2,425 ਰੁਪਏ ਪ੍ਰਤੀ ਕੁਇੰਟਲ 'ਤੇ 33.50 ਲੱਖ ਮੀਟ੍ਰਿਕ ਟਨ ਫ਼ਸਲ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ।

ਸਮੇਂ ਸਿਰ ਅਦਾਇਗੀਆਂ 'ਤੇ ਸਰਕਾਰ ਦੇ ਵਿਸ਼ੇਸ਼ ਧਿਆਨ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਦੱਸਿਆ ਕਿ ਖ਼ਰੀਦੀ ਗਈ ਕਣਕ ਦੀ ਫ਼ਸਲ ਲਈ 3,216 ਕਰੋੜ ਰੁਪਏ ਪਹਿਲਾਂ ਹੀ ਕਿਸਾਨਾਂ ਦੇ ਖਾਤਿਆਂ ਵਿੱਚ ਭੇਜੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਖ਼ਰੀਦ ਦੇ 24 ਘੰਟਿਆਂ ਦੇ ਅੰਦਰ ਅਦਾਇਗੀ ?'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਵੱਲੋਂ ਮਜ਼ਦੂਰਾਂ ਸਮੇਤ ਸਾਰੀਆਂ ਧਿਰਾਂ ਦੀ ਭਲਾਈ ਦਾ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾਂ ਮਜ਼ਦੂਰਾਂ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸੀਜ਼ਨ ਦੌਰਾਨ ਅੰਦਾਜ਼ਨ 25 ਕਰੋੜ ਬੋਰੀਆਂ ਦੀ ਸੰਭਾਲ ਦੇ ਮੱਦੇਨਜ਼ਰ ਕਿਰਤ ਦਰਾਂ ਵਿੱਚ ਪਹਿਲਾਂ ਹੀ ਸੋਧ ਕੀਤੀ ਜਾ ਚੁੱਕੀ ਹੈ ਅਤੇ ਇਹ 2.21 ਰੁਪਏ ਤੋਂ ਵਧਾ ਕੇ 2.64 ਰੁਪਏ ਪ੍ਰਤੀ ਬੈਗ ਕੀਤੀ ਗਈ ਹੈ। ਇਸ ਸੋਧ ਰਾਹੀਂ ਸੂਬਾ ਸਰਕਾਰ ਵੱਲੋਂ ਪੰਜਾਬ ਪੱਧਰ 'ਤੇ ਮੰਡੀ ਮਜ਼ਦੂਰਾਂ ਨੂੰ ਲਗਭਗ 10 ਕਰੋੜ ਰੁਪਏ ਦਾ ਫਾਇਦਾ ਦਿੱਤਾ ਜਾ ਰਿਹਾ ਹੈਕਿਸਾਨਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਕਟਾਰੂਚੱਕ ਨੂੰ ਚੱਲ ਰਹੀ ਖ਼ਰੀਦ ਬਾਰੇ ਸਕਾਰਾਤਮਕ ਪ੍ਰਤੀਕਿਰਿਆ ਮਿਲੀ। ਪਿੰਡ ਅਕਾਲਪੁਰ ਦੇ ਕਿਸਾਨ ਪਰਮਜੀਤ ਸਿੰਘ ਨੇ ਆਪਣੀ ਫ਼ਸਲ ਦੀ ਸੁਚਾਰੂ ਅਤੇ ਜਲਦ ਖ਼ਰੀਦ ਲਈ ਸਰਕਾਰ ਦੀ ਪ੍ਰਸ਼ੰਸਾ ਕਰਦਿਆਂ ਸਮੁੱਚੀ ਪ੍ਰਕਿਰਿਆ ਨੂੰ ਕੁਸ਼ਲ ਅਤੇ ਮੁਸ਼ਕਲ ਰਹਿਤ ਦੱਸਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਬੰਪਰ ਫ਼ਸਲ ਦੀ ਪੈਦਾਵਾਰ ਦੀਆਂ ਰਿਪੋਰਟਾਂ ਵਿਚਕਾਰ ਸਰਕਾਰ ਨੇ ਇਸ ਸੀਜ਼ਨ ਵਿੱਚ 124 ਲੱਖ ਮੀਟ੍ਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਰੱਖਿਆ ਹੈ।

ਇਸ ਮੌਕੇ ਐਸ.ਡੀ.ਐਮ. ਅਮਨਪਾਲ ਸਿੰਘ, ਆਪ ਆਗੂ ਪ੍ਰਿੰ. ਪ੍ਰੇਮ ਕੁਮਾਰ, ਡੀ.ਐਮ.ਓ. ਅਰਵਿੰਦਰ ਸਿੰਘ ਅਤੇ ਡੀ.ਐਫ.ਐਸ.ਸੀ. ਨਰਿੰਦਰ ਸਿੰਘ ਵੀ ਮੌਜੂਦ ਸਨ।

# ਪੰਜਾਬੀ ਸਾਹਿਤ ਸਭਾ ਦੇ ਸਮਾਗਮ ਵਿੱਚ ਚੱਲਿਆ ਰਚਨਾਵਾਂ ਦਾ ਦੌਰ



ਹੁਸ਼ਿਆਰਪੁਰ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸਦੀ ਪ੍ਰਧਾਨਗੀ ਤ੍ਰਿਪਤਾ ਕੇ ਸਿੰਘ ਨੇ ਕੀਤੀ।ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਭਾ ਦੇ ਜਨਰਲ ਸਕੱਤਰ ਅਤੇ ਖੋਜ ਅਫ਼ਸਰ ਭਾਸ਼ਾ ਵਿਭਾਗ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਪੰਜਾਬੀ ਅਤੇ ਹਿੰਦੀ ਦੇ ਪ੍ਰਬੁਧ ਸਾਹਿਤਕਾਰ ਕਹਾਣੀਕਾਰ ਪ੍ਰੇਮ ਪ੍ਰਕਾਸ਼, ਡਾ. ਹਰਜਿੰਦਰ ਸਿੰਘ ਅਟਵਾਲ, ਆਦਿਵਾਸੀ ਕਹਾਣੀਕਾਰਾ ਡਾ. ਰਾਜ ਕੇਰਕੇਟਾ, ਨਦੀਮ ਪਰਮਾਰ, ਕ੍ਰਿਸ਼ਨ ਭਨੋਟ ਹੁਰਾਂ ਦੀ ਨਿੱਘੀ ਯਾਦ ਵਿੱਚ ਸ਼ੋਕ ਮਤਾ ਪੜਿ ਆ ਅਤੇ ਸਭਾ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਉਪਰੰਤ ਰਚਨਾਵਾਂ ਦੇ ਚੱਲੇ ਦੌਰ ਵਿੱਚ ਸਾਹਿਤਕਾਰਾਂ ਡਾ. ਕਰਮਜੀਤ ਸਿੰਘ, ਮਦਨ ਵੀਰਾ, ਡਾ. ਸ਼ਮਸ਼ੇਰ ਮੋਹੀ, ਡਾ. ਹਰਪ੍ਰੀਤ ਸਿੰਘ, ਸੋਮਦੱਤ ਦਿਲਗੀਰ, ਡਾ. ਕੁਲਦੀਪ ਸਿੰਘ, ਰਾਜ ਕੁਮਾਰ ਘਾਸੀਪੁਰੀਆ, ਰਬਿੰਦਰ ਸ਼ਰਮਾ, ਬਲਜੀਤ ਕੌਰ ਝੂਟੀ, ਪ੍ਰਿੰਸੀਪਲ ਚਰਨ ਸਿੰਘ, ਹਰਬਿੰਦਰ ਸਾਹਬੀ, ਸੁਰਿੰਦਰ ਸੱਲ੍ਹਣ, ਪ੍ਰਿੰਸੀਪਲ ਦਾਸ ਭਾਰਤੀ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁਲ, ਡਾ. ਦਰਸ਼ਨ ਸਿੰਘ ਦਰਸ਼ਨ, ਸਤੀਸ਼ ਕੁਮਾਰ, ਡਾ. ਅਜੀਤ ਸਿੰਘ ਜੱਬਲ, ਪ੍ਰਭਜੋਤ ਕੌਰ, ਤੀਰਥ ਚੰਦ ਸਰੋਆ ਅਤੇ ਰਜਿੰਦਰ ਸੱਚਦੇਵਾ ਨੇ ਆਪਣੀਆਂ ਸੱਜਰੀਆਂ ਕਵਿਤਾਵਾਂ, ਗ਼ਜ਼ਲਾਂ, ਗੀਤ, ਕਹਾਣੀਆਂ ਸੁਣਾ ਕੇ ਸ਼ਹਿਬਰ ਲਾ ਦਿੱਤੀ।ਸਮਾਗਮ ਦੇ ਦੂਜੇ ਸੈਸ਼ਨ ਵਿੱਚ ਸਭਾ ਦੇ ਮੈਂਬਰਾਂ ਦੀਆਂ ਛਪੀਆਂ ਕਿਤਾਬਾਂ ਬਾਰੇ ਚਰਚਾ ਕੀਤੀ ਗਈ।ਇਸ ਗੱਲ ਨੂੰ ਸਰਵ ਪ੍ਰਵਾਨਤਾ ਦਿੱਤੀ ਗਈ ਕਿ ਸਭਾ ਦੇ ਜਿਸ ਵੀ ਮੈਂਬਰ ਦੀ ਨਵੀਂ ਕਿਤਾਬ ਛਪ ਕੇ ਆਵੇਗੀ, ਸਭਾ ਪਹਿਲ ਦੇ ਅਧਾਰ 'ਤੇ ਇਸ ਕਿਤਾਬ ਨੂੰ ਲੋਕ ਅਰਪਣ ਦੇ ਨਾਲ ਨਾਲ ਗੋਸ਼ਟੀ ਸਮਾਗਮ ਵੀ ਕਰਵਾਏਗੀ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਤ੍ਰਿਪਤਾ ਕੇ ਸਿੰਘ ਨੇ ਪੇਸ਼ ਹੋਈਆ ਰਚਨਾਵਾਂ 'ਤੇ ਆਪਣੀਆਂ ਸਾਰਥਕ ਟਿੱਪਣੀਆਂ ਦਿੰਦਿਆਂ ਰਚਨਾਕਾਰਾਂ ਨੂੰ ਵਧਾਈਆਂ ਦਿੱਤੀਆਂ।ਧੰਨਵਾਦੀ ਸ਼ਬਦ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਆਖੇ।ਸਮਾਗਮ ਦੌਰਾਨ ਸਟੇਜ ਦੀ ਸਮੁਚੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖ਼ੂਬੀ ਨਿਭਾਈ।

## ਪਾਣੀ ਬਚਾਉਣ ਲਈ ਸ਼ੁਰੂ ਕੀਤੀ ਜਾਵੇਗੀ ਅਹਿਮ ਮੁਹਿੰਮ : ਗੁਨਪ੍ਰੀਤ ਕਾਹਲੋਂ, ਕੋਹਲੀ



ਪਟਿਆਲਾ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜ ਦਰਿਆਵਾਂ ਦੇ ਨਾਮ ਨਾਲ ਜਾਣਿਆ ਜਾਂਦਾ ਪੰਜਾਬ ਅੱਜ ਗੰਭੀਰ ਜਲ ਸੰਕਟ ਨਾਲ ਜੂਝ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡੂੰਘਾ ਹੁੰਦਾ ਜਾ ਰਿਹਾ ਹੈ, ਜੋ ਆਉਣ ਵਾਲੇ ਸਮੇਂ ਲਈ ਵੱਡਾ ਖ਼ਤਰਾ ਬਣ ਰਿਹਾ ਹੈ। ਇਹ ਸਿਰਫ਼ ਇਕ ਵਾਤਾਵਰਨਿਕ ਮੁੱਦਾ ਨਹੀਂ ਹੈ ਸਗੋਂ ਪੰਜਾਬ ਦੀ ਆਰਥਿਕਤਾ, ਸਮਾਜਿਕ ਢਾਂਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ 'ਤੇ ਇਕ ਵੱਡਾ ਪ੍ਰਸ਼ਨ ਚਿੰਨ੍ਹ ਹੈ। ਇਹ ਪ੍ਰਗਟਾਵਾ ਇਲੀਟ ਕਲੱਬ ਇੰਟਰਨੈਸ਼ਨਲ ਦੀ ਮੁਖੀ ਗੁਨਪ੍ਰੀਤ ਕਾਹਲੋ ਕੋਹਲੀ ਨੇ ਕਲੱਬ ਦੇ ਮੈਬਰਾਂ ਵੱਲੋਂ ਵਰਲਡ ਅਰਥ ਡੇ ਮਨਾਉਣ ਮੌਕੇ ਕੀਤਾ। ਇਸ ਮੌਕੇ ਕਲੱਬ ਮੈਂਬਰਾਂ ਨੇ ਪ੍ਰੋਗਰਾਮ ਜ਼ਰੀਏ ਲੋਕਾਂ ਨੂੰ ਪਾਣੀ ਬਚਾਉਣ ਦਾ ਸੁਨੇਹਾ ਵੀ ਦਿੱਤਾ।

ਗੁਨਪ੍ਰੀਤ ਕਾਹਲੋ ਕੋਹਲੀ ਨੇ ਕਿਹਾ ਕਿ ਪਾਣੀ ਦੀ ਘਾਟ ਇੱਕ ਆਮ ਮੁੱਦਾ ਨਹੀ ਹੈ, ਸਗੋਂ ਪੰਜਾਬ ਦੀ ਆਰਥਿਕਤਾ, ਸਮਾਜਿਕ ਢਾਂਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ 'ਤੇ ਇਕ ਵੱਡਾ ਪ੍ਰਸ਼ਨ ਚਿੰਨ੍ਹ ਹੈ। ਇਸ ਸੰਕਟ ਦਾ ਸਭ ਤੋਂ ਵੱਡਾ ਕਾਰਨ ਕਈ ਅਜਿਹੀ ਫਸਲਾਂ ਦੀ ਕਾਸ਼ਤ ਹੈ, ਜਿਸ ਲਈ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਮੰਨ ਸਕਦੇ ਹਾਂ ਕਿ ਕਿਸਾਨ ਇਨਾਂ ਫਸਲਾਂ ਤੋਂ ਮੁਨਕਰ ਨਹੀ ਹੋ ਸਕਦੇ ਪਰ ਜੇਕਰ ਸਰਕਾਰ ਸਾਥ ਦੇਵੇ ਤਾਂ ਨਿਵੇਕਲੀਆਂ ਕੋਸ਼ਿਸ਼ਾ ਰਾਹੀ ਪਾਣੀ ਦੀ ਜਿਆਦਾ ਖਪਤ ਲੈਣ ਵਾਲੀਆਂ ਫਸਲਾਂ ਨੂੰ ਛੱਡਿਆ ਜਾ ਘਟਾਇਆ ਜਾ ਸਕਦਾ ਹੈ।

ਉਨਾਂ ਕਿਹਾ ਕਿ ਵਿਗਿਆਨੀਆਂ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ ਆਉਣ ਵਾਲੇ ਕੁਝ ਦਹਾਕਿਆਂ 'ਚ ਪੰਜਾਬ ਵਿਚ ਪੀਣ ਯੋਗ ਪਾਣੀ ਵੀ ਮੁਸ਼ਕਲ ਨਾਲ ਮਿਲੇਗਾ।

ਇਸ ਮੌਕੇ ਪਰਮਜੀਤ ਚੱਡਾ, ਰੁਚੀ ਨਰੂਲਾ, ਰਾਖੀ ਖੁਰਾਨਾ, ਮੇਘਨਾ ਚੋਪੜਾ, ਮੋਨੀਕਾ, ਇਰੀਨ, ਮਿਲੀ ਜੈਸਵਾਲ, ਸੁਖਵਿੰਦਰ, ਸਰੀਤਾ ਕਟਾਰੀਆ ਅਤੇ ਹੋਰ ਕਲੱਬ ਮੈਂਬਰ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

# ਸਰਕਾਰੀ ਸਕੂਲਾਂ 'ਚ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਤੱਤਪਰ ਪੰਜਾਬ ਸਰਕਾਰ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਪੰਜਾਬ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਵਿਚ ਕ੍ਰਾਂਤੀਕਾਰੀ ਬਦਆਅ ਲਿਆ ਕੇ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਖੇਡਾਂ ਵਿਚ ਸਮੇਂ ਦੀ ਸਰਬੋਤਮ ਵਰਤੋਂ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਸ਼ਾਮਲ ਹੋ ਕੇ ਸੂਬੇ ਦਾ ਨਾਮ ਰੌਸ਼ਨ ਕਰ ਸਕਣ। ਉਹ ਅੱਜ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਵਿਚ ਚਾਰ ਸਕੂਲਾਂ ਵਿਚ 1.11 ਕਰੋੜ ਰੁਪਏ ਦੀ ਲਾਗਤ ਨਾਲ ਕਰਵਾਏ ਗਏ ਵਿਕਾਸ ਕੰਮਾਂ ਦੇ ਉਦਘਾਟਨ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ।



ਵਿਧਾਇਕ ਜਿੰਪਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੌਹਾਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਚੌਹਾਲ ਵਿਖੇ ਕਰੀਬ 77 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਜਿਸ ਵਿਚ ਦੋ ਕਲਾਸ ਰੂਮ, ਦੋ ਸ਼ੈਡ, ਇਕ ਸਕਿਉਰਟੀ ਗਾਰਡ ਰੂਮ, 1 ਮੈਡੀਕਲ ਰੂਮ, ਚਾਰਦੀਵਾਰੀ, ਇੰਟਰਲਾਕਿੰਗ ਟਾਈਲਾਂ ਦਾ ਕੰਮ ਸ਼ਾਮਲ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਰਕਾਰੀ ਮਿਡਲ ਸਕੂਲ ਬਸੀ ਜਾਨਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਸੀ ਜਾਨਾ ਵਿਚ ਵੀ 34 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਕਲਾਸ ਰੂਮਾਂ ਦਾ ਉਦਘਾਟਨ ਕੀਤਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਰਾਜ ਸਰਕਾਰ ਸਕੂਲਾਂ ਵਿਚ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਲਈ ਵੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਤਾਂ ਜੋ ਵਿਦਿਆਰਥੀ ਖੇਡਾਂ ਵਿਚ ਵੀ ਸਰਹਾਨਾਯੋਗ ਉਪਲਬੱਧੀਆਂ ਹਾਸਲ ਕਰ ਸਕਣ। ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਵਿਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਨਵੇਂ ਕਲਾਸ ਰੂਮਾਂ ਦਾ ਨਿਰਮਾਣ, ਸਕੂਲਾਂ ਦੀ ਚਾਰਦੀਵਾਰੀ, ਮੁਰੰਮਤ ਕੰਮਾਂ ਦੇ ਨਾਲ-ਨਾਲ ਇਕ ਸਾਇੰਸ ਲੈਬਾਰਟਰੀ ਵੀ ਸਥਾਪਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਬੱਚਿਆਂ ਨੂੰ ਹੁਨਰਮੰਦ ਬਣਾਉਣਾ ਹੈ, ਇਸ ਟੀਚੇ ਤਹਿਤ ਸਕੂਲਾਂ ਵਿਚ ਸਕਿੱਲ ਟਰੇਨਿੰਗ ਵੀ ਕਰਵਾਈ ਜਾ ਰਹੀ ਹੈ ਜਿਸ ਨਾਲ ਬੱਚੇ ਭਵਿੱਖ ਵਿਚ ਆਤਮਨਿਰਭਰ ਬਣ ਸਕਣਗੇ।

ਵਿਧਾਇਕ ਜਿੰਪਾ ਨੇ ਦੱਸਿਆ ਕਿ ਰਾਜ ਸਰਕਾਰ ਦੀ ਵਿਲੱਖਣ ਪਹਿਲਕਦਮੀ ਤਹਿਤ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ ਜਿਸ ਨਾਲ ਉਹ ਨਵੇਂ ਅਧਿਆਪਨ ਤਰੀਕਿਆਂ ਵਿਚ ਨਿਪੁੰਨ ਹੋ ਸਕਣਗੇ ਅਤੇ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕੀਤੀ ਜਾ ਸਕੇਗੀ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ, ਪ੍ਰਿੰਸੀਪਲ ਸੈਲੇਂਦਰ ਠਾਕੁਰ, ਪ੍ਰਿੰਸੀਪਲ ਤ੍ਰਿਲੋਚਨ ਸਿੰਘ, ਪ੍ਰਿੰਸੀਪਲ ਕਰਨ ਸ਼ਰਮਾ, ਪ੍ਰਿੰਸੀਪਲ ਰਾਜਨ ਅਰੋੜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੌਹਾਲ ਦੀ ਇੰਚਾਰਜ ਬਲਵਿੰਦਰ ਕੌਰ, ਸਰਪੰਚ ਪੂਨਮ ਦੇਵੀ, ਹਰਬਖਸ਼ ਸਿੰਘ, ਹਰਬਿਲਾਸ, ਰਾਕੇਸ਼ ਕੁਮਾਰ, ਸੰਦੀਪ ਸੂਦ, ਨਿਧੀ ਵਰਮਾ, ਬੀ.ਪੀ.ਈ.ਓ. ਚਰਨਜੀਤ ਵੀ ਮੌਜੂਦ ਸਨ।

# ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਵਲੋਂ ਵੱਖ-ਵੱਖ ਸਕੂਲਾਂ ਵਿੱਚ ਵਿਕਾਸ ਕਾਰਜਾਂ ਦੇ ਉਦਘਾਟਨ

ਬਟਾਲਾ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਿਖਿਆ ਕ੍ਰਾਂਤੀ' ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਵਲੋਂ ਸਰਕਾਰੀ ਹਾਈ ਕੂਲ ਲੱਧਾ ਮੁੰਡਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ ਤੇ ਲੜਕੇ) ਘੁਮਾਣ ਅਤੇ ਸਰਕਾਰੀ ਮਿਡਲ ਸਕੂਲ ਪਜੋਚੱਕ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ ਹਨ।

ਇਸ ਮੌਕੇ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਸ਼ਾਨਦਾਰ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ ਹੈ, ਜੋ ਪਿਛਲੀਆਂ ਸਰਕਾਰਾਂ ਕਰਨ ਵਿੱਚ ਅਸਫਲ ਰਹੀਆਂ ਹਨ।



ਵਿਧਾਇਕ ਐਡਵੋਕੈਟ ਅਮਰਪਾਲ ਸਿੰਘ ਨੇ ਕਿਹਾ ਕਿ ਸਕੂਲਾਂ ਵਿਖੇ ਨਵੀਆਂ-ਨਵੀਆਂ ਇਮਾਰਤਾਂ, ਲਾਇਬ੍ਰੇਰੀ, ਕੰਪਿਊਟਰ ਲੈਬਾਰਟੀਆਂ, ਪਾਰਕ, ਖੇਡ ਦੇ ਮੈਦਾਨ, ਮਿਡ ਡੇਅ ਮਿਲ ਤਹਿਤ ਵਧੀਆ ਖਾਣਾ, ਵਰਦੀਆਂ, ਕਿਤਾਬਾਂ, ਏ.ਸੀ. ਕਲਾਸ ਰੂਮ, ਲੜਕੇ-ਲੜਕੀਆਂ ਲਈ ਵੱਖਰਾ-ਵੱਖਰਾਂ ਪਖਾਨਾ ਅਤੇ ਹੋਰ ਵਿਕਾਸ ਕਾਰਜਾਂ ਜੋ ਕਿ ਸਕੂਲਾਂ ਦੇ ਬਹੁਪੱਖੀ ਵਿਕਾਸ ਵਿਚ ਭੂਮਿਕਾ ਨਿਭਾਉਂਦੇ ਹਨ, ਦੀ ਪੂਰਤੀ ਕੀਤੀ ਜਾ ਰਹੀ ਹੈ।

ਇਸ ਮੌਕੇ ਬੀ.ਪੀ.ਈ.ਓ ਜਸਵਿੰਦਰ ਸਿੰਘ, ਬੀ ਪੀ ਈ ਓ ਤਰਸੇਮ ਸਿੰਘ ਰਿਆੜ, ਬੀ ਐਨ ਓ ਰਾਮ ਲਾਲ, ਪ੍ਰਿੰਸੀਪਲ ਪ੍ਰਮਜੀਤ ਕੌਰ, ਪਿ ?ਰੰਸੀਪਲ ਨਿਰਮਲ ਸਿੰਘ, ਅਧਿਾਪਕ ਰਾਜਬੀਰ ਕੌਰ,ਪੀ ਏ ਰਾਜੂ ਭਿੰਡਰ, ਪੀ ਏ ਸੁਖਦੇਵ ਸਿੰਘ ਰੋਮੀ, ਸਰਪੰਚ ਸੁਖਰਾਜ ਸਿੰਘ ਕਾਹਲੋ ਪੇਰੋਸ਼ਾਹ, ਸਿੱਖਿਆ ਸੁਧਾਰ ਕਮੇਟੀ ਦੇ ਕੋਆਰਡੀਨੇਟਰ ਜੋਨੀ ਘੁਮਾਣ, ਸਰਪੰਚ ਜੀਵਨ ਸਿੰਘ, ਸਰਪੰਚ ਮਨਜੀਤ ਸਿੰਘ ਵਾੜੇ, ਸੈਕਟਰੀ ਸੁਮਨਬੀਰ ਸਿੰਘ, ਸਾਬਕਾ ਸਰਪੰਚ ਕੁਲਵੰਤਬੀਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਰਾਜ ਦੀਆਂ ਮੰਡੀਆਂ 'ਚ 39.15 ਲੱਖ ਮੀਟ੍ਰਿਕ ਟਨ ਕਣਕ ਦੀ ਹੋਈ ਆਮਦ : ਹਰਚੰਦ ਸਿੰਘ ਬਰਸਟ

ਮੁਹਾਲੀ, 24 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ ਅਤੇ ਖਰੀਦ ਦੇ ਕਾਰਜ ਜੋਰਾਂ ਨਾਲ ਚੱਲ ਰਹੇ ਹਨ। ਮੰਡੀਆਂ ਵਿੱਚ ਕੀਤੇ ਪ੍ਰਬੰਧਾਂ ਸਦਕਾ ਕਿਸੇ ਨੂੰ ਵੀ ਕੋਈ ਸਮੱਸਿਆਂ ਨਹੀਂ ਆਉਣ ਦਿੱਤੀ ਜਾ ਰਹੀ। ਸੂਬੇ ਦੀਆਂ ਮੰਡੀਆਂ ਵਿੱਚ ਹੁਣ ਤੱਕ 39.15 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 35.09 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ।



ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਾੜੀ ਸੀਜ਼ਨ 2025-26 ਦੌਰਾਨ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਦੀ ਸਹੂਲਤ ਨੂੰ ਮੁੱਖ ਰਖਦੇ ਹੋਏ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸੂਬੇ ਦੀਆਂ ਮੰਡੀਆਂ ਵਿੱਚ ਹੁਣ ਤੱਕ 39.15 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ 35.09 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਵੀ ਹੋ ਚੁੱਕੀ ਹੈ, ਜਿਸ ਵਿੱਚੋਂ 31.34 ਲੱਖ ਮੀਟ੍ਰਿਕ ਟਨ ਕਣਕ ਦੀ ਸਰਕਾਰੀ ਅਤੇ 3.75 ਲੱਖ ਮੀਟ੍ਰਿਕ ਟਨ ਕਣਕ ਦੀ ਪ੍ਰਾਈਵੇਟ ਪੱਧਰ ਤੇ ਖਰੀਦ ਕੀਤੀ ਜਾ ਚੁੱਕੀ ਹੈ।

ਸ. ਬਰਸਟ ਨੇ ਦੱਸਿਆ ਹੈ ਕਿ 20 ਅਪ੍ਰੈਲ ਨੂੰ ਸੂਬੇ ਦੀਆਂ ਮੰਡੀਆਂ ਵਿੱਚ 10.12 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਅਤੇ 9.59 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵੇਲੇ ਕਿਸਾਨਾਂ ਦੇ ਨਾਲ ਖੜੀ ਹੈ ਅਤੇ ਕਣਕ ਦੀ ਖਰੀਦ ਸਬੰਧੀ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ।

ਮੰਡੀਆਂ ਵਿੱਚ ਸਾਫ਼-ਸਫਾਈ, ਪੀਣ ਵਾਲੇ ਪਾਣੀ, ਬਾਥਰੂਮਾਂ, ਛਾਂ, ਬੈਠਣ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਤੁਰੰਤ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਦੱਸਿਆ ਕਿ ਮੰਡੀਆਂ ਵਿੱਚ ਖਰੀਦ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਲਈ ਮੰਡੀ ਬੋਰਡ ਦੇ ਅਧਿਕਾਰੀਆਂ ਵੱਲੋਂ ਮੰਡੀਆਂ ਵਿੱਚ ਜਾ ਕੇ ਖਰੀਦ ਪ੍ਰਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਮੱਸਿਆਵਾਂ ਨੂੰ ਤੁਰੰਤ ਮੌਕੇ ਤੇ ਹੀ ਹੱਲ ਕੀਤਾ ਜਾ ਰਿਹਾ ਹੈ।

# ਤੈਅ ਮਿਤੀ ਤੱਕ ਜ਼ੋ ਡਿਫਾਲਟਰ ਟੈਕਸ ਨਹੀ ਭਰਦੇ ਤਾਂ ਉਨਾਂ ਤੋਂ ਟੈਕਸ ਦੇ ਨਾਲ ਨਾਲ ਜੁਰਮਾਨੇ ਦੀ ਕੀਤੀ ਜਾਵੇਗੀ ਵਸੂਲੀ: ਮੇਅਰ

ਪਟਿਆਲਾ, 24 ਅਪ੍ਰੈਲ
-ਰਜਨੀਸ਼ ਸਕਸੈਨਾ-
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਨਿਗਮ ਨੇ ਪ੍ਰਾਪਰਟੀ ਟੈਕਸ ਡਿਫਾਲਟਰਾਂ ਨੂੰ ਫੜਨ ਲਈ ਕਈ ਠੋਸ ਯੋਜਨਾਵਾਂ ਤਿਆਰ ਕੀਤੀਆਂ ਹਨ। ਸ਼ਹਿਰ ਦੇ ਹਜ਼ਾਰਾਂ ਲੋਕ ਜਾਇਦਾਦ ਟੈਕਸ ਨਹੀਂ ਦਿੰਦੇ ਜਾਂ ਗਲਤ ਘੱਟ ਟੈਕਸ ਅਦਾ ਕਰਦੇ ਹਨ, ਜਿਸ ਕਾਰਨ ਨਿਗਮ ਨੂੰ ਮਾਲੀਆ ਨੁਕਸਾਨ ਹੋ ਰਿਹਾ ਹੈ। ਹੁਣ ਨਿਗਮ ਨੇ ਅਜਿਹੇ ਡਿਫਾਲਟਰਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਨਵੇਂ ਕਦਮ ਚੁੱਕੇ ਹਨ। ਇਹ ਪ੍ਰਗਟਾਵਾ ਪਟਿਆਲਾ ਦੇ ਨਗਰ ਨਿਗਮ ਮੇਅਰ ਕੁੰਦਨ ਗੋਗੀਆ ਨੇ ਪ੍ਰਾਪਟੀ ਟੈਕਸ ਸ਼ਾਖਾ ਦੇ ਮੁਲਾਜ਼ਮਾਂ ਨਾਲ ਨਗਰ ਨਿਗਮ ਵਿਖੇ ਰੱਖੀ ਵਿਸ਼ੇਸ਼ ਮੀਟਿੰਗ ਉਪਰੰਤ ਕੀਤਾ। ਉਨ੍ਹਾਂ ਆਪਣੇ ਮੁਲਾਜ਼ਮਾਂ ਦੀ ਤਾਰੀਫ ਕਰਦਿਆ ਕਿਹਾ ਕਿ ਮੁਲਾਜ਼ਮਾ ਨੇ ਛੁੱਟੀ ਵਾਲੇ ਦਿਨ ਵੀ ਡਿਊਟੀ ਨਿਭਾ ਕੇ ਪ੍ਰਾਪਟੀ ਟੈਕਸ ਇੱਕਤਰਤ ਕਰਕੇ ਨਿਗਮ ਦੇ ਮਾਲੀਆ ਵਿੱਚ ਵਾਧਾ ਕੀਤਾ। ਪ੍ਰਾਪਰਟੀ ਟੈਕਸ ਸ਼ਾਖਾ ਵੱਲੋਂ ਸਾਲ 2024-25 ਦੇ ਸਾਲਾਨਾ ਬੱਜਟ ਟੀਚੇ ਦੀ 100 ਪ੍ਰਤੀਸ਼ਤ ਪ੍ਰਾਪਤੀ ਕੀਤੀ ਗਈ ਹੈ। ਉਨਾ ਵੱਡਾ ਐਲਾਨ ਕਰਦਿਆ ਇਹ ਵੀ ਕਿਹਾ ਕਿ ਪ੍ਰਾਪਰਟੀ ਟੈਕਸ ਸ਼ਾਖਾ ਵੱਲੋਂ 30 ਸਤੰਬਰ 2025 ਤੱਕ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਤੇ ਜਮ੍ਹਾਂ ਕਰਤਾਵਾਂ ਨੂੰ 10 ਪ੍ਰਤੀਸ਼ਤ ਛੋਟ ਦਿੱਤੀ ਜਾ ਰਹੀ ਹੈ। ਮੇਅਰ ਕੁੰਦਨ ਗੋਗੀਆ ਨੇ ਵਿਸ਼ੇਸ਼ ਤੌਰ ਤੇ ਦੱਸਿਆ ਕਿ ਨਿਗਮ ਦੀ ਵਿਸ਼ੇਸ਼ ਟੀਮ ਸ਼ਹਿਰ ਦੀਆਂ ਸਾਰੀਆ ਜਾਇਦਾਦਾ ਦਾ ਦੌਰਾ ਕਰਨਗੀਆਂ ਅਤੇ ਜਾਂਚ ਕਰਨਗੇ ਕਿ ਕਿਸੇ ਵੀ ਪ੍ਰਾਪਟੀ ਦਾ ਕਿੰਨਾ ਟੈਕਸ ਜਮ੍ਹਾ ਹੋਇਆ ਹੈ ਅਤੇ ਕਿੰਨਾ ਜਮ੍ਹਾ ਹੋਣਾ ਚਾਹੀਦਾ ਹੈ। ਉਨਾ ਕਿਹਾ ਕਿ ਜੇਕਰ ਕੁਝ ਲੋਕ ਛੋਟ ਦੇਣ ਮਗਰੋਂ ਅਤੇ ਤੈਅ ਮਿਤੀ ਤੱਕ ਟੈਕਸ ਨਹੀ ਭਰਦੇ ਤਾਂ ਉਨਾਂ ਡਿਫਾਲਟਰਾਂ ਤੋਂ ਟੈਕਸ ਦੇ ਨਾਲ ਨਾਲ ਜੁਰਮਾਨੇ ਦੀ ਵਸੂਲੀ ਕੀਤੀ ਜਾਵੇਗੀ। ਉਨਾ ਕਿਹਾ ਕਿ ਪਹਿਲਾਂ ਜਾਰੀ ਕੀਤੇ ਗਏ ਨੋਟਿਸਾਂ ਨੂੰ ਵੀ ਹੁਣ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ, ਜਿਸ ਵਿੱਚ ਜਾਇਦਾਦ ਨੂੰ ਸੀਲ ਕਰਨ ਦੀ ਕਾਰਵਾਈ ਵੀ ਸ਼ਾਮਲ ਹੈ।



ਮੇਅਰ ਨੇ ਸਾਲ 2024-25 ਦੌਰਾਨ ਇੱਕਠੇ ਕੀਤੇ ਪ੍ਰਾਪਟੀ ਟੈਕਸ ਦੀ ਆਮਦਨ ਸੰਬੰਧੀ ਗੱਲਬਾਤ ਕਰਦਿਆ ਕਿਹਾ ਕਿ ਮਹੀਨਾ ਅਪ੍ਰੈਲ 2025 ਦੌਰਾਨ 20 ਅਪ੍ਰੈਲ ਤੱਕ ਪ੍ਰਾਪਟੀ ਟੈਕਸ ਤੋਂ 42 ਲੱਖ ਰੁਪਏ ਆਮਦਨ ਹੋ ਚੁੱਕੀ ਹੈ, ਜਿਸ ਲਈ ਉਨਾਂ ਨੇ ਮੁਲਾਜ਼ਮਾ ਦੀ ਪਿੱਠ ਵੀ ਥਾਪੜੀ ਹੈ। ਉਨਾਂ ਇਸ ਮੌਕੇ ਪ੍ਰਾਪਰਟੀ ਟੈਕਸ ਸ਼ਾਖਾ ਨੂੰ ਹਦਾਇਤ ਕੀਤੀ ਗਈ ਕਿ 10 ਪ੍ਰਤੀਸ਼ਤ ਛੋਟ ਸੰਬੰਧੀ ਆਮ ਪਬਲਿਕ ਨੂੰ ਮੁਨਿਆਦੀ, ਐਸ ਐਮ ਐਸ ਆਦਿ ਹੋਰ ਸਾਧਨਾਂ ਰਾਹੀਂ ਵੱਧ ਤੋਂ ਵੱਧ ਜਾਣੂ ਕਰਵਾਇਆ ਜਾਵੇ। ਇਸ ਤੋਂ ਇਲਾਵਾ ਉਨਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣਾ ਪੂਰਾ ਪ੍ਰਾਪਰਟੀ ਟੈਕਸ ਸਮੇਂ ਸਿਰ ਜਮ੍ਹਾ ਕਰਵਾਉਣ, ਤਾਂ ਜੋ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਮਿਲਿਆ ਸਹੀ ਲਾਭ ਮਿਲ ਸਕੇ। ਇਸ ਮੌਕੇ ਪ੍ਰਾਪਟੀ ਟੈਕਸ ਸੁਪਰਡੈਂਟ ਲਵਨੀਸ਼ ਗੋਇਲ, ਸੁਪਰਡੈਂਟ ਗੁਰਪ੍ਰੀਤ ਸਿੰਘ ਚਾਵਲਾ ਮੇਅਰ ਆਫਿਸ, ਇੰਸਪੈਕਟਰ ਸੁਨੀਲ ਗੁਲਾਟੀ, ਇੰਸਪੈਕਟਰ ਨਵਦੀਪ ਸ਼ਰਮਾ, ਇੰਸਪੈਕਟਰ ਜਸਕੀਰਤ ਕੌਰ ਤੋਂ ਇਲਾਵਾ ਮਹਿਕਮੇ ਦੇ ਕਰਮਚਾਰੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।

# ਪੰਜਾਬ ਸਰਕਾਰ ਨੇ ਨਸ਼ਿਆਂ 'ਤੇ ਚੁਫ਼ੇਰਿਓਂ ਸਿਕੰਜਾ ਕਸਕੇ ਹੱਲਾ ਬੋਲਿਆ:ਬਲਤੇਜ ਪੰਨੂ

**➢ ਨਸ਼ਿਆਂ ਦਾ ਬਦਲ ਨਸ਼ੇ ਨਹੀਂ ਹੋ ਸਕਦੇ, ਪੰਜਾਬ ਨੂੰ ਅਫ਼ੀਮ-ਭੁੱਕੀ ਦੀ ਧਰਤੀ ਨਹੀਂ ਬਣਾਉਣਾ**
**➢ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਚ ਲੋਕ ਦੇਣ ਸਾਥ:ਜਗਦੀਪ ਜੱਗਾ**


ਨਸ਼ਾ ਮੁਕਤੀ ਮੋਰਚੇ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਅਤੇ ਮਾਲਵਾ ਜੋਨ ਦੇ ਕੋਆਰਡੀਨੇਟਰ ਤੇ ਡਿਪਟੀ ਮੇਅਰ ਜਗਦੀਪ ਜੱਗਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

"ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਮਨੁੱਖੀ ਚੇਨ ਬਣਾ ਕੇ ਲੋਕ ਲਹਿਰ ਬਣਾਈ ਜਾਵੇਗੀ।" ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੇ ਗਏ ਨਸ਼ਾ ਮੁਕਤੀ ਮੋਰਚੇ ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਕੀਤਾ।ਉਹ ਅੱਜ ਇੱਥੇ ਮਾਲਵਾ ਜੋਨ ਦੇ ਕੋਆਰਡੀਨੇਟਰ ਤੇ ਨਗਰ ਨਿਗਮ ਪਟਿਆਲਾ ਦੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਦੇ ਨਾਲ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਬਲਤੇਜ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਦੀ ਜਵਾਨੀ ਨੂੰ ਚੁਫ਼ੇਰੇ ਤੋਂ ਮਾਰ ਕਰ ਰਹੇ ਨਸ਼ਿਆਂ 'ਤੇ ਚੁਫ਼ੇਰਿਓਂ ਸਿਕੰਜਾ ਕੱਸਦਿਆਂ ਹੱਲਾ ਬੋਲਿਆ ਹੈ। ਉਨ੍ਹਾਂ ਦੱਸਿਆ ਕਿ ਅਰਵਿੰਦ ਕੇਜਰੀਵਾਲ ਦੀ ਸੋਚ ਮੁਤਾਬਕ ਆਮ ਆਦਮੀ ਪਾਰਟੀ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰਨ ਲਈ ਤਿੰਨ ਸਾਲ ਵਿਉਂਤਬੰਦੀ ਕੀਤੀ ਅਤੇ ਹੁਣ ਨਸ਼ਾ ਤਸਕਰਾਂ ਨੂੰ ਸਖ਼ਤ ਸੁਨੇਹਾ ਦਿੱਤਾ ਗਿਆ ਹੈ ਕਿ ਉਹ ਜਾਂ ਪੰਜਾਬ ਛੱਡ ਜਾਣ ਜਾਂ ਫੇਰ ਨਸ਼ਿਆਂ ਦਾ ਕਾਰੋਬਾਰ ਛੱਡਣ।

ਪੰਜਾਬ ਪੁਲਿਸ ਦੀ ਨਸ਼ਿਆਂ ਵਿਰੁੱਧ ਕਾਰਵਾਈ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਬਲਤੇਜ ਪੰਨੂ ਨੇ ਦੱਸਿਆ ਕਿ ਪੁਲਿਸ ਨੇ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਉਂਦਿਆਂ ਨਸ਼ਿਆਂ ਦੀ ਪ੍ਰਚੂਨ ਵਿਕਰੀ ਨੂੰ ਨੱਥ ਪਾਈ ਹੈ ਅਤੇ ਹੁਣ ਵੱਡੇ ਸੌਦਾਗਰਾਂ ਨੂੰ ਹੱਥ ਪਾਇਆ ਜਾ ਰਿਹਾ ਹੈ। ਪੰਨੂ ਨੇ ਕੁਝ ਰਾਜਸੀ ਨੇਤਾਵਾਂ ਵੱਲੋਂ ਪੰਜਾਬ 'ਚ ਅਫ਼ੀਮ-ਭੁੱਕੀ ਦੀ ਖੇਤੀ ਦੀ ਵਕਾਲਤ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਨਸ਼ਿਆਂ ਦਾ ਬਦਲ ਨਸ਼ੇ ਕਦੇ ਵੀ ਨਹੀਂ ਹੋ ਸਕਦੇ ਤੇ ਅਸੀਂ ਪੰਜਾਬੀਆਂ 'ਤੇ ਨਸ਼ਿਆਂ ਬਿਨ੍ਹਾਂ ਨਾ ਰਹਿ ਸਕਣ ਵਾਲੇ ਦਾ ਟੈਗ ਨਹੀਂ ਲਗਾ ਸਕਦੇ ਨਾ ਹੀ ਪੰਜਾਬ ਨੂੰ ਅਫ਼ੀਮ-ਭੁੱਕੀ ਦੀ ਧਰਤੀ ਬਣਾ ਸਕਦੇ ਹਾਂ। ਨਸ਼ਾ ਮੁਕਤੀ ਮੋਰਚੇ ਦੇ ਮੁੱਖ ਬੁਲਾਰੇ ਨੇ ਕਿਹਾ ਕਿ ਨਸ਼ਿਆਂ ਦੀ ਸ਼ੁਰੂਆਤ ਛੋਟੇ ਬੱਚਿਆਂ ਤੇ ਸਕੂਲਾਂ ਤੋਂ ਹੁੰਦੀ ਹੈ, ਇਸ ਲਈ ਮਾਪੇ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਕਿ ਬੱਚੇ ਕਿਸੇ ਬੇਗਾਨੇ ਤੋਂ ਲੈਕੇ ਬਾਹਰ ਕੁਝ ਨਾ ਖਾਣ-ਪੀਣ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਨੇ ਸਕੂਲਾਂ ਵਿਖੇ ਐਨਰਜੀ ਡ੍ਰਿਕਸ ਨੂੰ ਬੈਨ ਕੀਤਾ ਤੇ ਹੁਣ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਰੁਖ ਕੀਤਾ ਜਾ ਰਿਹਾ ਹੈ।

ਬਲਤੇਜ ਪੰਨੂ ਨੇ ਅੱਗੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਤਰਨਤਾਰਨ ਜ਼ਿਲ੍ਹੇ ਅੰਦਰ ਜਿਵੇਂ ਪਾਇਲਟ ਪ੍ਰਾਜੈਕਟ ਤਹਿਤ 83 ਪਿੰਡਾਂ 'ਚ ਵਾਲੀਬਾਲ ਦੇ ਮੈਦਾਨ ਬਣਾਏ ਗਏ ਹੁਣ ਰਾਜ ਦੇ ਹਰ ਪਿੰਡ 'ਚ ਗਰਾਊਂਡ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਨੂੰ ਪੰਜ ਜੋਨਾਂ 'ਚ ਵੰਡਕੇ ਅਸੀਂ 1 ਮਈ ਤੋਂ ਪਿੰਡ-ਪਿੰਡ, ਕਸਬੇ ਤੇ ਸ਼ਹਿਰਾਂ 'ਚ ਘਰ-ਘਰ ਜਾਵਾਂਗੇ ਅਤੇ ਲੋਕਾਂ ਨੂੰ ਜਾਗਰੂਕ ਕਰਕੇ ਯੁੱਧ ਨਸ਼ਿਆਂ ਵਿਰੁੱਧ ਨੂੰ ਸਫ਼ਲ ਬਣਾਉਣ ਲਈ ਨੁਕੜ ਨਾਟਕਾਂ ਸਮੇਤ ਹੋਰ ਪ੍ਰਚਾਰ ਸਾਧਨਾਂ ਅਤੇ ਹਰ ਤਰ੍ਹਾਂ ਦੇ ਮੀਡੀਆ ਦਾ ਸਾਥ ਵੀ ਲਿਆ ਜਾਵੇਗਾ।

ਇਸ ਮੌਕੇ ਮਾਲਵਾ ਜੋਨ ਦੇ ਕੋਆਰਡੀਨੇਟਰ ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੇ ਆਮ ਆਦਮੀ ਪਾਰਟੀ, ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾ ਕੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇਗਾ। ਜਗਦੀਪ ਜੱਗਾ ਨੇ ਲੋਕਾਂ ਨੂੰ ਪੰਜਾਬ ਸਰਕਾਰ ਦਾ ਸਾਥ ਦੇਣ ਸੱਦਾ ਵੀ ਦਿੱਤਾ।

ਜਗਦੀਪ ਜੱਗਾ ਨੇ ਦੱਸਿਆ ਕਿ ਨਸ਼ਾ ਮੁਕਤੀ ਮੋਰਚੇ ਨੂੰ ਹੇਠਲੇ ਪੱਧਰ ਤੱਕ ਲਿਜਾਣ ਲਈ ਪਟਿਆਲਾ ਦਿਹਾਤੀ ਹਲਕਾ ਦਾ ਕੋਆਰਡੀਨੇਟਰ ਯਾਦਵਿੰਦਰ ਗੋਲਡੀ, ਮਾਲੇਰਕੋਟਲਾ ਲਈ ਨਿਸ਼ਾਰ ਅਹਿਮਦ, ਐਸ.ਏ.ਐਸ. ਨਗਰ ਲਈ ਅਨੂ ਬੱਬਰ, ਰੂਪਨਗਰ ਲਈ ਹਰਪ੍ਰੀਤ ਕਾਹਲੋਂ, ਪਟਿਆਲਾ ਸ਼ਹਿਰੀ ਹਲਕੇ ਲਈ ਗੁਰਵਿੰਦਰ ਸਿੰਘ ਹੈਪੀ ਅਤੇ ਸੰਗਰੂਰ ਜ਼ਿਲ੍ਹੇ ਲਈ ਲਵਦੀਪ ਸ਼ਰਮਾ ਨੂੰ ਕੋਆਰਡੀਨੇਟਰ ਲਗਾਇਆ ਗਿਆ ਹੈ। ਜੱਗਾ ਨੇ ਕਿਹਾ ਕਿ ਇਸ ਤੋਂ ਬਾਅਦ ਹਲਕਾ ਤੇ ਬਲਾਕ ਪੱਧਰ ਦੇ ਕੁਆਰਡੀਨੇਟਰ ਵੀ ਲਗਾਏ ਜਾ ਰਹੇ ਹਨ।

# ਲੋਕਾਂ ਦੀ ਹਿੰਮਤ ਸਦਕਾਂ ਰਿਹਾਇਸ਼ੀ ਕਲੋਨੀ 'ਚ ਖੁੱਲ੍ਹ ਰਹੇ ਸ਼ਰਾਬ ਦੇ ਠੇਕੇ 'ਤੇ ਅਦਾਲਤ ਨੇ ਲਾਈ 28 ਅਪ੍ਰੈਲ ਤੱਕ

**➢ ਵੀਨਸ ਕਾਲੋਨੀ ਵੈਲ.ਫੇਅਰ ਐਸੋਸੀਏਸ਼ਨ ਨੇ ਪ੍ਰਸ਼ਾਸਨ, ਨਿਗਮ ਅਤੇ ਐਕਸਾਇਜ ਮਹਿਕਮੇ ਨੂੰ ਠੇਕਾ ਨਾ ਖੋਲਣ ਸੰਬੰਧੀ ਦਿਤਾ ਸੀ ਮੰਗ ਪੱਤਰ ➢ ਅਧਿਕਾਰੀਆਂ ਦੇ ਝੂਠੇ ਲਾਰਿਆਂ ਤੋਂ ਤੰਗ ਆ ਕੇ ਵੈਲ.ਫੇਅਰ ਐਸੋਸੀਏਸ਼ਨ ਪਹੁੰਚੀ ਸੀ ਅਦਾਲਤ**

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਦੁਆਰਾ ਦੁਖਨਿਵਾਰਣ ਸਾਹਿਬ ਰੋਡ ਤੇ ਗੁਰੂ ਰਵੀ ਦਾਸ ਮੰਦਿਰ ਦੇ ਨੇੜੇ ਅਤੇ ਵਰਦਾਨ ਨਸ਼ਾ ਮੁਕਤੀ ਹਸਪਤਾਲ ਦੇ ਬਿਲਕੁਲ ਨਾਲ ਅਤੇ ਰਿਹਾਇਸ਼ੀ ਕਲੋਨੀ ਦੇ ਬਾਹਰ ਕੋਠੀ ਨੰਬਰ 01 ਦੇ ਬਾਹਰ ਬਣੀ ਦੁਕਾਨਾਂ ਵਿੱਚ ਸ਼ਰਾਬ ਦਾ ਠੇਕਾ ਸ਼ਿਫਟ ਕਰਨ ਦੀ ਤਿਆਰੀਆਂ ਪੁਰ ਜ਼ੋਰ ਨਾਲ ਸਵੇਰ ਹਨ੍ਹੇਰੇ ਚੱਲ ਰਹੀ ਹੈ ਜਿਥੇ ਵੈਲਫ਼ੇਅਰ ਐਸੋਸੀਏਸ਼ਨ ਵੀਨਸ ਕਲੋਨੀ ਇਸ ਸ਼ਰਾਬ ਦੇ ਠੇਕੇ ਨੂੰ ਇਸ ਜਗਾਹ 'ਤੇ ਸ਼ਿਫਟ ਨਾ ਕਰਨ ਲਈ ਪ੍ਰਸ਼ਾਸ਼ਨ ਪਾਸ ਗੁਹਾਰ ਲਗਾ ਰਹੇ ਸਨ। ਐਸੋਸੀਏਸ਼ਨ ਦੇ ਚੇਅਰਮੈਨ ਹਰਪ੍ਰੀਤ ਪੂਰੀ ਅਤੇ ਪ੍ਰਧਾਨ ਰਜਨੀਸ਼ ਸਕਸੇਨਾ, ਮੀਤ ਪ੍ਰਧਾਨ ਅਵਤਾਰ ਸਿੰਘ ਮਾਂਗਟ, ਜਰਨਲ ਸਕੱਤਰ ਲਖਵਿੰਦਰ ਸਿੰਘ, ਕੈਸ਼ੀਅਰ ਮਨੀਸ਼ ਮਿੱਡਾ ਅਤੇ ਕਲੋਨੀ ਦੇ ਹੋਰ ਓਹਦੇਦਾਰਾਂ ਨਾਲ ਮਿਲ ਕੇ ਪਟਿਆਲਾ ਦੇ ਮੇਅਰ ਕੁੰਦਨ ਗੋਗਿਆ ਨੂੰ 11 ਅਪ੍ਰੈਲ ਨੂੰ ਮਿਲ ਕੇ ਬਿਨੈ ਪੱਤਰ ਦਿਤਾ ਸੀ ਤੇ ਉਹਨਾਂ ਦੇ ਧਿਆਨ 'ਚ ਲਿਆ ਕੇ ਗੁਹਾਰ ਲਗਾਈ ਸੀ ਕਿ ਕਿਸ ਤਰਾਂ ਸਰਕਾਰੀ ਸੜਕ 'ਤੇ 2 ਫੁਟ ਉੱਚੀ ਅਤੇ 20 ਫੁਟ ਲੰਬੀ ਦੀਵਾਰ ਬਣਾ ਕੇ ਅਤੇ 10 ਫੁਟ ਲੰਬੇ ਅਤੇ 10 ਫੁਟ ਚੋੜੇ ਸ਼ੈਡ ਪਾ ਕੇ ਸਰਕਾਰੀ ਸੜਕ 'ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਬਿਨਾਂ ਸੀ.ਐਲ.ਯੂ. ਅਤੇ ਬਿਨਾਂ



ਨਕਸ਼ਾ ਪਾਸ ਕਰਵਾਏ ਸ਼ੇਰ ਸਿੰਘ ਆਪਣੀ ਰਿਹਾਇਸ਼ੀ ਕਲੋਨੀ ਦੇ ਵਿੱਚ ਬਣੀ ਦੁਕਾਨ ਨੂੰ ਸ਼ਰਾਬ ਦੇ ਠੇਕੇਦਾਰ ਨੂੰ ਕਿਰਾਏ 'ਤੇ ਦੇ ਕੇ ਦੁਕਾਨ ਵਿੱਚ ਸ਼ਰਾਬ ਦਾ ਠੇਕਾ ਖੁਲਵਾ ਰਿਹਾ ਹੈ। ਮੇਅਰ ਨੇ ਉਹਨਾਂ ਨੇ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿਵਾਇਆ ਪਰੰਤੂ 10 ਦਿਨ ਬੀਤ ਜਾਣ ਮਗਰੋਂ ਵੀ ਕਾਰਵਾਈ ਤਾਂ ਕੀ ਕਰਨੀ ਸੀ ਸਗੋਂ ਕੋਈ ਵੀ ਕਾਰਪੋਰੇਸ਼ਨ ਦਾ ਅਧਿਕਾਰੀ ਜਾਂ ਕਰਮਚਾਰੀ ਸੜਕ 'ਤੇ ਨਜਾਇਜ ਕਬਜ਼ੇ ਅਤੇ ਦੁਕਾਨ ਦੀ ਉਸਾਰੀ ਹੋਣ ਤੱਕ ਦੌਰਾ ਕਰਨ ਵੀ ਨਹੀਂ ਆਇਆ ਤੇ ਅੱਖਾਂ ਮੀਟ ਕੇ ਕੁੰਭ ਕਰਨੀ ਨੀਂਦ ਸੌਂ ਗਏ ਅਤੇ ਉੱਧਰ ਨਾਜਾਇਜ ਉਸਾਰੀ ਕਰਕੇ ਕੋਠੀ ਦੇ ਮਾਲਕ ਨੇ ਕਾਰਪੋਰੇਸ਼ਨ ਨੂੰ ਲੱਖਾਂ ਦਾ ਚੁਨਾ ਲਗਾ ਦਿੱਤਾ।

ਉਥੇ ਹੀ ਵੀਨਸ ਕਲੋਨੀ ਵੈਲਫ਼ੇਅਰ ਐਸੋਸੀਏਸ਼ਨ ਨੇ ਡਿਪਟੀ ਕਮਿਸ਼ਨਰ ਅਤੇ ਸਹਾਇਕ ਐਕਸਾਇਜ ਕਮਿਸ਼ਨਰ ਵਲੋਂ ਇਕ ਹੱਫਤਾ ਦਿਨ ਬੀਤ ਜਾਣ ਮਗਰੋਂ ਵੀ ਕਾਰਵਾਈ ਨਾ ਹੁੰਦੀ ਵੇਖ ਅਦਾਲਤ ਦਾ ਦਰਵਾਜਾ ਖੱਟਖਟਾਇਆ। ਪਟਿਆਲਾ ਅਦਾਲਤ ਦੇ ਮਾਨਯੋਗ ਜੱਜ ਰਾਜਬਿੰਦਰ ਕੌਰ ਦੀ ਅਦਾਲਤ ਨੇ ਸੀਨੀਅਰ ਵਕੀ ਅਲੋਕ ਮਾਥੁਰ ਦਲੀਲਾਂ ਤੋਂ ਸਹਿਮਤ ਹੁੰਦੇ ਹੋਏ ਸ਼ਰਾਬ ਦੇ ਠੇਕੇ ਨੂੰ ਰਿਹਾਇਸ਼ੀ ਕਲੋਨੀ ਦੇ ਬਾਹਰ ਬਣੀ ਦੁਕਾਨਾਂ ਵਿੱਚ ਖੋਲ੍ਹਣ ਤੇ 28 ਅਪ੍ਰੈਲ ਤੱਕ ਸਟੇ ਲਗਾ ਦਿੱਤੀ।

ਜਿਸਤੋਂ ਬਾਅਦ ਵੀਨਸ ਕਲੋਨੀ ਵੈਲਫ਼ੇਅਰ ਐਸੋਸੀਏਸ਼ਨ ਨੇ ਸੁਖ ਦਾ ਸਾਹ ਲਿਆ। ਇਸ ਮੌਕੇ ਐਸੋਸੀਏਸ਼ਨ ਦੇ ਚੇਅਰਮੈਨ ਹਰਪ੍ਰੀਤ ਪੂਰੀ ਨੇ ਕਿਹਾ ਕਿ ਆਪ ਆਦਮੀ ਦੀ ਸਰਕਾਰ ਜਿਹੜੀ ਨਸ਼ਾ ਰੋਕਣ ਦੀ ਗੱਲ ਤਾਂ ਕਰਦੀ ਹੈ ਪਰ ਅਸਲ ਵਿੱਚ ਕੁਝ ਨਹੀਂ ਕਰਦੀ ਜਿਸ ਕਾਰਣ ਨਸ਼ੇੜਿਆਂ ਤੋਂ ਉਹਨਾਂ ਨੂੰ ਪਰਿਵਾਰਾਂ ਦੀ ਸੁਰਖਿਆ ਨੂੰ ਧਿਆਨ ਵਿੱਚ ਰਖਦਿਆਂ ਅਦਾਲਤ ਦਾ ਰੁੱਖ ਕਰਨਾ ਪਿਆ ਸੀ।.

# ਯੁੱਧ ਨਸ਼ਿਆਂ ਵਿਰੁੱਧ ਤਹਿਤ ਦੇਵੀਗੜ੍ਹ ਵਿਖੇ ਜਾਗਰੂਕਤਾ ਰੈਲੀ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ




**ਦੇਵੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਅਰੰਭੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅੱਜ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀਆਂ ਅਲਾਮਤਾਂ ਤੋਂ ਜਾਣੂ ਕਰਵਾਉਣ ਲਈ ਨਗਰ ਪੰਚਾਇਤ ਦੇਵੀਗੜ੍ਹ ਨੇ ਜਾਗਰੂਕਤਾ ਰੈਲੀ ਕੱਢੀ। ਰੈਲੀ ਨੂੰ ਐਸ.ਡੀ.ਐਮ. ਦੁੱਧਨਸਾਧਾਂ ਕ੍ਰਿਪਾਲਵੀਰ ਸਿੰਘ ਨੇ ਨਗਰ ਪੰਚਾਇਤ ਦੇ ਪ੍ਰਧਾਨ ਸਵਿੰਦਰ ਕੌਰ ਧੰਜੂ ਨਾਲ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਅਗਵਾਈ ਵੀ ਕੀਤੀ। ਉਨ੍ਹਾਂ ਦੇ ਨਾਲ ਕਾਰਜ ਸਾਧਕ ਅਫ਼ਸਰ ਲਖਵੀਰ ਸਿੰਘ, ਮਾਰਕੀਟ ਕਮੇਟੀ ਦੁੱਧਨਸਾਧਾਂ ਦੇ ਚੇਅਰਮੈਨ ਬਲਦੇਵ ਸਿੰਘ ਵੀ ਮੌਜੂਦ ਸਨ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ।

ਐਸ.ਡੀ.ਐਮ. ਕ੍ਰਿਪਾਲਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਨਸ਼ੇ ਦੀ ਲਤ ਲਗਾ ਚੁੱਕੇ ਲੋਕਾਂ ਨੂੰ ਇਸ ਤੋਂ ਖਹਿੜਾ ਛੁਡਾਉਣ ਲਈ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਵਿਦਿਆਰਥੀਆਂ ਅਤੇ ਪਿੰਡਾਂ ਦੇ ਪੰਚਾਂ ਸਰਪੰਚਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਵਿੱਚ ਜੋ ਲੋਕ ਨਸ਼ੇ ਦੀ ਵਰਤੋਂ ਕਰ ਰਹੇ ਹਨ ਉਨ੍ਹਾਂ ਨੂੰ ਸਮਝਾਉਣ ਕਿ ਨਸ਼ਾ ਇੱਕ ਬਹੁਤ ਮਾੜੀ ਚੀਜ਼ ਹੈ ਜੋ ਕਿ ਪੈਸੇ ਦੀ ਬਰਬਾਦੀ ਤਾਂ ਕਰਦਾ ਹੀ ਹੈ ਨਾਲ ਹੀ ਸਿਹਤ ਨੂੰ ਵੀ ਬਰਬਾਦ ਕਰ ਦਿੰਦਾ ਹੈ। ਇਸ ਲਈ ਇਸ ਤੋਂ ਜਿਨ੍ਹਾਂ ਵੀ ਬਚਿਆ ਜਾਵੇ ਉਨ੍ਹਾਂ ਹੀ ਥੋੜਾ ਹੈ। ਇਸ ਲਈ ਉਹ ਪਿੰਡਾਂ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਅਤੇ ਪੰਜਾਬ ਨੂੰ ਮੁੜ ਤੰਦਰੁਸਤ ਕਰਨ।

ਰੈਲੀ ਦੌਰਾਨ ਕਈ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ।

# ਪੱਛਮੀ ਬੰਗਾਲ ਵਿੱਚ ਹਿੰਦੂਆਂ ਵਿਰੁੱਧ ਹਿੰਸਾ ਰਾਜ ਸਪਾਂਸਰਡ ਆਤੰਕ ਦੀ ਇੱਕ ਉਦਾਹਰਣ ਹੈ : ਹਰੀਸ਼ ਸਿੰਗਲਾ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਸ਼ਿੰਦੇ ਗਰੁੱਪ ਨੇ ਪੱਛਮੀ ਬੰਗਾਲ ਵਿੱਚ 14 ਅਪ੍ਰੈਲ 2025 ਤੋਂ ਲਗਾਤਾਰ ਹੋ ਰਹੀ ਹਿੰਸਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਹਿੰਦੂਆਂ ਦੀ ਸੁਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।ਸ਼ਿਵ ਸੈਨਾ ਬਾਲਾ ਸਾਹਿਬ ਠਾਕਰੇ ਸ਼ਿੰਦੇ ਗਰੁੱਪ ਦੇ ਸੂਬਾ ਪ੍ਰਧਾਨ ਹਰੀਸ਼ ਸਿੰਗਲਾ ਅਨੁਸਾਰ ਪੱਛਮੀ ਬੰਗਾਲ ਸਰਕਾਰ ਸਾਰੇ ਭਾਈਚਾਰਿਆਂ ਲਈ ਹੈ ਅਤੇ ਹਜ਼ਾਰਾਂ ਲੋਕਾਂ ਨੂੰ ਆਪਣਾ ਘਰ ਛੱਡਣਾ ਪਏ ਤਾਂ ਇਹ ਮੰਦਭਾਗੀ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਬੰਗਾਲ ਵਿੱਚ ਹੋ ਰਹੀ ਹਿੰਸਾ ਨਿੰਦਣਯੋਗ ਹੈ।ਪੱਛਮੀ ਬੰਗਾਲ ਸਰਕਾਰ ਹਿੰਦੂਆਂ ਦੀ ਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਪੱਛਮੀ ਬੰਗਾਲ ਸਰਕਾਰ ਸਾਰੇ ਭਾਈਚਾਰਿਆਂ ਲਈ ਹੈ, ਪੂਰੇ ਸੂਬੇ ਲਈ ਹੈ।ਪਰ ਮੈਨੂੰ ਲੱਗਦਾ ਹੈ ਕਿ ਉਹ ਇਸ ਗੱਲ ਤੋਂ ਅਣਜਾਣ ਹੈ।ਜੇਕਰ ਹਜ਼ਾਰਾਂ ਲੋਕਾਂ ਨੂੰ ਆਪਣਾ ਘਰ ਛੱਡਣਾ ਪਵੇ ਤਾਂ ਇਸ ਤੋਂ ਵੱਡੀ ਮੰਦਭਾਗੀ ਗੱਲ ਹੋਰ ਕੁਝ ਨਹੀਂ ਹੋ ਸਕਦੀ।

ਸਿੰਗਲਾ ਨੇ ਅੱਗੇ ਕਿਹਾ ਕਿ ਉਹ ਦੇਖ ਸਕਦੇ ਹਨ ਕਿ ਕਿਸ ਤਰ੍ਹਾਂ ਸੂਬਾ



ਸਰਕਾਰ ਆਪਣੇ ਫਰਜ਼ ਵਿੱਚ ਅਸਫਲ ਹੋ ਰਹੀ ਹੈ ਅਤੇ ਹਿੰਦੂ ਸਮਾਜ ਦੀ ਸੁਰੱਖਿਆ ਲਈ ਬਹੁਤ ਘੱਟ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤੁਸ਼ਟੀਕਰਨ ਨੀਤੀ ਤਹਿਤ ਪੂਰੇ ਪੱਛਮੀ ਬੰਗਾਲ ਨੂੰ ਤਾਨਾਸ਼ਾਹਾਂ ਅਤੇ ਬੰਗਲਾਦੇਸ਼ੀ ਅਤੇ ਰੋਹਿੰਗਿਆ ਘੁਸਪੈਠੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਜੋ ਪੂਰੇ ਪੱਛਮੀ ਬੰਗਾਲ ਵਿੱਚ ਸ਼ਰੇਆਮ ਨੰਗਾ ਨਾਚ ਕਰ ਰਹੇ ਹਨ।

ਪੱਛਮੀ ਬੰਗਾਲ ਵਿੱਚ ਹਿੰਦੂ ਔਰਤਾਂ ਨਾਲ ਸ਼ਰੇਆਮ ਦੁਰਵਿਵਹਾਰ ਅਤੇ ਬਲਾਤਕਾਰ ਹੋ ਰਹੇ ਹਨ,ਪਰ ਮੁਸਲਮਾਨ ਵੋਟ ਬੈਂਕ ਕਾਰਨ ਇੱਕ ਮਹਿਲਾ ਮੁੱਖ ਮੰਤਰੀ ਹੋਣ ਦੇ ਬਾਵਜੂਦ ਔਰਤਾਂ ਦੀ ਪਛਾਣ ਦੀ ਰਾਖੀ ਕਰਨ ਵਿੱਚ ਨਾਕਾਮ ਹੋ ਰਹੀ ਹੈ,ਸਗੋਂ ਹਿੰਦੂਆਂ ਨੂੰ ਗੁੰਡਿਆਂ ਅਤੇ ਟੀਐਮਸੀ ਦੇ ਗੁੰਡਿਆਂ ਵੱਲੋਂ ਉਨ੍ਹਾਂ ਦੀ ਸੁਰੱਖਿਆ ਵਿੱਚ ਤਸ਼ੱਦਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਇੱਜ਼ਤ,ਜਾਨ-ਮਾਲ ਵੀ ਲੁੱਟੀ ਜਾ ਰਹੀ ਹੈ। ਮਮਤਾ ਬੈਨਰਜੀ ਦੇ ਇਸ਼ਾਰੇ ਤੇ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ।ਲੱਗਦਾ ਹੈ ਕਿ ਮਮਤਾ ਬੈਨਰਜੀ ਪੱਛਮੀ ਬੰਗਾਲ ਨੂੰ ਬੰਗਲਾਦੇਸ਼ ਵਰਗਾ ਬਣਾਉਣਾ ਚਾਹੁੰਦੀ ਹੈ।

ਹਿੰਦੂਆਂ ਨੂੰ ਹਿਜਰਤ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਮਮਤਾ ਬੈਨਰਜੀ ਨੇ ਮੁਰਸ਼ਿਦਾਬਾਦ ਦੇ ਹਿੰਸਾ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਨਹੀਂ ਕੀਤਾ।ਜੇਕਰ ਮੁਸਲਮਾਨ ਹਿੰਸਾ ਤੋਂ ਪ੍ਰਭਾਵਿਤ ਹੁੰਦੇ ਤਾਂ ਉਨ੍ਹਾਂ ਦੀ ਪ੍ਰਤੀਕਿਰਿਆ ਵੱਖਰੀ ਹੋਣੀ ਸੀ।ਇਹ ਉਸਦੀ ਹਿੰਦੂ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਉਸਨੇ ਇਹ ਵੀ ਦਾਅਵਾ ਕੀਤਾ ਕਿ ਹਿੰਸਾ ਵਿੱਚ ਮਾਰੇ ਗਏ ਦੋ ਵਿਅਕਤੀਆਂ ਨੂੰ ਖੱਬੇਪੱਖੀ ਪਾਰਟੀ ਸੀਪੀਆਈ (ਐਮ)ਨੇ ਕਾਰਕੁੰਨ ਵਜੋਂ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਹਿੰਦੂ ਸਨ।

# ਆਈਆਈਟੀ ਰੋਪੜ ਵਿਖੇ 5 ਰੋਜ਼ਾ ਹਾਰਵੈਸਟ ਏਸ਼ੀਆ ਪੈਸੇਫਿਕ ਸੰਮੇਲਨ ਸ਼ੁਰੂ



**ਰੂਪ ਨਗਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

(ਗ੍ਰਾਮੀਣ ਮੁੱਲ-ਚੇਨ ਵਾਧਾ ਅਤੇ ਟਿਕਾਊ ਪਰਿਵਰਤਨ ਲਈ ਸੰਪੂਰਨ ਖੇਤੀਬਾੜੀ ਪਹਿਲ) ਏਸ਼ੀਆ ਪੈਸੀਫਿਕ ਸਮਾਰਟ ਅਤੇ ਸਸਟੇਨੇਬਲ ਖੇਤੀਬਾੜੀ ਸੰਮੇਲਨ ਅਧਿਕਾਰਤ ਤੌਰ 'ਤੇ 21 ਅਪ੍ਰੈਲ, 2025 ਨੂੰ ਆਈਆਈਟੀ ਰੋਪੜ, ਪੰਜਾਬ ਵਿਖੇ ਆਯੋਜਿਤ ਕੀਤਾ ਗਿਆ ਸੀ। ਇਹ ਨਵੀਨਤਾ, ਸਭ ਤੋਂ ਵਧੀਆ ਅਭਿਆਸਾਂ ਅਤੇ ਸਹਿਯੋਗ 'ਤੇ ਕੇਂਦ੍ਰਿਤ ਕਿਉਰੇਟਿਡ ਸੈਸ਼ਨਾਂ ਰਾਹੀਂ ਕਿਸਾਨ ਉਤਪਾਦਕ ਸੰਗਠਨਾਂ (ਐਫਪੀਓ) ਅਤੇ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਸਸ਼ਕਤ ਬਣਾਉਣ ਲਈ ਸਮਰਪਿਤ ਇੱਕ ਪਰਿਵਰਤਨਸ਼ੀਲ ਹਫ਼ਤੇ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। 10 ਭਾਰਤੀ ਰਾਜਾਂ ਅਤੇ 7 ਏਸ਼ੀਆ-ਪ੍ਰਸ਼ਾਂਤ ਦੇਸ਼ਾਂ ਦੇ ਐਫਪੀਓ ਅਤੇ ਸਹਿਕਾਰੀ ਸਭਾਵਾਂ ਦੀ ਭਾਗੀਦਾਰੀ ਦੇ ਨਾਲ, ਸੰਮੇਲਨ ਟਿਕਾਊ ਖੇਤੀਬਾੜੀ 'ਤੇ ਇੱਕ ਵਿਸ਼ਵਵਿਆਪੀ ਸੰਵਾਦ ਨੂੰ ਉਤਸ਼ਾਹਿਤ ਕਰਦਾ ਹੈ। ਇਹ ਸੰਮੇਲਨ (ਨੈੱਟਵਰਕ ਫਾਰ ਦ ਡਿਵੈਲਪਮੈਂਟ ਆਫ ਐਗਰੀਕਲਚਰਲ ਕੋਆਪਰੇਟਿਵਜ਼ ਇਨ ਏਸ਼ੀਆ ਐਂਡ ਦ ਪੈਸੀਫਿਕ),(ਪੰਜਾਬ ਯੂਨੀਵਰਸਿਟੀ-99" ਰੋਪੜ ਰੀਜਨਲ ਐਕਸਲੇਟਰ ਫਾਰ ਹੋਲਿਸਟਿਕ ਇਨੋਵੇਸ਼ਨ ਫਾਊਂਡੇਸ਼ਨ), ਅਤੇ ਭਾਰਤ ਸਰਕਾਰ ਦੇ ਅਧੀਨ ਉੱਤਰੀ ਖੇਤਰ ਵਿਗਿਆਨ ਅਤੇ ਤਕਨਾਲੋਜੀ ਕਲੱਸਟਰ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਕੀਤਾ ਗਿਆ ਹੈ। ਇਹ ਸੰਮੇਲਨ ਉਨਤੀ ਕੋ-ਆਪ. ਮਾਰਕੀਟਿੰਗ-ਕਮ-ਪ੍ਰੋਸੈਸਿੰਗ ਸੋਸਾਇਟੀ ਲਿਮਟਿਡ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਹੈ। ਇਸਦਾ ਟੀਚਾ ਪੇਂਡੂ ਮੁੱਲ ਲੜੀ ਨੂੰ ਵਧਾਉਣਾ ਅਤੇ ਤਕਨਾਲੋਜੀ ਰਾਹੀਂ ਜ਼ਮੀਨੀ ਪੱਧਰ 'ਤੇ ਤਬਦੀਲੀ ਲਿਆਉਣਾ ਹੈ।

ਉੱਤਰੀ ਖੇਤਰ ਕਲੱਸਟਰ ਦੇ ਸਲਾਹਕਾਰ ਡਾ. ਜਤਿੰਦਰ ਕੌਰ ਅਰੋੜਾ ਨੇ ਉਦਘਾਟਨੀ ਭਾਸ਼ਣ ਦਿੱਤਾ, ਉਨਤੀ ਕੋਆਪਰੇਟਿਵ ਨੂੰ ਸਹਿਕਾਰੀ-ਅਗਵਾਈ ਵਾਲੇ ਉੱਦਮਤਾ ਦੇ ਇੱਕ ਸਫਲ ਮਾਡਲ ਵਜੋਂ ਉਜਾਗਰ ਕੀਤਾ। iHub-AWaDH ਦੀ ਸੀਈਓ ਡਾ. ਰਾਧਿਕਾ ਤ੍ਰਿਖਾ ਨੇ ਡੇਟਾ ਸੰਚਾਲਿਤ ਖੇਤੀਬਾੜੀ ਵਿੱਚ ਅੰਤਰ-ਅਨੁਸ਼ਾਸਨੀ ਸਾਈਬਰ ਭੌਤਿਕ ਪ੍ਰਣਾਲੀਆਂ ਅਤੇ ANNAM.AI (AI-CoE ਇਨ ਐਗਰੀਕਲਚਰ) 'ਤੇ ਰਾਸ਼ਟਰੀ ਮਿਸ਼ਨ ਅਧੀਨ ਵਿਕਸਤ ਕੀਤੇ ਗਏ ਖੇਤੀਬਾੜੀ ਨਵੀਨਤਾਵਾਂ ਨੂੰ ਉਜਾਗਰ ਕੀਤਾ। ਉੱਤਰੀ ਖੇਤਰ ਕਲੱਸਟਰ ਦੀ ਸੀਓਓ ਸ਼੍ਰੀਮਤੀ ਨੇਹਾ ਅਰੋੜਾ ਨੇ ਖੇਤੀਬਾੜੀ ਉੱਦਮਤਾ ਨੂੰ ਤੇਜ਼ ਕਰਨ ਵਿੱਚ ਸਹਿਯੋਗੀ ਸੰਘ ਦੇ ਪ੍ਰਭਾਵ ਬਾਰੇ ਚਰਚਾ ਕੀਤੀ। ਪੰਜਾਬ ਸਰਕਾਰ ਦੇ ਬਾਗਬਾਨੀ ਵਿਭਾਗ ਦੇ ਨਿਰਦੇਸ਼ਕ ਸ਼੍ਰੀਮਤੀ ਸ਼ੈਲੇਂਦਰ ਕੌਰ (ਆਈਐਫਐਸ) ਨੇ ਸੰਮੇਲਨ ਦੇ ਕਿਸਾਨ-ਪਹਿਲੇ ਦ੍ਰਿਸ਼ਟੀਕੋਣ ਦੀ ਸ਼ਲਾਘਾ ਕੀਤੀ।

ਇਸ ਸੈਸ਼ਨ ਵਿੱਚ ਪੀਏਯੂ ਤੋਂ ਡਾ. ਮਨਮੋਹਨਜੀਤ ਸਿੰਘ ਅਤੇ ਐਨਈਡੀਏਸੀ ਦੇ ਵਾਈਸ ਚੇਅਰਮੈਨ ਸ਼੍ਰੀ ਵਰਜੀਲੀਓ ਰੌਡਰਿਗਜ਼ ਲਾਜ਼ਾਗਾ ਦੇ ਭਾਸ਼ਣ ਵੀ ਸ਼ਾਮਲ ਸਨ। ਇੱਕ ਮੁੱਖ ਆਕਰਸ਼ਣ ਐਨਈਡੀਏਸੀ ਅਤੇ ਪੀਆਈ-ਰਾਹੀ ਵਿਚਕਾਰ ਸਾਂਝੇ ਸਮਰੱਥਾ-ਨਿਰਮਾਣ ਅਤੇ ਤਕਨੀਕੀ ਤੈਨਾਤੀ ਲਈ ਦਸਤਖਤ ਕੀਤੇ ਗਏ ਸਮਝੌਤੇ ਸੀ। ਉਦਘਾਟਨੀ ਸੈਸ਼ਨ ਸ਼੍ਰੀ ਜੋਤੀ ਸਰੂਪ, ਸੰਸਥਾਪਕ ਅਤੇ ਨਿਰਦੇਸ਼ਕ, ਉੱਨਤੀ ਸਹਿਕਾਰੀ, ਦੁਆਰਾ ਦਿਲੋਂ ਧੰਨਵਾਦ ਦੇ ਵੋਟ ਨਾਲ ਸਮਾਪਤ ਹੋਇਆ, ਜਿਨ੍ਹਾਂ ਦੀ ਜ਼ਮੀਨੀ ਪੱਧਰ ਦੀ ਅਗਵਾਈ ਨੇ ਕਿਸਾਨਾਂ ਲਈ ਸਮਾਵੇਸ਼ੀ ਆਰਥਿਕ ਮੌਕੇ ਪੈਦਾ ਕੀਤੇ ਹਨ। ਡੈਲੀਗੇਟਾਂ ਨੇ ਬਾਅਦ ਵਿੱਚ ਆਈਹੱਬ-ਅਵਾਧ ਵਿਖੇ ਇੰਟਰਐਕਟਿਵ ਸੈਸ਼ਨਾਂ ਵਿੱਚ ਹਿੱਸਾ ਲਿਆ, ਜਿਸ ਵਿੱਚ ਡਾ. ਪ੍ਰਬੀਰ ਸਰਕਾਰ ਅਤੇ ਡਾ. ਨੀਲਕੰਠ ਨਿਰਮਲਕਰ ਦੁਆਰਾ ਖੇਤੀਬਾੜੀ-ਤਕਨੀਕੀ ਗੱਲਬਾਤ ਅਤੇ ਆਈਆਈਟੀ ਰੋਪੜ ਵਿੱਚ ਲੈਬ ਟੂਰ ਸ਼ਾਮਲ ਸਨ। ਸੰਯੁਕਤ ਰਾਸ਼ਟਰ ਦੇ 2025 ਦੇ ਸਹਿਕਾਰਤਾ ਦੇ ਅੰਤਰਰਾਸ਼ਟਰੀ ਸਾਲ ਦੇ ਅਨੁਸਾਰ, HARVES" ਸਹਿਕਾਰੀ ਇੱਕ ਬਿਹਤਰ ਦੁਨੀਆ ਬਣਾਉਂਦੇ ਹਨ ਥੀਮ ਦਾ ਜਸ਼ਨ ਮਨਾਉਂਦਾ ਹੈ। ਇਹ ਸੰਮੇਲਨ CSIR-IHBT ਪਾਲਮਪੁਰ, ਉੱਨਤੀ ਸਹਿਕਾਰੀ, ਅਤੇ ©129 ਮੋਹਾਲੀ ਵਿਖੇ ਇੱਕ ਹਫ਼ਤੇ ਦੇ ਖੇਤਰੀ ਦੌਰਿਆਂ ਅਤੇ ਥੀਮੈਟਿਕ ਸੈਸ਼ਨਾਂ ਦੇ ਨਾਲ ਜਾਰੀ ਰਹੇਗਾ, ਜੋ ਕਿ ਤਕਨੀਕੀ-ਸੰਚਾਲਿਤ ਸਹਿਕਾਰੀ ਹੱਲਾਂ ਨੂੰ ਵਧਾਉਣ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾਏਗਾ।

# ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਭਾਰਤ ਸਰਕਾਰ ਦੀ ਕੀਤੀ ਸਖ਼ਤ ਨਿੰਦਾ

**ਸਨੌਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਭਾਰਤ ਸਰਕਾਰ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਪ ਰਾਸ਼ਟਰਪਤੀ ਜੇਡੀ ਵਾਂਸ, ਵੱਲੋਂ ਵਪਾਰ ਸਮਝੌਤੇ ਨੂੰ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਕੀਤੀ ਗਈ ਹੈ। ਜਿਸ ਵਿੱਚ ਭਾਰਤ ਦੇ ਕਿਸਾਨਾਂ ਅਤੇ ਖੇਤੀਬਾੜੀ ਕਾਮਿਆਂ ਨੂੰ ਇਸ ਮੁਕਤ ਵਪਾਰੀ ਸਮਝੌਤੇ ਦਾ ਵਿਰੋਧ ਕਰਨ ਲਈ ਭਾਰਤੀ ਕਿਸਾਨ ਯੂਨੀਅਨ ਦਾ ਸਾਥ ਤੇ ਭਾਰਤ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਨੂੰ ਵੀ ਇੱਕ ਮੰਚ ਤੇ ਇਕੱਠੀਆਂ ਹੋ ਕੇ ਭਾਰਤ ਸਰਕਾਰ ਦਾ ਵਿਰੋਧ ਕਰਨਾ ਚਾਹੀਦਾ ਹੈ।ਸ਼ਾਦੀਪੁਰ ਨੇ ਅੱਗੇ ਕਿਹਾ ਕਿਹਾ ਭਾਰਤ-ਅਮਰੀਕਾ ਦੁਵੱਲੇ ਵਪਾਰ ਸਮਝੌਤੇ ਰਾਹੀਂ ਅਮਰੀਕੀ ਸਾਮਰਾਜਵਾਦ ਅੱਗੇ ਕਿਸਾਨਾਂ ਦੇ ਹਿੱਤਾਂ ਨੂੰ ਨਾ ਸੌਂਪਣ ਕਿਉਂ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਇਸ਼ਾਰੇ ਤੇ ਇਹ ਸਮਝੌਤਾ ਕਰ ਰਹੀ ਹੈ ਜਿਸ ਨਾਲ ਭਾਰਤ ਦੇ ਕਿਸਾਨ , ਵਪਾਰੀ ਵਰਗ



ਤੇ ਆਮ ਜਨਤਾ ਨੂੰ ਵੱਡੀਆਂ ਪ੍ਰੇਸ਼ਾਨੀਆ ਦਾ ਸਾਹਮਣਾ ਕਰਨਾ ਪਏਗਾ ।

ਸ਼ਾਦੀਪੁਰ ਨੇ ਅੱਗੇ ਕਿਹਾ ਮੋਦੀ ਸਰਕਾਰ ਨੂੰ ਅਨੁਚਿਤ ਵਪਾਰਕ ਸ਼ਰਤਾਂ ਲਗਾਉਣ ਅਤੇ ਭਾਰਤ ਵਿੱਚ ਅਮਰੀਕੀ ਖੇਤੀਬਾੜੀ ਉਤਪਾਦਾਂ ਨੂੰ ਡੰਪ ਕਰਨ ਲਈ ਮਜਬੂਰ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਦੇ ਵਿਰੁੱਧ ਹਨ।

ਇਸ ਦਾ ਇਰਾਦਾ ਅਮਰੀਕੀ ਫੂਡ ਚੇਨਾਂ, ਵਪਾਰਕ ਦਿੱਗਜਾਂ ਅਤੇ ਖੇਤੀਬਾੜੀ ਕਾਰੋਬਾਰ ਕਾਰਪੋਰੇਸ਼ਨਾਂ ਨੂੰ ਭਾਰਤ ਵਿੱਚ ਕੰਮ ਕਰਨ ਲਈ ਅਨਿਯੰਤ੍ਰਿਤ ਆਜ਼ਾਦੀ ਹੈ।

# ਪੱਤਰਕਾਰਾਂ ਦੇ ਰੇਖਾ ਚਿੱਤਰਾਂ ਦੀ ਪਲੇਠੀ ਕਿਤਾਬ 'ਕਾਲੀ ਰਾਤ ਦੇ ਜੁਗਨੂੰ' ਹੋਈ ਲੋਕ ਅਰਪਣ

**ਗੁਰਨਾਮ ਸਿੰਘ ਅਕੀਦਾ ਨੇ ਪੱਤਰਕਾਰਾਂ ਦੀ ਜ਼ੁਬਾਨੀ ਵਰਣਨ ਕੀਤਾ ਪੰਜਾਬੀ ਪੱਤਰਕਾਰੀ ਦਾ ਇਤਿਹਾਸ : ਡਾ. ਅਮਰ ਕੋਮਲ**



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਰਜਿ. ਵੱਲੋਂ ਆਯੋਜਿਤ ਕੀਤੇ ਸਮਾਗਮ ਵਿਚ ਪੰਜਾਬੀ ਪੱਤਰਕਾਰਾਂ ਦੇ ਰੇਖਾ ਚਿੱਤਰਾਂ ਦੀ ਪਲੇਠੀ ਕਿਤਾਬ 'ਕਾਲੀ ਰਾਤ ਦੇ ਜੁਗਨੂੰ' ਪਾਠਕਾਂ ਤੇ ਲੇਖਕਾਂ ਨੇ ਸਾਂਝੇ ਤੌਰ ਤੇ ਭਾਸ਼ਾ ਵਿਭਾਗ ਪੰਜਾਬ ਦੇ ਲੈਕਚਰ ਹਾਲ ਵਿਚ ਲੋਕ ਅਰਪਣ ਕੀਤੀ। ਇਸ ਸਮੇਂ ਬਜ਼ੁਰਗ ਲੇਖਕ ਤੇ ਆਲੋਚਕ ਡਾ. ਅਮਰ ਕੋਮਲ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ 'ਗੁਰਨਾਮ ਸਿੰਘ ਅਕੀਦਾ' ਨੇ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ ਆਦਿ ਤੇ 37 ਪੰਜਾਬੀ ਪੱਤਰਕਾਰਾਂ ਦੀ ਜ਼ੁਬਾਨੀ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਵਰਣਨ ਕੀਤਾ ਹੈ। ਇਹ ਕਿਤਾਬ ਹਰ ਉਸ ਵਿਅਕਤੀ ਲਈ ਪੜ੍ਹਨ ਯੋਗ ਹੈ ਜੋ ਪੱਤਰਕਾਰੀ ਦੇ ਕਿਸੇ ਵੀ ਖੇਤਰ ਵਿਚ ਸਰੋਕਾਰ ਰੱਖਦਾ ਹੈ। ਇਸ ਵੇਲੇ ਉੱਘੇ ਆਲੋਚਕ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਪੱਤਰਕਾਰਾਂ ਬਾਬਤ ਕੋਈ ਪੱਤਰਕਾਰ ਘੱਟ ਹੀ ਲਿਖਦਾ ਹੈ ਇਹ ਕਾਰਜ ਗੁਰਨਾਮ ਸਿੰਘ ਅਕੀਦਾ ਨੇ ਕਰ ਵਿਖਾਇਆ ਹੈ, ਇਸ ਕਿਤਾਬ ਦੀ ਪੰਜਾਬੀ ਜਗਤ ਵਿਚ ਖੁਸ਼ਆਮਦੀਦ ਕਹਿਣਾ ਬਣਦਾ ਹੈ। ਇਸ ਵੇਲੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇ ਸ਼੍ਰੋਮਣੀ ਲੇਖਕ ਡਾ. ਦਰਸ਼ਨ ਸਿੰਘ ਆਸ਼ਟ ਨੇ ਕਿਹਾ ਕਿ ਇਹ ਕਿਤਾਬ ਦਰਸਾਉਂਦੀ ਹੈ ਕਿ ਪੱਤਰਕਾਰ ਹੀ ਅਸਲ ਵਿਚ ਆਪਣੀ ਮਾਤ ਭਾਸ਼ਾ ਦੀ ਸੇਵਾ ਕਰਨ ਵਾਲੇ ਅਹਿਮ ਕਿਰਦਾਰ ਹਨ। ਜੋ ਹਰ ਵੇਲੇ ਆਪਣੀ ਮਾਤ ਭਾਸ਼ਾ ਨਾਲ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਗਤੀਵਿਧੀਆਂ ਨਾਲ ਲੋਕਾਂ ਨੂੰ ਰੂ-ਬ-ਰੂ ਕਰਾਉਂਦੇ ਹਨ। ਇਸ ਵੇਲੇ ਉੱਘੇ ਲੇਖਕ ਤੇ ਕਵੀ ਡਾ. ਸੰਤੋਖ ਸੁੱਖੀ ਨੇ ਕਿਹਾ ਕਿ ਕਿਤਾਬ ਕਾਲੀ ਰਾਤ ਦੇ ਜੁਗਨੂੰ ਦਾ ਲੇਖਕਾਂ ਤੇ ਪਾਠਕਾਂ ਵੱਲੋਂ ਸਾਂਝੇ ਤੌਰ ਤੇ ਰਿਲੀਜ਼ ਕਰਨਾ ਇਹ ਸੰਦੇਸ਼ ਦਿੰਦਾ ਹੈ ਕਿ ਪੱਤਰਕਾਰ ਸਭ ਦਾ ਹੈ ਤੇ ਉਹ ਕਮਲ ਦੇ ਫੁੱਲ ਵਾਂਗ ਨਿਰਲੇਪ ਵੀ ਰਹਿੰਦਾ ਹੈ, ਜੋ ਦੇਸ਼ ਪ੍ਰਤੀ ਆਪਣੀ ਕੌਮ ਪ੍ਰਤੀ ਤੇ ਸਮਾਜ ਪ੍ਰਤੀ ਆਪਣਾ ਸਾਰਥਕ ਫ਼ਰਜ਼ ਨਿਭਾਉਂਦਾ ਹੈ। ਲੇਖਕ ਤੇ ਆਲੋਚਕ ਡਾ. ਗੁਰਮੀਤ ਕੱਲਰਮਾਜਰੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਇਸ ਗੱਲੋਂ ਹੋਰ ਵੀ ਅਮੀਰ ਜਾਪਦੀ ਹੈ ਕਿ ਇਸ ਵਿਚ ਨਵੇਂ ਤਜਰਬੇ ਹੋ ਰਹੇ ਹਨ।

ਇਸ ਕਿਤਾਬ ਵਿਚ ਅਜ਼ਾਦੀ ਤੋਂ ਪਹਿਲਾਂ ਦੇ ਪੱਤਰਕਾਰ ਸੁੰਦਰ ਸਿੰਘ ਲਾਇਲਪੁਰੀ ਬਾਰੇ ਰੇਖਾ ਚਿੱਤਰ ਪੜ੍ਹ ਕੇ ਅੰਗਰੇਜ਼ ਸਰਕਾਰ ਦਾ ਪੱਤਰਕਾਰਾਂ ਪ੍ਰਤੀ ਕੁਰਖ਼ਤ ਚਿਹਰਾ ਨਜ਼ਰ ਆਇਆ, ਜਿਸ ਨੂੰ ਨਿਰਪੱਖ ਪੱਤਰਕਾਰੀ ਕਰਦਿਆਂ ਫਾਂਸੀ ਦੀ ਸਜਾ ਸੁਣਾਈ ਗਈ, ਜੋ ਅੰਗਰੇਜ਼ੀ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਦੇ ਫਾਊਂਡਰ ਹਨ।

# ਇੰਦਰਾ ਕਲੋਨੀ ਚ ਦੋ ਗੁੱਟਾਂ ਦੀ ਹੋਈ ਭਿਆਨਕ ਲੜਾਈ, ਇੱਕ ਦੂਜੇ ਤੇ ਚਲਾਏ ਗਏ ਇੱਟਾ ਰੋੜੇ

**ਚਮਕੌਰ ਸਾਹਿਬ 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਚਮਕੌਰ ਸਾਹਿਬ ਦੀ ਇੰਦਰਾ ਕਲੋਨੀ ਜਿਸ ਨੂੰ ਬਗਾਲਾ ਬਸਤੀ ਵੀ ਕਿਹਾ ਜਾਂਦਾ ਹੈ ਉਹ ਹਰ ਸਮੇਂ ਚਰਚਾ ਦਾ ਵਿਸ਼ਾ ਬਣੀ ਰਹਿੰਦੀ ਹੈ. ਦੱਸ ਦਈਏ ਕਿ ਇਸ ਕਲੋਨੀ ਵਿੱਚ ਆਏ ਦਿਨ ਆਪਸੀ ਰੰਜਿਸ਼ ਨੂੰ ਲੈ ਕੇ ਤਕਰਾਰਬਾਜ਼ੀ ਹੁੰਦੀ ਹੀ ਰਹਿੰਦੀ ਹੈ.ਅਤੇ ਇੱਟਾਂ ਰੋੜੇ ਚਲਾਏ ਜਾਂਦੇ ਹਨ। ਇਸੇ ਤਰ੍ਹਾਂ ਅੱਜ ਵੀ ਸ਼੍ਰੀ ਚਮਕੌਰ ਸਾਹਿਬ ਦੀ ਇੰਦਰਾ ਕਲੋਨੀ ਦੇ ਵਿੱਚ ਦੋ ਗੁੱਟਾਂ ਵਿੱਚ ਰੰਜਿਸ਼ ਤਹਿਤ ਲੜਾਈ ਹੋਈ.ਤੇ ਦੋਵਾਂ ਪਾਸੋਂ ਤੋਂ ਇੱਕ ਦੂਜੇ ਤੇ ਇੱਟਾਂ ਰੋੜੇ ਚਲਾਏ ਗਏ. ਕੁਝ ਨੌਜਵਾਨਾਂ ਵੱਲੋਂ ਕਲੋਨੀ ਵਿੱਚ ਬਣੇ ਸਭ



ਤੋਂ ਉੱਚੇ ਘਰ ਦੀ ਇਮਾਰਤ ਤੇ ਚੜ ਕੇ ਇੱਟਾਂ ਰੋੜਿਆ ਦੀ ਬਰਸਾਤ ਕੀਤੀ ਗਈ। ਕੁਝ ਨੌਜਵਾਨਾਂ ਵੱਲੋਂ ਸਿਰ ਤੇ ਹੈਲਮਟ ਲੈ ਕੇ ਇੱਕ ਦੂਜੇ ਦੇ ਪੱਥਰ ਮਾਰੇ ਗਏ,ਇਸ ਲੜਾਈ ਵਿੱਚ ਕਈਆਂ ਨੂੰ ਕੁਝ ਹਲਕੀਆਂ ਸੱਟਾਂ ਵੀ ਲੱਗੀਆਂ ਅਤੇ ਕਈਆਂ ਨੂੰ ਪੁਲਿਸ ਵੱਲੋਂ ਫੜਿਆ ਵੀ ਗਿਆ ਇੱਥੇ ਇਹ ਵੀ ਦੱਸ ਦਿੰਨੇ ਹਾਂ ਕਿ ਬੀਤੇ ਦਿਨ ਵੀ ਇਸੇ ਤਰ੍ਹਾਂ ਇਹਨਾਂ ਦੀ ਪਹਿਲਾਂ ਵੀ ਲੜਾਈ ਹੋਈ ਸੀ.ਤੇ ਜਿਨਾਂ ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਮਾਮਲਾ ਦਰਜ ਕਰਕੇ ਜੇਲ ਵੀ ਭੇਜਿਆ ਗਿਆ ਸੀ. ਇਸ ਸਬੰਧ ਵਿੱਚ ਜਦੋਂ ਏਐਸਆਈ ਰਣਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਜਾਣਕਾਰੀ ਦਿੰਦੀਆਂ ਹੋਇਆ ਕਿਹਾ ਕਿ ਦੋ ਦਿਨ ਪਹਿਲਾਂ ਵੀ ਇੰਦਰਾ ਕਲੋਨੀ ਵਿੱਚ ਇਹਨਾਂ ਦੋ ਗੁੱਟਾਂ ਦੀ ਲੜਾਈ ਹੋਈ ਸੀ. ਜਿਨਾਂ ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਮਾਮਲਾ ਦਰਜ ਕਰਕੇ ਜੇਲ ਵੀ ਭੇਜਿਆ ਗਿਆ ਅਤੇ ਅੱਜ ਇਹਨਾਂ ਵੱਲੋਂ ਫਿਰ ਦੁਬਾਰਾ ਲੜਾਈ ਝਗੜਾ ਕੀਤਾ ਗਿਆ ਤੇ ਇੱਕ ਦੂਜੇ ਤੇ ਇੱਟਾ ਰੋੜੇ ਬਰਸਾਏ ਗਏ।

# ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਦੇ 28 ਵਿਦਿਆਰਥੀਆਂ ਨੇ ਜੇਈਈ ਮੁਕਾਬਲਾ ਪ੍ਰੀਖਿਆ ਵਿੱਚ ਕੀਤਾ ਕੁਆਲੀਫ਼ਾਈ



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲਾਂ ਲਈ ਇਹ ਮਾਣ ਦੀ ਗੱਲ ਹੈ ਕਿ ਇੰਜੀਨੀਅਰਿੰਗ ਖੇਤਰ ਵਿੱਚ ਦਾਖਲਾ ਲੈਣ ਲਈ ਰਾਸ਼ਟਰੀ ਪੱਧਰ 'ਤੇ ਹੋਣ ਵਾਲੀ ਜੇਈਈ ਪ੍ਰੀਖਿਆ ਵਿੱਚ ਦਰਜਨ ਦੇ ਕਰੀਬ ਵਿਦਿਆਰਥੀਆਂ ਨੇ ਕਾਮਯਾਬੀ ਹਾਸਲ ਕੀਤੀ ਹੈ। ਇਨ੍ਹਾਂ ਵਿਦਿਆਰਥੀਆਂ ਨੇ ਨੈਸ਼ਨਲ ਟੈਲੈਂਟ ਨੂੰ ਦਰਸਾਉਂਦਿਆਂ ਸਾਬਤ ਕੀਤਾ ਕਿ ਸਰਕਾਰੀ ਸਕੂਲ ਵੀ ਹੁਨਰ ਅਤੇ ਗਿਆਨ ਦੇ ਕੇਂਦਰ ਬਣ ਰਹੇ ਹਨ। ਮੈਰੀਟੋਰੀਅਸ ਸਕੂਲ ਪਟਿਆਲਾ ਦੇ 17 ਵਿਦਿਆਰਥੀਆਂ ਨੇ, ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ 2 ਵਿਦਿਆਰਥੀਆਂ, ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਦੇ 2 ਵਿਦਿਆਰਥੀਆਂ ਰੋਨਿਤ ਅਤੇ ਦਿਵਯਾਂਸ਼ੂ ਨੇ, ਸਰਕਾਰੀ ਕੋ-ਐਡ ਸੀਨੀਅਰ ਸੈਕੰਡਰੀ ਸਕੂਲ ਐਨ ਟੀ ਸੀ ਰਾਜਪੁਰਾ ਟਾਊਨ ਦੇ 2 ਵਿਦਿਆਰਥੀਆਂ ਗਗਨਦੀਪ ਅਤੇ ਅਮਨ ਸਿੰਘ ਨੇ, ਸਕੂਲ ਆਫ਼ ਐਮੀਨੈਂਸ ਸਮਾਣਾ ਦੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇਪਲਾ ਦੇ ਇੰਦਰਜੀਤ ਸਿੰਘ ਨੇ, ਸਸਸਸ ਭਾਂਖਰ ਅਤੇ ਸਸਸਸ ਲੌਟ ਦੀ ਵਿਦਿਆਰਥਣ ਹਰਮਨਦੀਪ ਕੌਰ ਸਮੇਤ ਕੁੱਲ 10 ਵਿਦਿਆਰਥੀਆਂ ਨੇ ਜੇਈਈ ਮੇਨਜ਼ ਦੀ ਮੁਕਾਬਲਾ ਪ੍ਰੀਖਿਆ ਵਿੱਚ ਕੁਆਲੀਫ਼ਾਈ ਕੀਤਾ ਹੈ। ਇਹ ਉਪਲਬਧੀ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੀ ਅਗਵਾਈ ਅਤੇ ਸਕੂਲੀ ਪ੍ਰਬੰਧਾਂ ਵਿੱਚ ਸੁਧਾਰ ਦਾ ਨਤੀਜਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ ਅਤੇ ਡਿਪਟੀ ਡੀ.ਈ.ਓ. ਰਵਿੰਦਰਪਾਲ ਸ਼ਰਮਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਉਪਲਬਧੀ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਇਸ ਤਰ੍ਹਾਂ ਦੀ ਉੱਚ ਪੱਧਰੀ ਪ੍ਰੀਖਿਆ ਵਿੱਚ ਕਾਮਯਾਬ ਹੋਣਾ ਸਮੂਹ ਸਿੱਖਿਆ ਵਿਭਾਗ ਲਈ ਬਹੁਤ ਵਧੀਆ ਗੱਲ ਹੈ।

ਇਸ ਮੌਕੇ ਜ਼ਿਲ੍ਹਾ ਨੋਡਲ ਅਫ਼ਸਰ ਜਸਵਿੰਦਰ ਕੌਰ ਸਹਾਇਕ ਡਾਇਰੈਕਟਰ ਨੇ ਵੀ ਸਕੂਲ ਮੁਖੀਆਂ, ਅਧਿਆਪਕਾਂ ਅਤੇ ਮਾਪਿਆਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸਹੀ ਮਾਰਗ ਦਰਸ਼ਨ ਅਤੇ ਸਮਰਥਨ ਦਿੱਤਾ।

# ਪੀਐੱਸਪੀਸੀਐੱਲ ਖੇਡ ਕੋਟੇ ਤਹਿਤ ਭਰਤੀ ਕਰੇਗਾ : ਹਰਭਜਨ ਸਿੰਘ ਈਟੀਓ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਖੇਡਾਂ ਦੇ ਜਜ਼ਬੇ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਵਿੱਚ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਐਲਾਨ ਕੀਤਾ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐੱਸਪੀਸੀਐੱਲ) ਜਲਦੀ ਹੀ ਖੇਡ ਕੋਟੇ ਤਹਿਤ ਨਵੀਆਂ ਭਰਤੀਆਂ ਸ਼ੁਰੂ ਕਰੇਗਾ। ਇਸ ਪਹਿਲਕਦਮੀ ਦਾ ਉਦੇਸ਼ ਖਿਡਾਰੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਸੰਸਥਾ ਵਿੱਚ ਇੱਕ ਖੇਡ ਸੱਭਿਆਚਾਰ ਨੂੰ ਵਧਾਉਣਾ ਹੈ। ਪੀਐੱਸਪੀਸੀਐੱਲ ਸਪੋਰਟਸ ਕੰਪਲੈਕਸ ਵਿਖੇ 46ਵੀਂ ਏਆਈਈਐਸਸੀਬੀ ਰੱਸਾਕਸ਼ੀ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਪੀਐੱਸਪੀਸੀਐੱਲ ਵਿੱਚ ਖਿਡਾਰੀਆਂ ਲਈ ਤਰੱਕੀ ਨੀਤੀ ਲਿਆਉਣ ਦੀਆਂ ਯੋਜਨਾਵਾਂ ਵੀ ਦੱਸੀਆਂ। ਉਨ੍ਹਾਂ ਕਿਹਾ, ਇਹ ਕਦਮ ਨਾ ਸਿਰਫ਼ ਸਾਡੇ ਐਥਲੀਟਾਂ ਦੇ ਯਤਨਾਂ ਨੂੰ ਮਾਨਤਾ ਦੇਵੇਗਾ ਬਲਕਿ ਰਾਜ ਭਰ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਦੀ ਇੱਕ ਲਹਿਰ ਵੀ ਪੈਦਾ ਕਰੇਗਾ।

ਇਕੱਠ ਨੂੰ ਸੰਬੋਧਨ ਕਰਦਿਆਂ ਮੰਤਰੀ ਨੇ ਸੰਪੂਰਨ ਵਿਅਕਤੀਆਂ ਨੂੰ ਘੜਨ ਵਿੱਚ ਖੇਡਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਇਸ ਦੀ ਬਜਾਏ ਆਪਣੀ ਊਰਜਾ ਨੂੰ ਸਰੀਰਕ ਗਤੀਵਿਧੀਆਂ ਵਿੱਚ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਅੱਗੇ ਕਿਹਾ, ਖੇਡਾਂ ਵਿੱਚ ਸ਼ਾਮਲ ਹੋਣਾ ਸੰਪੂਰਨ ਵਿਕਾਸ ਵੱਲ ਲੈ ਜਾਂਦਾ ਹੈ, ਚਰਿੱਤਰ ਦਾ ਨਿਰਮਾਣ ਕਰਦਾ ਹੈ, ਅਤੇ ਨੌਜਵਾਨਾਂ ਨੂੰ ਇੱਕ ਉਸਾਰੂ ਰਾਹ 'ਤੇ ਰੱਖਦਾ ਹੈ।

ਟੂਰਨਾਮੈਂਟ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੇ ਉੱਚ ਪੱਧਰ ਦੇ ਉਤਸ਼ਾਹ ਅਤੇ ਭਾਗੀਦਾਰੀ ਦਾ ਜ਼ਿਕਰ ਕੀਤਾ, ਜੋ ਸੰਸਥਾ ਦੀ ਮਜ਼ਬੂਤ ਟੀਮ ਭਾਵਨਾ ਅਤੇ ਪ੍ਰਤੀਯੋਗੀ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਟਿੱਪਣੀ ਕੀਤੀ, ਰੱਸਾਕਸ਼ੀ ਟੂਰਨਾਮੈਂਟ ਤਾਕਤ, ਅਨੁਸ਼ਾਸਨ ਅਤੇ



ਖੇਡ ਭਾਵਨਾ ਦਾ ਇੱਕ ਸ਼ਾਨਦਾਰ ਪ੍ਰਦਰਸ਼ਨ ਰਿਹਾ ਹੈ। ਅਜਿਹੇ ਸਮਾਗਮ ਆਪਸੀ ਭਾਈਚਾਰਾ ਵਧਾਉਂਦੇ ਹਨ ਅਤੇ ਇੱਕ ਜੀਵੰਤ, ਸਿਹਤਮੰਦ ਕਾਰਜ ਸੱਭਿਆਚਾਰ ਪੈਦਾ ਕਰਦੇ ਹਨ।

ਪੀਐੱਸਪੀਸੀਐੱਲ ਸਪੋਰਟਸ ਸੈੱਲ ਦੇ ਮੁੜ ਸੁਰਜੀਤੀਕਰਨ 'ਤੇ ਜ਼ੋਰ ਦਿੰਦਿਆਂ ਮੰਤਰੀ ਨੇ ਕਿਹਾ, ਸਪੋਰਟਸ ਸੈੱਲ ਨੂੰ ਮੁੜ ਸੁਰਜੀਤ ਕਰਨਾ ਸਿਰਫ਼ ਐਥਲੈਟਿਕਸ ਨੂੰ ਉਤਸ਼ਾਹਿਤ ਕਰਨ ਬਾਰੇ ਨਹੀਂ ਸੀ—ਇਹ ਸਾਡੇ ਕਰਮਚਾਰੀਆਂ ਵਿੱਚ ਮਾਣ ਅਤੇ ਉਦੇਸ਼ ਦੀ ਭਾਵਨਾ ਨੂੰ ਜਗਾਉਣ ਬਾਰੇ ਸੀ। ਸਾਡੇ ਐਥਲੀਟਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰੀਆਂ ਹਨ, ਇਹ ਸਾਬਤ ਕਰਦੇ ਹੋਏ ਕਿ ਸਹਾਇਤਾ ਅਤੇ ਉਤਸ਼ਾਹ ਨਾਲ, ਉੱਤਮਤਾ ਲਾਜ਼ਮੀ ਹੈ।


ਇਸ ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਦੇ ਰਸਮੀ ਸਵਾਗਤ ਅਤੇ ਪ੍ਰਮੁੱਖ ਸਕੱਤਰ ਪਾਵਰ ਅਤੇ ਸੀਐਮਡੀ, ਪੀਐੱਸਪੀਸੀਐੱਲ ਅਜੋਏ ਕੁਮਾਰ ਸਿਨਹਾ ਦੇ ਸਵਾਗਤੀ ਭਾਸ਼ਣ ਨਾਲ ਹੋਈ। ਉਨ੍ਹਾਂ ਨੇ ਏਕਤਾ ਅਤੇ ਅਨੁਸ਼ਾਸਨ ਨੂੰ ਉਤਸ਼ਾਹਿਤ ਕਰਨ ਵਿੱਚ ਟੂਰਨਾਮੈਂਟ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, 46ਵੇਂ ਏਆਈਈਐਸਸੀਬੀ ਰੱਸਾਕਸ਼ੀ ਟੂਰਨਾਮੈਂਟ ਨੇ ਟੀਮ ਵਰਕ ਅਤੇ ਮੁਕਾਬਲੇ ਦੀ ਭਾਵਨਾ ਦੀ ਮਿਸਾਲ ਪੇਸ਼ ਕੀਤੀ। ਇਸ ਨੇ ਤਾਕਤ ਅਤੇ ਏਕਤਾ ਦੇ ਜਸ਼ਨ ਵਿੱਚ ਕਰਮਚਾਰੀਆਂ ਨੂੰ ਇਕੱਠਾ ਕੀਤਾ। ਸਿਨਹਾ ਨੇ ਪੀਐੱਸਪੀਸੀਐੱਲ ਦੇ ਸਪੋਰਟਸ ਸੈੱਲ ਦੀ ਸਫਲਤਾ ਦਾ ਸਿਹਰਾ ਬਿਜਲੀ ਮੰਤਰੀ ਦੇ ਦੂਰਦਰਸ਼ੀ ਹੋਣ ਨੂੰ ਦਿੱਤਾ, ਅਤੇ ਕਿਹਾ ਕਿ ਇੱਕ ਸਾਲ ਪਹਿਲਾਂ ਮੁੜ ਸੁਰਜੀਤ ਹੋਣ ਤੋਂ ਬਾਅਦ ਸੈੱਲ ਨੇ ਨਵੀਆਂ ਉਚਾਈਆਂ ਨੂੰ ਛੂਹਿਆ ਹੈ। ਉਨ੍ਹਾਂ ਨੇ ਜੂਨੀਅਰ ਸਪੋਰਟਸ ਅਫਸਰ ਅਤੇ ਅਰਜੁਨ ਐਵਾਰਡੀ ਰਾਜ ਕੁਮਾਰ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਹਾਲ ਹੀ ਵਿੱਚ ਪੈਰਾ ਏਸ਼ੀਅਨ ਖੇਡਾਂ (ਚੀਨ, 2023) ਅਤੇ ਪੈਰਾ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ (ਥਾਈਲੈਂਡ, 2024) ਵਿੱਚ ਚਾਂਦੀ ਦੇ ਤਗਮੇ ਜਿੱਤੇ ਹਨ।

ਡਾਇਰੈਕਟਰ ਐਡਮਿਨ ਜਸਬੀਰ ਸਿੰਘ ਸੁਰ ਸਿੰਘ ਨੇ ਸਾਰੇ ਯੋਗਦਾਨੀਆਂ ਅਤੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸਮਾਗਮ ਦੀ ਸਮਾਪਤੀ ਭਾਗੀਦਾਰ ਟੀਮਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੇ ਹੋਏ ਇਨਾਮ ਵੰਡ ਸਮਾਰੋਹ ਨਾਲ ਹੋਈ, ਜਿਸ ਤੋਂ ਬਾਅਦ ਟੂਰਨਾਮੈਂਟ ਦੀ ਰਸਮੀ ਸਮਾਪਤੀ ਕੀਤੀ ਗਈ।

**ਰਸੋਈ ਵਿਚ ਹੀ ਸੁੰਦਰਤਾ ਦਾ ਖ਼ਜ਼ਾਨਾ ਛੁਪਿਆ ਹੈ ਜਿਸ ਦਾ ਲਾਭ ਤੁਸੀਂ ਬੜੀ ਆਸਾਨੀ ਨਾਲ ਲੈ ਸਕਦੇ ਹੋ...**

# ਸੁੰਦਰਤਾ ਦੇ ਘਰੇਲੂ ਨੁਸਖ਼ੇ

ਕਮਲਜੀਤ ਕੌਰ



1. ਪੁਦੀਨੇ ਦੀਆਂ ਪੱਤੀਆਂ ਅਤੇ ਇਕ ਚਮਚ ਦਹੀ ਨੂੰ ਇਕੱਠੇ ਮਿਕਸ ਕਰ ਕੇ ਪੇਸਟ ਤਿਆਰ ਕਰ ਲਓ। ਇਸ ਨੂੰ ਮੁਹਾਸਿਆਂ ਦੇ ਉੱਪਰ ਲਗਾਉਣ ਅਤੇ ਦਸ ਪੰਦਰਾਂ ਮਿੰਟ ਦੇ ਬਾਅਦ ਚਿਹਰੇ ਨੂੰ ਸਾਫ਼ ਪਾਣੀ ਨਾਲ ਧੋ ਦਿਓ। ਇਸ ਨਾਲ ਮੁਹਾਸੇ ਸਾਫ਼ ਹੋਣੇ ਸ਼ੁਰੂ ਹੋ ਜਾਣਗੇ।

2. ਇਕ ਚਮਚ ਚੰਦਨ ਪਾਊਡਰ ਨੂੰ ਇਕ ਚਮਚ ਗੁਲਾਬ ਜਲ ਅਤੇ ਕੁਝ ਬੂੰਦਾਂ ਖੀਰੇ ਦੇ ਰਸ ਨਾਲ ਮਿਲਾ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ 'ਤੇ ਲਗਾ ਕੇ ਛੱਡ ਦਿਓ, ਸੁੱਕਣ ਦੇ ਬਾਅਦ ਚਿਹਰਾ ਸਾਫ਼ ਪਾਣੀ ਨਾਲ ਧੋ ਲਓ।

3. ਨਿੰਮ ਦੀਆਂ ਪੱਤੀਆਂ ਨੂੰ ਡੇਢ ਚਮਚ ਦਹੀ ਨਾਲ ਮਿਲਾਕੇ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ 'ਤੇ ਦਸ-ਪੰਦਰਾਂ ਮਿੰਟ ਤਕ ਲਗਾਕੇ ਸਾਫ਼ ਪਾਣੀ ਨਾ ਧੋ ਲਓ।

4. ਇਕ ਚਮਚ ਚੰਦਨ ਪਾਊਡਰ, ਇਕ ਚਮਚ ਦਲੀਆ ਅਤੇ ਅੱਧਾ ਚਮਚ ਯੀਸਟ ਨੂੰ ਦੁੱਧ ਅਤੇ ਇਕ ਅੰਡੇ ਦੀ ਸਫ਼ੇਦੀ ਨਾਲ ਮਿਲਾ ਕੇ ਇਕ ਪੇਸਟ ਬਣਾ ਲਓ। ਇਸ ਨੂੰ ਚਿਹਰੇ 'ਤੇ ਲਗਾਓ ਅਤੇ ਠੰਢੇ ਪਾਣੀ ਨਾਲ ਚਿਹਰਾ ਸਾਫ਼ ਕਰ ਲਓ।



# ਬਾਬਲ ਤੇ ਧੀ ਦਾ ਰਿਸ਼ਤਾ

ਸੁਖਪਾਲ ਸਿੰਘ ਗਿੱਲ



ਸਾਹਿਤ ਦੀ ਬੁੱਕਲ ਵਿਚ ਛੁਪੇ ਆਪਣੇ ਵਿਰਸੇ 'ਤੇ ਝਾਤ ਮਾਰੀਏ ਤਾਂ ਇਉਂ ਲੱਗਦਾ ਹੈ ਕਿ ਬਹੁਤਾ ਵਿਰਸਾ ਅਤੀਤ ਦੀ ਬੁੱਕਲ ਵਿਚ ਬਿਰਾਜਮਾਨ ਹੋ ਕੇ ਰਹਿ ਗਿਆ ਹੈ। ਸਾਡਾ ਵਿਰਸਾ ਅਤੇ ਸੱਭਿਆਚਾਰ ਧੀਆਂ ਨੂੰ ਮਾਣ ਸਨਮਾਨ ਦਾ ਗਹਿਣਾ ਪਹਿਨਾਉਂਦਾ ਹੈ। ਧੀਆਂ ਦੇ ਮਾਣ ਵਿਚ ਬਹੁਤਾ ਕੁਝ ਸਮੇਂ ਦਾ ਹਾਣੀ ਤਾਂ ਨਹੀਂ ਬਣ ਸਕਿਆ ਪਰ ਇਨ੍ਹਾਂ ਤੋਂ ਬਿਨਾਂ ਬਾਬਲ ਦਾ ਵਿਹੜਾ ਅੱਜ ਵੀ ਸੁੰਨਾ ਹੈ। ਕੁੜੀਆਂ ਪ੍ਰਤੀ ਇਹ ਗੱਲ ਹਕੀਕਤ ਹੈ ਕਿ ਪਹਿਲੇ ਵੀ ਚਿੜੀਆਂ ਦੇ ਚੰਬੇ ਵਾਂਗ ਉਡ ਜਾਂਦੀਆਂ ਸਨ। ਅੱਜ ਵੀ ਸਮਾਂ ਆਉਣ 'ਤੇ ਬਾਬਲ ਦੇ ਵਿਹੜੇ ਨੂੰ ਸੁੰਨਾ ਕਰ ਕੇ ਪਰਾਏ ਘਰ ਉੱਡ ਜਾਂਦੀਆਂ ਹਨ।

ਤਰੱਕੀ ਨੇ ਛੁਰੀਆਂ-ਕਟਾਰੀਆਂ ਵਰਤ ਕੇ ਧੀਆਂ ਉੱਤੇ ਕਹਿਰ ਵਰਤਾਇਆ ਹੈ। ਬਾਬਲ-ਧੀ ਦਾ ਰਿਸ਼ਤਾ ਆਪਣੇ ਆਪ 'ਤੇ ਮਾਣ ਅਤੇ ਜ਼ਿੰਮੇਵਾਰੀ ਮਹਿਸੂਸ ਕਰਦਾ ਹੈ। ਸਾਡੇ ਸਮਾਜ ਵਿਚ ਆਮ ਕਹਿ ਦਿੱਤਾ ਜਾਂਦਾ ਹੈ, ਜਿਸ ਦੇ ਧੀ ਨਹੀਂ ਜੰਮੀ ਉਸ ਨੂੰ ਸੁਝ ਨਹੀਂ ਆਉਂਦੀ। ਦਾਜ ਤੋਂ ਦਰਿੰਦਗੀ ; ਦਰਿੰਦਗੀ ਤੋਂ ਦਾਗ਼ ਦੀ ਪੌੜੀ ਨੇ ਧੀਆਂ ਨੂੰ ਉਨ੍ਹਾਂ ਦੇ ਸੱਭਿਆਚਰਕ ਰੁਤਬੇ ਨੂੰ ਘਸਮੈਲਾ ਕਰ ਦਿੱਤਾ ਹੈ। ਜਨਮ ਤੋਂ ਅਰਥੀ ਤਕ ਦਾ ਸਫ਼ਰ ਵੱਖ-ਵੱਖ ਅੰਦਾਜ਼ਾ ਵਿੱਚੋਂ ਗੁਜ਼ਰ ਕੇ ਸਮੇਂ ਅਨੁਸਾਰ ਕਈ ਰਾਹਵਾਂ ਰਾਹੀਂ ਸਫ਼ਰ ਕਰਦਾ ਰਿਹਾ ਹੈ ਪਰ ਅੱਜ ਕੰਨਿਆਂ ਨੂੰ ਦੇਵੀ ਸਮਝਣ ਦਾ ਰੁਝਾਨ ਆਖਰੀ ਸਾਹਾਂ ਉੱਤੇ ਹੈ। ਪੜ੍ਹਾਈ ਲਿਖਾਈ ਤੋਂ ਬਾਅਦ ਬਾਬਲ ਨੂੰ ਹੱਥ ਪੀਲੇ ਕਰਨ ਦੀ ਸੋਚ ਪੈ ਜਾਂਦੀ ਹੈ। ਧੁਰੋਂ ਲਿਖੇ ਸੰਜੋਗ ਨੂੰ ਕੋਈ ਨਹੀਂ ਜਾਣਦਾ ਪਰ ਇਕ ਗੱਲ ਜ਼ਰੂਰ ਹੁੰਦੀ ਹੈ ਕਿ ਧੀ ਪਰਾਇਆ ਧਨ ਹੁੰਦੀ ਹੈ। ਇਸੇ ਲਈ ਮਾਂ-ਪਿਓ ਚਿੰਤਾ ਵਿਚ ਜ਼ਿੰਦਗੀ ਕੱਢ ਦਿੰਦੇ ਹਨ। ਸਮਾਜਿਕ ਬੇਚੈਨੀ ਨੇ ਵਿਰਾਸਤ ਨੂੰ ਸਾਂਭਣ ਨਾਲੋਂ ਪਰ੍ਹੇ ਰੱਖਣਾ ਠੀਕ ਸਮਝਿਆ। ਇਸ ਦੀ ਵੱਧ ਮਾਰ ਕੁੜੀਆਂ ਨੂੰ ਪਈ। ਸੱਭਿਆਚਾਰ ਦੀ ਗਵਾਹੀ ਅਤੀਤ ਤੋਂ ਵਰਤਮਾਨ ਤਕ ਧੀ ਨੂੰ ਬਾਬਲ ਦੇ ਵਿਹੜੇ ਦਾ ਸ਼ਿੰਗਾਰ ਬਣਾਉਂਦੀ ਹੈ ਪਰ ਤੋਤਲੀ ਆਵਾਜ਼ ਵਿੱਚੋਂ ਨਿਕਲਣ ਤੋਂ ਬਾਅਦ ਚਿੰਤਾ ਵਿਚ ਡੋਬ ਦਿੰਦੀ ਹੈ। ਇਸੇ ਲਈ ਧੀ ਨੂੰ ਸਾਂਭ-ਸਾਂਭ ਕੇ ਰੱਖਣਾ ਪਰਿਵਾਰ ਦਾ ਫ਼ਰਜ਼ ਹੁੰਦਾ ਹੈ। ਧੀਆਂ ਆਖਿਰ ਇਕ ਦਿਨ ਬਾਬਲ ਦੇ ਵਿਹੜੇ ਦੀ ਖ਼ੈਰ ਮੰਗਦੀਆਂ ਨੇ ਤੁਰ ਜਾਣਾ ਹੁੰਦਾ ਹੈ। ਇਸੇ ਲਈ ਇਹ ਗਾਣਾ ਅੱਜ ਵੀ ਅਤੀਤ ਵਾਂਗ ਬਾਬਲ ਧੀ ਦੇ ਰਿਸ਼ਤੇ ਨੂੰ ਮੋਹ ਭਿੱਜਾ ਅਤੇ ਸਮੇਂ ਦਾ ਹਾਣੀ ਬਣਾ ਰਿਹਾ ਹੈ :

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ,
ਸਾਡੀ ਲੰਮੀ ਉਡਾਰੀ ਵੇ
ਬਾਬਲ ਕਿਹੜੇ ਦੇਸ਼ ਜਾਣਾ...

98781-11445





ਮਨੁੱਖ ਬਿਨਾਂ ਖਾਧੇ-ਪੀਤੇ ਦੇਰ ਤਕ ਜਿਊਂਦਾ ਰਹਿ ਸਕਦਾ ਹੈ ਪਰ ਜੇ ਪਾਣੀ ਪੀਣਾ ਛੱਡ ਦੇਵੇ ਤਾਂ ਉਸ ਲਈ ਜਿਊਂਦੇ ਰਹਿਣਾ ਮੁਸ਼ਕਲ ਹੈ।

# ਜੀਵਨ ਦੀਆਂ ਬੂੰਦਾਂ

ਜਸਪ੍ਰੀਤ ਕੌਰ ਸੰਘਾ

ਧਰਤੀ 'ਤੇ ਪਾਣੀ ਦੀ ਹੋਂਦ ਤੋਂ ਬਿਨਾਂ ਜੀਵਨ ਸੰਭਵ ਨਹੀਂ ਜਾਂ ਕਹਿ ਸਕਦੇ ਹਾਂ ਇਸ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਹੀ ਧਰਤੀ ਨੂੰ ਪਾਣੀ ਵਾਲਾ ਗ੍ਰਹਿ ਕਿਹਾ ਜਾਂਦਾ ਹੈ। ਬਾਣੀ ਵਿਚ ਜਿੱਥੇ ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ, ਉੱਥੇ ਹੀ ਪਾਣੀ ਨੂੰ ਵੀ 'ਪਿਤਾ' ਦਾ ਦਰਜਾ ਦੇ ਕੇ ਸਤਿਕਾਰਿਆ ਗਿਆ ਹੈ। ਪਾਣੀ ਦੇ ਇਸ ਮਹੱਤਵ ਕਾਰਨ ਹੀ 'ਵਿਸ਼ਵ ਜਲ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ, ਜਿਸ ਦਾ ਉਦੇਸ਼ ਪੂਰੇ ਵਿਸ਼ਵ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣਾ ਹੈ। ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿਚ ਸਾਲ 1992 ਵਿਚ ਹੋਏ ਇਕ ਸੰਮੇਲਨ ਵਿਚ ਵਿਸ਼ਵ ਜਲ ਦਿਵਸ ਮਨਾਉਣ ਦੀ ਪਹਿਲ ਕੀਤੀ ਗਈ। ਸਾਡੀ ਧਰਤੀ ਦਾ 70% ਤੋਂ ਜ਼ਿਆਦਾ ਹਿੱਸਾ ਪਾਣੀ ਨਾਲ ਭਰਿਆ ਹੋਇਆ ਹੈ। ਧਰਤੀ 'ਤੇ ਲਗਪਗ 97.5% ਪਾਣੀ ਸਮੁੰਦਰ ਵਿਚ ਹੈ, ਜੋ ਖਾਰਾ ਹੈ। ਧਰਤੀ 'ਤੇ ਲਗਪਗ 1.5% ਪਾਣੀ ਬਰਫ਼ ਦੇ ਰੂਪ ਵਿਚ ਹੈ। ਧਰਤੀ 'ਤੇ ਲਗਪਗ 1% ਤਾਜ਼ਾ ਪਾਣੀ ਨਦੀਆਂ, ਝੀਲਾਂ,



ਤਲਾਬਾਂ ਤੇ ਝਰਨਿਆਂ ਵਿਚ ਹੈ, ਜੋ ਪੀਣ ਦੇ ਯੋਗ ਹੈ। ਇਸ 1% ਪਾਣੀ ਦਾ 60ਵਾਂ ਹਿੱਸਾ ਖੇਤੀ ਅਤੇ ਕਾਰਖਾਨਿਆਂ ਵਿਚ ਖਪਤ ਹੁੰਦਾ ਹੈ। 40% ਹਿੱਸਾ ਪੀਣ, ਭੋਜਨ ਬਣਾਉਣ , ਨਹਾਉਣ ਅਤੇ ਸਾਫ਼-ਸਫ਼ਾਈ ਲਈ ਵਰਤਿਆ ਜਾਂਦਾ ਹੈ।

ਧਰਤੀ 'ਤੇ ਮਨੁੱਖ, ਪਸ਼ੂ-ਪੰਛੀ ਸਭ ਨੂੰ ਜਿਊਂਦਾ ਰਹਿਣ ਲਈ ਪਾਣੀ ਦੀ ਜ਼ਰੂਰਤ ਹੈ ਪਰ ਅਸੀਂ ਇਨਸਾਨ ਆਪਣੀ ਅਣਗਹਿਲੀ ਕਾਰਨ ਨਦੀਆਂ, ਤਲਾਬਾਂ ਵਿਚ ਗੰਦਗੀ ਸੁੱਟ ਪੀਣਯੋਗ ਪਾਣੀ ਨੂੰ ਪ੍ਰਦੂਸ਼ਿਤ ਕਰ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਮਨੁੱਖ ਦੁਆਰਾ ਪਾਣੀ ਦੀ ਦੁਰਵਰਤੋਂ ਲਗਾਤਾਰ ਚਿੰਤਾ ਦਾ ਵਿਸ਼ਾ ਬਣ ਰਹੀ ਹੈ।

ਮਨੁੱਖ ਬਿਨਾਂ ਕੁਝ ਖਾਧੇ-ਪੀਤੇ ਤਾਂ ਦੇਰ ਤਕ ਜਿਊਂਦਾ ਰਹਿ ਸਕਦਾ ਹੈ ਪਰ ਜੇਕਰ ਉਹ ਪਾਣੀ ਪੀਣਾ ਛੱਡ ਦੇਵੇ ਤਾਂ ਉਸ ਲਈ ਜਿਊਂਦੇ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਦਾ ਮਨੁੱਖ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਦੀ ਸੰਭਾਲ ਕਰਨ ਦੀ ਬਜਾਏ ਪਾਣੀ ਨੂੰ ਡੂੰਘਾ ਕਰਨ ਦੇ ਨਾਲ-ਨਾਲ ਪ੍ਰਦੂਸ਼ਤ ਕਰਨ ਤੋਂ ਰੱਤੀ ਭਰ ਵੀ ਸੰਕੋਚ ਨਹੀਂ ਕਰ ਰਿਹਾ । ਜੇਕਰ ਇਹ ਵਰਤਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਪੰਜਾਬ ਵਿਚ ਵੀ ਆਉਂਦੇ ਕੁਝ ਸਾਲਾਂ ਤਕ ਪਾਣੀ ਦਾ ਸੰਕਟ ਪੈਦਾ ਹੋ ਜਾਵੇਗਾ। ਧਰਤੀ 'ਤੇ ਜੀਵਨ ਦੀ ਹੋਂਦ ਲਈ ਪਾਣੀ ਸਭ ਤੋਂ ਜ਼ਰੂਰੀ ਹੈ ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਪਾਣੀ ਦੀ ਦੁਰਵਰਤੋਂ ਨੂੰ ਰੋਕੀਏ ਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ। ਪਾਣੀ ਹੈ ਜੀਵਨ ਦਾ ਅਨਮੋਲ ਰਤਨ, ਇਸ ਨੂੰ ਬਚਾਉਣ ਦਾ ਕਰੋ ਯਤਨ।'

**ਜ਼ਰੂਰੀ ਨਹੀਂ ਕਿ ਸੱਜਣ ਸਾਡਾ ਗੁਆਂਢੀ, ਰਿਸ਼ਤੇਦਾਰ ਜਾਂ ਪਰਿਵਾਰਕ ਮੈਂਬਰ ਹੋਵੇ। ਸੱਜਣ ਤਾਂ ਦਿਲ ਮਿਲਿਆਂ ਦੇ ਮੇਲੇ ਵਾਂਗ ਹੁੰਦੇ ਹਨ ਜਿਸ ਨਾਲ ਪਲ ਭਰ ਦੀ ਮੁਲਾਕਾਤ ਹੀ ਉਸ ਨੂੰ ਹਮਦਮ ਬਣਾ ਦਿੰਦੀ ਹੈ। ਬਚਪਨ, ਜਵਾਨੀ ਜਾਂ ਬੁਢਾਪਾ, ਹਰ ਉਮਰ 'ਚ ਸੱਜਣਤਾਈ ਦੇ ਅਹਿਸਾਸ ਨੂੰ ਪਾਲਿਆ ਜਾ ਸਕਦਾ ਹੈ।**

# ਦਿਲ ਦੀਆਂ ਸਮਝਣ ਵਾਲੇ

ਸਤਨਾਮ ਸਿੰਘ ਕੈਂਥ



ਸਮਾਜਿਕ ਤਾਣੇ-ਬਾਣੇ ਵਿਚ ਘਿਰੀ ਕੁਲ ਲੋਕਾਈ ਲਈ ਅਜੋਕੇ ਪਦਾਰਥਵਾਦੀ ਦੌਰ ਵਿਚ ਤਣਾਅ ਮੁਕਤ ਰਹਿਣ ਦਾ ਇੱਕੋ-ਇਕ ਆਨੰਦਮਈ ਅਹਿਸਾਸ ਉਸ ਦਾ ਆਪਣਾ ਪਿਆਰਾ ਸੱਜਣ ਹੁੰਦਾ ਹੈ, ਜਿਸ ਨਾਲ ਆਪਣੇ ਦਿਲ ਦੀ ਹਰ ਰਮਜ਼ ਨੂੰ ਸਾਂਝਾ ਕੀਤਾ ਜਾ ਸਕਦਾ ਹੈ। ਇਹ ਸੱਜਣ ਹਰ ਦੁੱਖ-ਸੁੱਖ ਵਿਚ ਆਪਣੇ ਪਿਆਰਿਆਂ ਦਾ ਸਾਥ ਦਿੰਦਾ ਹੈ। ਹਰ ਮੁਸ਼ਕਿਲ ਸਮੇਂ ਵਿਚ ਉਸ ਦੀ ਢਾਲ ਬਣਕੇ ਖੜ੍ਹ ਦਾ ਹੈ।

## ਮੋਹ ਦੀਆਂ ਤੰਦਾਂ

ਇਹ ਜ਼ਰੂਰੀ ਨਹੀਂ ਕਿ ਸੱਜਣ ਸਾਡਾ ਕੋਈ ਗੁਆਂਢੀ, ਰਿਸ਼ਤੇਦਾਰ ਜਾਂ ਕੋਈ ਪਰਿਵਾਰਕ ਮੈਂਬਰ ਹੋਵੇ। ਸੱਜਣ ਤਾਂ ਦਿਲ ਮਿਲਿਆਂ ਦੇ ਮੇਲੇ ਵਾਂਗ ਹੁੰਦੇ ਹਨ। ਜਿਸ ਨਾਲ ਪਲ ਭਰ ਦੀ ਮੁਲਾਕਾਤ ਉਸ ਨੂੰ ਸਾਡਾ ਹਮਦਮ ਬਣਾ ਦਿੰਦੀ ਹੈ। ਬਚਪਨ, ਜਵਾਨੀ ਜਾਂ ਹੋਵੇ ਬੁਢਾਪਾ, ਹਰ ਉਮਰ ਵਿਚ ਸੱਜਣਤਾਈ ਦੇ ਅਹਿਸਾਸ ਨੂੰ ਪਾਲਿਆ ਜਾ ਸਕਦਾ ਹੈ। ਬਚਪਨ ਵਿਚ ਬੱਚੇ ਨਾਲ ਸਭ ਤੋਂ ਵੱਧ ਮੋਹ ਮਾਂ ਦਾ ਹੁੰਦਾ ਹੈ। ਇਸ ਲਈ ਸੱਜਣਤਾਈ ਦੀ ਪਹਿਲੀ ਤੰਦ ਮਾਂ ਤੇ ਬੱਚੇ ਵਿਚਕਾਰ ਹੀ ਬੱਝਦੀ ਹੈ। ਫਿਰ ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਸਕੂਲ ਜਾਂਦਾ ਹੈ, ਆਂਢ-ਗੁਆਂਢ ਵਿਚ ਵਿਚਰਦਾ ਹੈ, ਉਸ ਦੇ ਦੋਸਤਾਂ ਦਾ ਘੇਰਾ ਵਿਸ਼ਾਲ ਹੁੰਦਾ ਜਾਂਦਾ ਹੈ।

## ਪਿਆਰੇ ਦਾ ਸਾਥ

ਜਿਵੇਂ ਇਕ ਜੁਗਨੂੰ ਕਾਲੀ ਰਾਤ ਨੂੰ ਰੁਸ਼ਨਾ ਦਿੰਦਾ ਹੈ, ਠੀਕ ਉਸ ਤਰ੍ਹਾਂ ਹੀ ਕਿਸੇ ਪਿਆਰੇ ਸੱਜਣ ਦਾ ਸਾਥ ਜੀਵਨ ਰੂਪੀ ਜੋਤ ਜਗਾ ਦਿੰਦਾ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਖ਼ੁਸ਼ੀ ਦੇ ਸਮੇਂ ਤਾਂ ਸਾਰੇ ਹੀ ਸਾਡੇ ਨੇੜੇ-ਨੇੜੇ ਢੁਕਦੇ ਹਨ ਪਰ ਅਸਲੀ ਸੱਜਣ ਦੀ ਪਰਖ ਤਾਂ ਦੁੱਖ ਦੀ ਘੜੀ ਵਿਚ ਹੁੰਦੀ ਹੈ। ਇਸ ਘੜੀ ਵਿਚ ਜਿਹੜਾ ਵੀ ਵਿਅਕਤੀ ਨਿੱਜੀ ਸਵਾਰਥ ਨੂੰ ਤਿਆਗ, ਤੁਹਾਡੇ ਦਰਦ ਨੂੰ ਆਪਣਾ ਦਰਦ ਸਮਝਦਾ ਹੈ, ਓਹੀ ਤੁਹਾਡਾ ਸੱਜਣ ਹੈ।

## ਸੱਜਣਤਾਈ

ਸੱਜਣ ਤਾਂ ਹੀ ਬਣ ਸਕਦੇ ਹਨ ਜੇ ਕਰ ਸਾਡੇ ਅੰਦਰ ਖ਼ੁਦ ਸੱਜਣਤਾਈ ਦੇ ਗੁਣ ਹੋਣ। ਕੁਦਰਤ ਦਾ ਵੀ ਇਹੀ ਦਸਤੂਰ ਹੈ ਜਿਸ ਤਰ੍ਹਾਂ ਦਾ ਤੁਸੀਂ ਬੀਜੋਗੇ ਉਸੇ ਤਰ੍ਹਾਂ ਦਾ ਪਾਓਗੇ। ਜੇ ਤੁਸੀਂ ਦੂਜਿਆਂ ਤੋਂ ਸਲੀਕੇ ਤੇ ਹਮਦਰਦੀ ਭਰੇ ਵਤੀਰੇ ਦੀ ਆਸ ਰੱਖਦੇ ਹੋ ਤਾਂ ਖ਼ੁਦ ਵੀ ਉਸ ਆਸ 'ਤੇ ਖ਼ਰਾ ਉਤਰਨਾ ਪੈਂਦਾ ਹੈ।

## ਕੁਰਬਾਨੀ ਵਰਗੇ ਗੁਣ

ਇਮਾਨਦਾਰੀ, ਭਰੋਸੇਯੋਗਤਾ, ਮਿਲਣਸਾਰਤਾ ਅਤੇ ਕੁਰਬਾਨੀ ਵਰਗੇ ਗੁਣ ਸੱਜਣ ਦੀ ਚੋਣ ਦਾ ਪੈਮਾਨਾ ਹੁੰਦੇ ਹਨ। ਜੋ ਵੀ ਇਨਸਾਨ ਇਸ ਪੈਮਾਨੇ 'ਤੇ ਖ਼ਰਾ ਉਤਰ ਦਾ ਹੈ, ਉਸ ਨੂੰ ਹੀ ਸੱਜਣ ਦਾ ਦਰਜਾ ਦਿੱਤਾ ਜਾ ਸਕਦਾ ਹੈ। ਇਸ ਪੈਮਾਨੇ 'ਤੇ ਖ਼ਰਾ ਉਤਰਨ ਵਾਲੇ ਇਨਸਾਨ ਤੋਂ ਕੋਈ ਵੀ ਕੰਮ ਲਿਆ ਜਾ ਸਕਦਾ ਹੈ ਕਿਉਂਕਿ ਜ਼ਿੰਮੇਵਾਰੀ ਦਾ ਅਹਿਸਾਸ ਇਕ ਇਮਾਨਦਾਰ ਤੇ ਭਰੋਸੇਯੋਗ ਵਿਅਕਤੀ ਨੂੰ ਹੀ ਹੁੰਦਾ ਹੈ। ਬੇਇਤਬਾਰੇ ਬੰਦੇ 'ਤੇ ਤਾਂ ਘਰ ਵਾਲੇ ਵੀ ਇਤਬਾਰ ਨਹੀਂ ਕਰਦੇ, ਫਿਰ ਸੱਜਣ ਦੁਆਰਾ ਇਤਬਾਰ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

## ਮਿਲਣਸਾਰ

ਕਿਉਂਕਿ ਸੱਜਣ ਵਿਅਕਤੀ ਮਿਲਣਸਾਰ ਹੁੰਦੇ ਹਨ ਇਸ ਲਈ ਉਹ ਕਦੇ ਵੀ ਇਕਾਂਤ ਪਸੰਦ ਨਹੀਂ ਕਰਦੇ, ਇਕਾਂਤ ਤਾਂ ਉਨ੍ਹਾਂ ਨੂੰ ਖਾਣ ਨੂੰ ਪੈਂਦਾ ਹੈ। ਉਹ ਤਾਂ ਉਸ ਝਰਨੇ ਦੇ ਸਮਾਨ ਹੁੰਦੇ ਹਨ ਜੋ ਸਮੁੰਦਰ ਵਿਚ ਮਿਲੇ ਬਿਨਾਂ ਨਹੀਂ ਰਹਿ ਸਕਦਾ। ਅਜੋਕੇ ਸਮੇਂ ਵਿਚ ਸੰਕਟ ਦੇ ਬੱਦਲ ਕਿਸ ਦੇ ਸਿਰ ਆ ਪੈਣ, ਇਸ ਦਾ ਵੀ ਕੋਈ ਵਾਹ-ਵਸੇਲਾ ਨਹੀਂ ਹੁੰਦਾ। ਸੰਕਟ ਸਮੇਂ ਸੱਜਣ ਹੀ ਸਹਾਈ ਹੁੰਦਾ ਹੈ ਜੋ ਸੰਕਟ ਮੋਚਣ ਬਣ ਕੇ ਬਹੁੜਦਾ ਹੈ। ਹਜ਼ਾਰਾਂ ਦੁਰਜਣਾ ਨਾਲੋਂ ਤੁਹਾਡਾ ਭਲਾ ਮੰਗਣ ਵਾਲਾ ਇਕਲੌਤਾ ਸੱਜਣ ਹੀ ਕਾਫ਼ੀ ਹੁੰਦਾ ਹੈ ਜੋ ਮੁਸ਼ਕਿਲ ਦੀ ਘੜੀ ਵਿਚ ਹਮੇਸ਼ਾ ਸਾਥ ਦਿੰਦਾ ਹੈ।

## ਸਿਆਣਪ

ਸਾਡੇ ਦੁਆਰਾ ਕੀਤੀ ਗਈ ਸੱਜਣ ਦੀ ਚੋਣ ਤੋਂ ਸਾਡੀ ਸਿਆਣਪ ਤੇ ਬੌਧਿਕਤਾ ਦਾ ਵੀ ਪਤਾ ਲੱਗਦਾ ਹੈ। ਗਿਣਾਤਮਕ ਨਾਲੋਂ ਕਿਸੇ ਗੁਣਾਤਮਕ ਇਨਸਾਨ ਦੀ ਸੱਜਣ ਦੇ ਤੌਰ 'ਤੇ ਚੋਣ ਕਰਨਾ ਹੀ ਸਾਡੀ ਸਮਝ ਨੂੰ ਦ੍ਰਿੜਾਉਂਦਾ ਹੈ। ਸੱਜਣ ਤਾਂ ਕਿਸੇ ਕਿਤਾਬ ਦੇ ਪੰਨਿਆਂ ਵਿਚਲੇ ਹਰਫ਼ਾਂ ਦੇ ਸਮਾਨ ਹੁੰਦਾ ਹੈ ਜਿਨ੍ਹਾਂ ਦਾ ਇਕੱਲਿਆਂ ਦਾ ਕੋਈ ਵਜੂਦ ਨਹੀਂ ਹੁੰਦਾ।

### ਉਮਰ ਦੇ ਵੱਖ-ਵੱਖ ਪੜਾਅ

ਉਮਰ ਦੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ ਅਨੇਕਾਂ ਹੀ ਲੋਕ ਮਨੁੱਖ ਦੇ ਸੰਪਰਕ ਵਿਚ ਆਉਂਦੇ ਹਨ। ਇਨ੍ਹਾਂ ਵੱਖੋ-ਵੱਖ ਲੋਕਾਂ ਵਿੱਚੋਂ ਹੀ ਕੁਝ ਅਜਿਹੇ ਮਾਣਕ ਮੋਤੀ ਹੁੰਦੇ ਹਨ ਜਿਨ੍ਹਾਂ ਨੂੰ ਸੱਜਣ ਦੇ ਤੌਰ 'ਤੇ ਅਪਣਾਇਆ ਜਾਂਦਾ ਹੈ। ਇਕ ਗੱਲ ਤਾਂ ਸਪਸ਼ਟ ਹੈ ਕਿ ਸੱਜਣ ਸਿਰਫ਼ ਓਹੀ ਵਿਅਕਤੀ ਬਣ ਸਕਦਾ ਹੈ ਜਿਸ ਦੇ ਬੋਲਾਂ ਵਿੱਚੋਂ ਫੁੱਲਾਂ ਜਿਹੀ ਮਹਿਕ ਕਿਰਦੀ ਹੋਵੇ ਤੇ ਜਿਸ ਦੇ ਮਨ ਵਿਚ ਕਿਸੇ ਪ੍ਰਤੀ ਕੋਈ ਵੈਰ-ਭਾਵਨਾ ਨਾ ਹੋਵੇ। ਸੱਜਣ ਵਿਅਕਤੀ ਕਦੇ ਵੀ ਰਸਮੀ ਵਲਗਣਾਂ ਦੀ ਕੈਦ ਵਿਚ ਨਹੀਂ ਰਹਿੰਦੇ ਸਗੋਂ ਇਸ ਕੈਦ ਦੀਆਂ ਬੇੜੀਆਂ ਨੂੰ ਤੋੜਦੇ ਹੋਏ ਨਹਾਕੇ ਮਾਰਦੇ ਹੋਏ ਆਪਸ ਵਿਚ ਮਿਲਦੇ ਹਨ।

### ਵਿਚਾਰਾਂ ਦੀ ਸਾਂਝ

ਸੱਜਣ ਦਾ ਚਿਹਰਾ ਤਾਂ ਉਸ ਸ਼ੀਸ਼ੇ ਸਮਾਨ ਹੁੰਦਾ ਹੈ, ਜਿਸ ਵਿੱਚੋਂ ਸਾਡਾ ਆਪਾ ਝਲਕਾਂ ਮਾਰਦਾ ਹੈ। ਇਸ ਝਲਕ ਦੇ ਆਸਰੇ ਹੀ ਅਸੀਂ ਆਪਣੀਆਂ ਅਨੇਕਾਂ ਉਣਤਾਈਆਂ ਨੂੰ ਦੂਰ ਕਰ ਪਾਉਂਦੇ ਹਾਂ। ਸੱਜਣਾਂ ਵਿਚਕਾਰ ਹਮੇਸ਼ਾ ਵਿਚਾਰਾਂ ਦੀ ਸਾਂਝ ਬਣੀ ਰਹਿੰਦੀ ਹੈ। ਤਲਖ਼ੀ ਵਾਲੀ ਬਹਿਸ ਬਹੁਤ ਘੱਟ ਵੇਖਣ ਨੂੰ ਮਿਲਦੀ ਹੈ। ਇਕ ਦੂਸਰੇ ਦੇ ਬੋਲਾਂ 'ਤੇ ਪਹਿਰਾ ਦੇਣਾ ਹੀ ਸੱਜਣਤਾਈ ਦੀ ਨਿਸ਼ਾਨੀ ਹੈ। ਸੱਜਣ ਭਾਵੇਂ ਕੋਹਾਂ ਦੂਰ ਬੈਠਾ ਹੋਵੇ ਪਰ ਆਪਣੇ ਪਿਆਰੇ ਦੀ ਯਾਦ ਆਉਂਦੇ ਹੀ ਉਸ ਕੋਲ ਆ ਖੜ੍ਹਦਾ ਹੈ। ਜਦੋਂ ਇਨਸਾਨ ਦੇ ਦਿਲ 'ਤੇ ਉਦਾਸੀ ਦੀਆਂ ਘਨਘੋਰ ਘਟਾਵਾਂ ਛਾ ਜਾਣ ਤਾਂ ਉਨ੍ਹਾਂ ਘਟਾਵਾਂ ਨੂੰ ਸਾਫ਼ ਕਰ ਨੀਲੇ ਅਸਮਾਨ ਦੇ ਦਰਸ਼ਨ ਵੀ ਕੋਈ ਸੱਜਣ ਪਿਆਰਾ ਹੀ ਕਰਵਾ ਸਕਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਸਾਡੇ ਖ਼ੁਦ ਵਿਚ ਸੱਜਣਤਾਈ ਹੈ।

ਇਸ ਤਰ੍ਹਾਂ ਜੇ ਬੰਦਾ ਸੱਜਣ ਪੱਖੋਂ ਹੌਲਾ ਹੈ ਤਾਂ ਸਮਝੋ ਉਹ ਕੁੱਲ ਦੁਨੀਆ ਵਿਚ ਇਕੱਲਾ ਹੈ। ਅਜਿਹਾ ਬੰਦਾ ਕੰਧਾਂ ਵਿਚ ਟੱਕਰਾਂ ਮਾਰਨ ਤੋਂ ਸਿਵਾਏ ਕੁਝ ਕਰ ਨਹੀਂ ਸਕਦਾ।

## ਕੁੜੱਤਣ

ਸੱਜਣ ਤਾਂ ਉਸ ਚਾਨਣ ਵਰਗਾ ਹੈ ਜਿਸ ਦਾ ਕੋਈ ਪਰਛਾਵਾਂ ਨਹੀਂ ਹੁੰਦਾ ਸਗੋਂ ਚਾਨਣ ਤਾਂ ਸਿਰਫ਼ ਚਾਨਣ ਹੀ ਬਿਖੇਰਦਾ ਹੈ। ਠੀਕ ਉਸੀ ਤਰ੍ਹਾਂ ਸੱਜਣ ਵੀ ਆਪਣੀ ਸੱਜਣਤਾਈ ਨਾਲ ਜੀਵਨ ਨੂੰ ਰੋਸ਼ਨਮਈ ਬਣਾ ਦਿੰਦਾ ਹੈ। ਸੱਜਣਾਂ ਵਿਚਕਾਰ ਅਜਿਹਾ ਅਟੁੱਟ ਰਿਸ਼ਤਾ ਹੁੰਦਾ ਹੈ ਜਿਸ ਤਰ੍ਹਾਂ ਇਕ ਫੁੱਲ ਦਾ ਡਾਲੀ ਨਾਲ ਹੁੰਦਾ ਹੈ। ਡਾਲੀ ਨਾਲੋਂ ਅਲੱਗ-ਥਲੱਗ ਹੁੰਦੇ ਹੀ ਬੇਜਾਨ ਹੋਇਆ ਫੁੱਲ ਆਪਣੀ ਮਹਿਕ ਖੋ ਬੈਠਦਾ ਹੈ। ਜੇਕਰ ਸੱਜਣਤਾਈ ਵਿਚ ਕੁੜੱਤਣ ਪੈਦਾ ਹੋ ਜਾਵੇ ਤਾਂ ਡਾਲੀ ਨਾਲੋਂ ਟੁੱਟੇ ਫੁੱਲ ਦੇ ਨਿਆਈਂ ਪਿਆਰ ਦੀ ਮਹਿਕ ਲੋਪ ਹੋ ਜਾਂਦੀ ਹੈ। ਸੋ ਸੱਜਣ ਸਾਡੇ ਜੀਵਨ ਰੂਪੀ ਬਗ਼ੀਚੇ ਦੇ ਉਹ ਫੁੱਲ ਹਨ ਜਿਨ੍ਹਾਂ ਸਾਰੀ ਉਮਰ ਖ਼ੁਸ਼ਬੂ ਬਿਖੇਰਦੇ ਰਹਿਣਾ ਹੈ, ਬਸ ਹੈ ਤਾਂ ਉਸ ਬਗ਼ੀਚੇ ਨੂੰ ਪਿਆਰ ਤੇ ਅਪਣੱਤ ਰੂਪੀ ਪਾਣੀ ਦੇਣ ਦੀ ਇਹ ਜ਼ਰੂਰਤ ਨੂੰ ਪੂਰਾ ਕਰਨਾ ਸਾਡਾ ਫ਼ਰਜ਼ ਹੈ।



# ਲੋਪ ਹੋ ਰਹੇ ਘਰਾਟ ਤੇ ਖਰਾਸ

ਗੁਰਮੀਤ ਸਿੰਘ ਵੇਰਕਾ

ਮੈਂ ਉਸ ਸਮੇਂ ਦੀ ਗੱਲ ਕਰ ਰਿਹਾ ਹਾਂ। ਜਦੋਂ ਪੰਜਾਬ ਵਿਚ ਨਹਿਰੀ ਵਿਸ਼ਰਾਮ ਘਰਾਂ ਦੇ ਨਾਲ ਨਹਿਰੀ ਘਰਾਟ ਹੁੰਦੇ ਸਨ। ਜੋ ਦੂਰ ਦੁਰਾਡੇ ਪਿੰਡਾਂ ਤੋਂ ਲੋਕਾਂ ਦੀ ਸਹੂਲਤ ਵਾਸਤੇ ਅੰਗਰੇਜ਼ਾ ਦੇ ਸਮੇਂ ਲਗਾਏ ਗਏ ਸਨ। ਜੋ ਇੰਨਾ ਘਰਾਟਾਂ ਵਿਚ ਤਕਰੀਬਨ ਛੇ ਚੱਕੀਆ ਚੱਲਦੀਆਂ ਸਨ। ਜੋ ਕਣਕ ਪੀਸ ਕੇ ਆਟਾ ਤਿਆਰ ਕਰਦੀਆਂ ਸਨ।

ਪਿੰਡਾਂ ਵਿਚ ਸੁਆਣੀਆਂ ਹੱਥ ਨਾਲ ਚੱਕੀ ਚਲਾਉਂਦੀਆਂ ਅਤੇ ਆਟਾ ਪੀਸਦੀਆਂ ਹੁੰਦੀਆਂ ਸਨ। ਪਿੰਡ ਵਿਚ ਖਰਾਸ ਚਲਾ ਕੇ ਆਟਾ ਪੀਸਿਆ ਜਾਂਦਾ ਸੀ। ਫ਼ਰਕ ਸਿਰਫ਼ ਇੰਨਾ ਸੀ ਕੇ ਚੱਕੀ ਇਨਸਾਨ ਰਾਹੀਂ ਚਲਾਈ ਜਾਂਦੀ ਸੀ। ਖਰਾਸ ਡੰਗਰਾਂ ਦੀ ਜੋੜੀ ਰਾਹੀਂ ਗੇੜ ਕੇ ਚਲਾਇਆ ਜਾਂਦਾ ਸੀ।

ਨਹਿਰੀ ਘਰਾਟ ਤਕਰੀਬਨ ਸੌ ਸਾਲ ਪਹਿਲਾ ਅੰਗਰੇਜ਼ਾ ਨੇ ਲੋਕਾਂ ਦੀਆਂ ਸਹੂਲਤਾਂ ਵਾਸਤੇ ਚਾਲੂ ਕੀਤੇ ਸਨ। ਨਹਿਰੀ ਘਰਾਟ ਦੇ ਆਟੇ ਦੇ ਕਈ ਲਾਭ ਸਨ। ਇਸ ਨਾਲ ਪੀਸੇ ਆਟੇ ਦੀ ਤਸੀਰ ਠੰਡੀ ਅਤੇ ਇਹ ਖਾਣ ਨੂੰ ਮਿੱਠਾ ਹੁੰਦਾ ਸੀ। ਪਿਸਾਈ ਆਟੇ ਵਿੱਚੋਂ ਨਹੀਂ ਕੱਟੀ ਜਾਂਦੀ। ਇਸ ਨਾਲ ਪੀਸੇ ਆਟੇ 'ਚੋਂ ਬੂਰਾ ਨਹੀ ਸੀ ਕੱਢਿਆ ਜਾਂਦਾ ਜੋ ਸਿਹਤ ਪੱਖੋਂ ਗੁਣਕਾਰੀ ਹੁੰਦਾ ਹੈ।

ਅਜੋਕੇ ਵਕਤ ਵਿਚ ਨਹਿਰੀ ਘਰਾਟ ਤਕਰੀਬਨ ਲੋਪ ਹੋ ਚੁੱਕੇ ਹਨ। ਅੰਮ੍ਰਿਤਸਰ ਵਿਖੇ ਰਾਣੇਵਾਲੀ ਛੇ ਚੱਕੀਆਂ ਵਿੱਚੋਂ ਸਿਰਫ਼ ਇਕ ਚੱਕੀ ਚਲਦੀ ਹੈ। ਜਲੰਧਰ, ਚੰਡੀਗੜ੍ਹ ਤੋਂ ਲੋਕ ਆਟਾ ਪਿਸਵਾਉਣ ਇੱਥੇ ਆਉਂਦੇ ਹਨ। ਲੋਕ ਭਲੀ ਭਾਂਤੀ ਇੰਨਾਂ ਦੇ ਲਾਭ ਜਾਣਦੇ ਹਨ। ਇਹ ਘਰਾਟ ਉਨੀ ਸੌ ਗਿਆਰਾਂ ਤੋਂ ਚਲ ਰਿਹਾ ਹੈ। ਘਰਾਟ ਦੀ ਬਿਲਡਿੰਗ ਖਸਤਾ ਹਾਲਤ ਵਿਚ ਹੈ। ਸਮਝੋ ਇਹ ਵੀ ਬੰਦ ਹੋਣ ਕਿਨਾਰੇ ਹੈ। ਲੋੜ ਹੈ ਸਰਕਾਰਾ ਤੇ ਸਬੰਧਤ ਮਹਿਕਮਿਆਂ ਨੂੰ ਜੋ ਨਹਿਰੀ ਘਰਾਟ ਲੋਪ ਹੋ ਗਏ ਹਨ ਉਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀ ਤਾਂ ਜੋ ਇਸ ਵਿਰਾਸਤ ਦੇ ਨਾਲ-ਨਾਲ ਕੁਦਰਤੀ ਸਰੋਤਾ ਦੀ ਸੰਭਾਲ ਵੀ ਕੀਤੀ ਜਾ ਸਕੇ। ਲੋਕਾਂ ਨੂੰ ਅਨੇਕਾਂ ਲਾਭਾਂ ਵਾਲਾ ਆਟਾ ਮੁਹੱਈਆ ਹੋ ਸਕੇ। ਨਵੀਂ ਪੀੜ੍ਹੀ ਨੂੰ ਇੰਨਾ ਤੋਂ ਜਾਣੂ ਕਰਵਾਇਆ ਜਾਵੇ।

# ਗਿਆਨ ਦਾ ਝਰੋਖਾ

ਮੁਖ਼ਤਾਰ ਗਿੱਲ



ਮਹਾਨ ਅਧਿਆਪਕ, ਸਿੱਖਿਆ ਸ਼ਾਸਤਰੀ ਡਾ. ਸਰਵ ਪੱਲੀ ਰਾਧਾ ਕ੍ਰਿਸ਼ਨਨ ਦਾ ਕਥਨ ਹੈ, 'ਪੁਸਤਕਾਂ ਸਾਨੂੰ ਇਕਾਂਤ ਵਿਚ ਵਿਚਾਰ ਕਰਨ ਦੇ ਸਮਰੱਥ ਬਣਾਉਂਦੀਆਂ ਹਨ ਅਤੇ ਅਧਿਆਪਕ ਸਾਨੂੰ ਕਿਤਾਬਾਂ ਪੜ੍ਹਨ ਦੀ ਜਾਚ ਦਸਦੇ ਹਨ।' ਅਮਰੀਕਾ ਦੇ ਰਾਸ਼ਟਰਪਤੀ ਇਬਰਾਹਿਮ ਲਿੰਕਨ ਨੇ ਅਧਿਆਪਕ ਦੇ ਨਾਂ ਚਿੱਠੀ ਵਿਚ ਲਿਖਿਆ ਸੀ, 'ਹੋ ਸਕੇ ਤਾਂ ਮੇਰੇ ਬੱਚੇ ਨੂੰ ਪੁਸਤਕਾਂ ਦੀ ਵਚਿੱਤਰਤਾ ਬਾਰੇ ਦੱਸੀਂ'। ਪਾਕਿਸਤਾਨ ਦੇ ਅਸ਼ਾਂਤ ਖੇਤਰ ਵਿਚ ਲੜਕੀਆਂ ਦੀ ਪੜ੍ਹਾਈ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਬਦਲੇ ਦਹਿਸ਼ਤਗਰਦ ਤਾਲਿਬਾਨਾਂ ਦੀ ਗੋਲੀ ਦਾ ਸ਼ਿਕਾਰ ਹੋਈ ਮਲਾਲਾ ਯੂਸਫਜ਼ਾਈ ਨੇ ਲਿਖਿਆ, 'ਇਕ ਵਿਦਿਆਰਥੀ, ਇਕ ਅਧਿਆਪਕ, ਇਕ ਪੈੱਨ ਤੇ ਇਕ ਪੁਸਤਕ ਦੁਨੀਆ ਨੂੰ ਬਦਲ ਸਕਦੇ ਹਨ।' ਇਸੇ ਤਰ੍ਹਾਂ ਪੁਸਤਕਾਂ ਸੱਭਿਆਚਾਰ ਦਾ ਵਿਕਾਸ ਕਰਦੀਆਂ ਹਨ। ਇਨ੍ਹਾਂ ਬਿਨਾਂ ਕਿਸੇ ਸੱਭਿਆਚਾਰ ਨੂੰ ਵਿਕਸਤ ਕਰਨਾ ਸੰਭਵ ਨਹੀਂ। ਪੁਸਤਕਾਂ ਉਹ ਮਧਿਅਮ ਹਨ ਜਿਨ੍ਹਾਂ ਰਾਹੀਂ ਅਸੀਂ ਵੱਖ-ਵੱਖ ਸੱਭਿਆਚਾਰਾਂ ਦਰਮਿਆਨ ਪੁਲ ਦਾ ਨਿਰਮਾਣ ਕਰ ਸਕਦੇ ਹਾਂ।' ਮਿਆਰੀ ਬਾਲ ਸਾਹਿਤ ਨਾਲ ਬੱਚੇ ਦੀ ਬਚਪਨ ਤੋਂ ਹੀ ਖੇਡ ਰਾਹੀ ਸਾਂਝ ਪਚਾਉਣੀ ਚਾਹੀਦੀ ਹੈ। ਪੁਸਤਕਾਂ ਜੀਵਨ ਦਰਪਨ ਹਨ। ਇਨ੍ਹਾਂ ਨੂੰ ਪੜ੍ਹੇ ਬਿਨਾਂ ਕੋਈ ਜੀਵਨ 'ਚ ਅੱਗੇ ਵੱਧ ਬੁਲੰਦੀਆਂ ਨਹੀਂ ਛੂਹ ਸਕਦਾ। ਕਿਤਾਬਾਂ ਮਨ ਦੇ ਬੰਦ ਦਰਵਾਜ਼ੇ ਖੋਲ੍ਹਦੀਆਂ ਹਨ। ਜੀਵਨ 'ਚ ਸੁਖਦ ਰੰਗ ਭਰਦੀਆਂ ਹਨ। ਪੁਸਤਕਾਂ ਤਾਂ ਉਸ ਚਸ਼ਮੇ ਵਾਂਗ ਹੁੰਦੀਆਂ ਹਨ ਜਿਸ ਤੋਂ ਲੋਕ ਇਲਮ ਦੀ ਪਿਆਸ ਬੁਝਾਉਂਦੇ ਹਨ। ਕਿਤਾਬਾਂ ਦੀ ਭਿੰਨੀ-ਭਿੰਨੀ ਖ਼ੁਸ਼ਬੂ ਨੂੰ ਮਹਿਸੂਸ ਕਰ ਕੇ ਵੇਖੋ, ਨਵੇਂ ਵਿਚਾਰਾਂ ਦੀ ਮਹਿਕ ਨਾਲ ਖਿੜ ਉੱਠਦਾ ਹੈ ਮਨ। ਪੁਸਤਕ ਹਰ ਸਮੇਂ ਤੁਹਾਡੇ ਨਾਲ ਰਹਿ ਸਕਦੀ ਹੈ। ਜਦੋਂ ਕਿ ਇੰਟਰਨੈੱਟ 'ਤੇ ਤੁਸੀਂ ਇਕ ਖ਼ਾਸ ਸਥਾਨ ਉੱਪਰ ਹੀ ਪੁਸਤਕਾਂ ਵੇਖ/ਪੜ੍ਹ ਸਕਦੇ ਹੋ।

ਪੁਸਤਕ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਬੜੇ ਸੰਜੀਦਾ ਯਤਨ ਦੀ ਜ਼ਰੂਰਤ ਹੈ। ਅਧਿਆਪਕ ਖ਼ਾਸ ਕਰ ਕੇ ਸਾਹਿਤਕ ਰੁਚੀਆਂ ਵਾਲੇ ਅਧਿਆਪਕ ਪੁਸਤਕਾਂ ਦਾ ਮਹੱਤਵ ਮਹਿਸੂਸ ਕਰ ਆਪ ਵੀ ਪੜ੍ਹਨ ਤੇ ਵਿਦਿਆਰਥੀਆਂ ਨੂੰ ਵੀ ਕਿਤਾਬਾਂ ਨਾਲ ਜੁੜਨ ਵਾਸਤੇ ਪ੍ਰੇਰਤ ਕਰਨ। ਲੇਖਕਾਂ, ਪੰਜਾਬੀ ਸਾਹਿਤ ਸਭਾਵਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਪਾਠਕਾਂ ਤਕ ਪੜ੍ਹਨ ਯੋਗ ਪੁਸਤਕਾਂ ਪਹੁੰਚਾਣ ਦਾ ਪ੍ਰਬੰਧ ਕਰਨ। ਉਨ੍ਹਾਂ ਨੂੰ ਚੰਗੀਆਂ ਤੇ ਮਿਆਰੀ ਪੁਸਤਕਾਂ ਪੜ੍ਹਨ ਲਈ ਉਤਸ਼ਾਹਤ ਕਰਨ। ਪੰਜਾਬ ਅਜਿਹਾ ਖ਼ੁਸ਼ਹਾਲ ਸੂਬਾ ਹੈ ਜਿਸ ਨੇ ਅਜੇ ਤਕ ਲਾਇਬ੍ਰੇਰੀ ਐਕਟ ਦੀ ਸਥਾਪਨਾ ਨਹੀਂ ਕੀਤੀ। ਸਮੇਂ ਦੀ ਲੋੜ ਹੈ ਕਿ ਪੰਜਾਬ ਸਰਕਾਰ ਜਲਦੀ ਤੋਂ ਜਲਦੀ ਪਿੰਡ-ਪਿੰਡ ਵਿਚ ਲਾਇਬ੍ਰੇਰੀਆਂ ਖੋਲ੍ਹ ਕੇ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਵੇ।

98140-82217



# ਰਿਸ਼ਤਿਆਂ ਦੀ ਬੁਨਿਆਦ ਪਰਿਵਾਰ

ਜਤਿੰਦਰ ਸਿੰਘ ਧਾਲੀਵਾਲ



ਸੱਭਿਆਚਾਰ ਦੀ ਮਹੱਤਵਪੂਰਨ ਸੰਸਥਾ ਹੈ ਪਰਿਵਾਰ । ਇਹ ਸਮਾਜ ਅਤੇ ਸੱਭਿਆਚਾਰ ਵਿਚਲੀ ਰਿਸ਼ਤਾ ਪ੍ਰਣਾਲੀ ਦੀ ਬੁਨਿਆਦੀ ਹੈ। ਤਰੱਕੀ ਦੇ ਨਸ਼ੇ ਵਿਚ ਚੂਰ ਹੋ ਕੇ ਮਨੁੱਖ ਆਪਣਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਵੈਦਿਕ ਕਾਲ ਤੋਂ ਹੀ ਪੰਜਾਬੀ ਸਮਾਜ ਵਿਚ ਇਹ ਪ੍ਰਥਾ ਚੱਲੀ ਆ ਰਹੀ ਸੀ ਕਿ ਸਾਰਾ ਟੱਬਰ ਇੱਕੋ ਛੱਤ ਥੱਲੇ ਵਿਚਰਦਿਆਂ ਜ਼ਿੰਦਗੀ ਦੇ ਖ਼ੁਸ਼ੀ-ਗ਼ਮੀ ਦੇ ਪਲ ਸਾਂਝੇ ਕਰਦਾ ਹੁੰਦਾ ਸੀ। ਇਸ ਵਿਚ ਪਰਿਵਾਰ ਦਾ ਸਭ ਤੋਂ ਸਿਆਣਾ ਵਿਅਕਤੀ ਪਰਿਵਾਰ ਦਾ ਮੁਖੀ ਹੁੰਦਾ ਹੈ। ਜਿਸ ਨੂੰ 'ਲਾਣੇਦਾਰ' ਕਿਹਾ ਜਾਂਦਾ ਸੀ ਪਰ ਅੱਜ ਤਰੱਕੀ ਦੀ ਚਕਾਚੌਂਧ ਨੇ ਅਜਿਹੀ ਲਿਸ਼ਕੋਰ ਮਾਰੀ ਕਿ ਆਪਣੇ ਬੇਗ਼ਾਨੇ ਜਾਪਣ ਲੱਗੇ। ਆਪਣਿਆਂ ਦੀ ਭਾਵਨਾਵਾਂ ਦਿਨੋ-ਦਿਨ ਦਮ ਤੋੜਨ ਲੱਗੀ। ਜਿਸ ਤਰ੍ਹਾਂ ਉਪਜੀਵਕਾ ਦੇ ਸਾਧਨ ਵੱਧ ਰਹੇ ਹਨ। ਉਸ ਤਰ੍ਹਾਂ ਇਕਹਿਰੇ ਪਰਿਵਾਰ ਦੀ ਹੋਂਦ ਵਿਚ ਆ ਰਹੇ ਹਨ। ਇਕਹਿਰੇ ਪਰਿਵਾਰ ਵਿਚ ਮਾਂ ਬਾਪ ਤੇ ਬੱਚੇ ਸ਼ਾਮਿਲ ਹੁੰਦੇ ਹਨ। ਪੰਜਾਬੀ ਸਮਾਜ ਵਿਚ ਇਕਹਿਰੇ ਪਰਿਵਾਰ ਦੀ ਪ੍ਰਵਿਰਤੀ ਭਾਰੂ ਹੋ ਗਈ ਹੈ। ਜੇ ਅਸੀਂ ਪਹਿਲਾਂ ਵਾਲੇ ਸਮੇਂ ਵੱਲ ਨਿਗ੍ਹਾ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਬਜ਼ੁਰਗਾਂ ਦਾ ਸਤਿਕਾਰ ਹੁੰਦਾ ਸੀ। ਬਜ਼ੁਰਗ ਸਾਰਿਆਂ ਨੂੰ ਆਸ਼ੀਰਵਾਦ ਦਿੰਦੇ ਪਰ ਅੱਜ ਅਸੀਂ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਦਾ ਰਸਤਾ ਦਿਖਾ ਰਹੇ ਹਾਂ। ਜੇ ਅਸੀਂ ਸੋਚੀਏ ਤਾਂ ਸਾਡੀ ਤਰੱਕੀ ਸਾਨੂੰ ਵਿਨਾਸ਼ ਵੱਲ ਲਿਜਾ ਰਹੀ ਹੈ। ਪੈਸੇ ਦੀ ਦੌੜ ਵਿਚ ਮਨੁੱਖ ਕਿਸੇ ਨੂੰ ਬੁਲਾ ਕੇ ਖ਼ੁਸ਼ ਨਹੀਂ। ਉਹ ਇਕੱਲੇ ਰਹਿਣਾ ਪਸੰਦ ਕਰਦਾ ਹੈ। ਕਿੱਥੇ ਗਏ ਉਹ ਕਾਂ ਜੋ ਸਾਡੇ ਘਰਾਂ ਦੇ ਬਨੇਰਿਆਂ 'ਤੇ ਆ ਕੇ ਰਿਸ਼ਤੇਦਾਰਾਂ ਦੇ ਆਉਣ ਦਾ ਸੁਨੇਹਾ ਦਿੰਦੇ ਸਨ। ਕਿਸੇ ਕਵੀ ਨੇ ਠੀਕ ਹੀ ਲਿਖਿਆ ਹੈ ਕਿ ਵਕਤ ਬਦਲਿਆ ਸਾਨੂੰ ਇਹ ਸੁਨੇਹਾ ਦਿੰਦਾ ਹੈ :

ਮੁੜ ਚੱਲੀਏ
ਉਨ੍ਹਾਂ ਰਾਹਾਂ 'ਤੇ
ਜਿੱਥੇ ਦੁੱਖਾਂ ਦੀ
ਪੀੜ ਦਾ ਹੱਲ ਹੋਵੇ।
ਜੁੜ ਵੱਢ ਦੇਈਏ
ਉਨ੍ਹਾਂ ਨਫ਼ਰਤਾਂ ਦਾ
ਕੋਈ ਪਿਆਰ ਤੇ
ਭਲੇ ਦੀ ਗੱਲ ਹੋਵੇ।

94653-19749



# ਤੋਹਫ਼ਿਆਂ ਨਾਲ ਜੁੜੀਆਂ ਪਿਆਰ ਦੀਆਂ ਤੰਦਾਂ

ਕਮਲ ਬਰਾੜ



**ਕਈ ਵਾਰ ਮੁੰਡੇ ਵਾਲੇ ਵਿਆਹ ਵਾਲੇ ਦਿਨ ਆਪਣੀ ਮੰਗ ਕੁੜੀ ਵਾਲਿਆਂ ਅੱਗੇ ਰੱਖਦੇ ਹਨ ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਜਾਇਦਾਦਾਂ ਤਕ ਵੇਚਣੀਆਂ ਪੈਂਦੀਆਂ ਹਨ।**

ਪੀਰਾਂ-ਫ਼ਕੀਰਾਂ ਤੇ ਪੰਜਾਂ ਪਾਣੀਆਂ ਦੀ ਧਰਤੀ ਪੰਜਾਬ, ਜਿਸ ਦੀਆਂ ਕਦੇ ਸਿਫ਼ਤਾਂ ਹੁੰਦੀਆਂ ਸਨ। ਅੱਜ ਉਸ ਸੋਹਣੇ ਪੰਜਾਬ ਵਿਚ ਅਜਿਹੀਆਂ ਬੁਰਾਈਆਂ ਪ੍ਰਚਲਿਤ ਹੋ ਗਈਆਂ, ਜਿਨ੍ਹਾਂ ਨੂੰ ਸੁਣ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਨ੍ਹਾਂ ਬੁਰਾਈਆਂ ਵਿੱਚੋਂ ਇਕ ਹੈ ਦਾਜ ਪ੍ਰਥਾ ਦੀ। ਵਿਆਹ ਸਮੇਂ ਕੁੜੀ ਦੇ ਮਾਂ-ਬਾਪ ਉਸ ਨੂੰ ਤੋਹਫ਼ੇ ਦਿੰਦੇ ਹਨ। ਭਾਵੇਂ ਪ੍ਰਾਚੀਨ ਸਮੇਂ ਵਿਚ ਇਹ ਪ੍ਰਥਾ ਚੰਗੇ ਉਦੇਸ਼ ਨਾਲ ਸ਼ੁਰੂ ਹੋਈ ਸੀ ਪਰ ਸਮੇਂ ਦੇ ਨਾਲ ਇਸ ਨੇ ਬਹੁਤ ਹੀ ਭਿਆਨਕ ਰੂਪ ਧਾਰ ਲਿਆ ਹੈ। ਅੱਜ-ਕੱਲ੍ਹ ਵਿਆਹ ਸਮੇਂ ਦਾਜ ਦੇ ਰੂਪ 'ਚ ਨਕਦ ਰਾਸ਼ੀ ਦੀ ਮੰਗ ਕੀਤੀ ਜਾਂਦੀ ਹੈ। ਇਸ ਤਰ੍ਹਾਂ ਅਮੀਰਾਂ ਲਈ ਇਹ ਤੋਹਫੇ ਹਨ ਪਰ ਗ਼ਰੀਬਾਂ ਲਈ ਨਿਰੀ ਮੁਸੀਬਤ। ਅੱਜ ਕੱਲ੍ਹ ਮੁੰਡੇ ਦਾ ਵਿਆਹ ਕੁੜੀ ਨਾਲ ਨਹੀਂ ਸਗੋਂ ਚੈੱਕ ਬੁੱਕ ਨਾਲ ਹੁੰਦਾ ਹੈ। ਰਿਸ਼ਤਾ ਅਜੇ ਸਿਰੇ ਵੀ ਨਹੀਂ ਚੜ੍ਹਿਆ ਹੁੰਦਾ ਦੋਵੇਂ ਧਿਰਾਂ ਪਹਿਲਾਂ ਲੈਣ-ਦੇਣ ਦੀ ਗੱਲ ਮੁਕਾਉਂਦੀਆਂ ਹਨ। ਮੁੰਡੇ ਵਾਲੇ ਆਪਣੀ ਜਾਇਦਾਦ ਦਾ ਸਾਰਾ ਹਿਸਾਬ ਲਗਾ ਕੇ ਕੁੜੀ ਵਾਲਿਆਂ ਨੂੰ ਦੱਸ ਦਿੰਦੇ ਹਨ। ਕਈ ਵਾਰ ਮੁੰਡੇ ਵਾਲੇ ਬਿਲਕੁਲ ਵਿਆਹ ਸਮੇਂ ਹੀ ਆਪਣੀ ਮੰਗ ਕੁੜੀ ਵਾਲਿਆਂ ਅੱਗੇ ਰੱਖਦੇ ਹਨ। ਜਿਸ ਨੂੰ ਪੂਰਾ ਕਰਨ ਲਈ ਕੁੜੀ ਵਾਲਿਆਂ ਨੂੰ ਆਪਣੀਆਂ ਜ਼ਮੀਨ-ਜਾਇਦਾਦਾਂ ਤਕ ਵੇਚਣੀਆਂ ਪੈਂਦੀਆਂ ਹਨ। ਜ਼ਰੂਰੀ ਨਹੀਂ ਕਿ ਅਨਪੜ੍ਹ ਲੋਕ ਹੀ ਇਸ ਅਲਾਮਤ ਦੇ ਭਾਈਵਾਲ ਹਨ ਬਲਕਿ ਪੜ੍ਹਿਆ ਲਿਖਿਆਂ ਦੀ ਗਿਣਤੀ ਵੀ ਇਸ ਵਿਚ ਸ਼ਾਮਿਲ ਹੈ। ਹਰ ਰੋਜ਼ ਕਿੰਨੀਆਂ ਹੀ ਕੁੜੀਆਂ ਦੀਆਂ ਖ਼ਬਰਾਂ ਪੜ੍ਹਦੇ-ਸੁਣਦੇ ਹਾਂ ਜਿਸ ਵਿਚ ਦਾਜ ਦੇ ਲਾਲਚੀਆਂ ਦੁਆਰਾ ਕੁੜੀਆਂ ਨੂੰ ਜਿਉਂਦਿਆਂ ਹੀ ਜਲਾ ਦਿੱਤਾ ਜਾਂਦਾ ਹੈ। ਇਹ ਬੁਰਾਈ ਸਾਡੇ ਸਮਾਜ ਵਿਚ ਇਸ ਕਦਰ ਫੈਲ ਚੁੱਕੀ ਹੈ ਕਿ ਲੋਕ ਧੀ ਨੂੰ ਜਨਮ ਦੇਣੋਂ ਹੀ ਡਰਦੇ ਹਨ। ਕਿਉਂਕਿ ਉਨ੍ਹਾਂ ਨੂੰ ਧੀ ਦੇ ਵਿਆਹ 'ਤੇ ਇੰਨਾ ਖ਼ਰਚ ਜੋ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜੇਕਰ ਦਹੇਜ ਦਾ ਖ਼ਾਤਮਾ ਹੋ ਜਾਂਦਾ ਹੈ ਤਾਂ ਸਾਡੀਆਂ ਅਣ-ਜੰਮੀਆਂ ਧੀਆਂ ਨੂੰ ਕੋਈ ਖ਼ਤਰਾ ਨਹੀਂ ਹੋਵੇਗਾ। ਕਹਿਣ ਨੂੰ ਤਾਂ ਅਸੀਂ ਸਾਰੇ ਹੀ ਦਹੇਜ ਦੇ ਖ਼ਿਲਾਫ਼ ਹਾਂ ਪ੍ਰੰਤੂ ਅਸੀਂ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਇਸ ਪ੍ਰਥਾ ਨਾਲ ਜੁੜੇ ਹੋਏ ਹਾਂ ਇਕ ਔਰਤ ਦੇ ਜਨਮ ਤੋਂ ਮੌਤ ਤਕ ਦੀਆਂ ਸਾਰੀਆਂ ਰਸਮਾਂ ਦਹੇਜ ਰਾਹੀਂ ਹੀ ਪੂਰੀਆਂ ਹੁੰਦੀਆਂ ਹਨ। ਹਰ ਮਾਤਾ-ਪਿਤਾ ਇਹੀ ਚਾਹੁੰਦਾ ਹੈ ਕਿ ਉਸ ਦੀ ਧੀ ਸਹੁਰਿਆਂ ਦੇ ਘਰ ਸੁਖੀ ਵਸੇ ਇਸ ਲਈ ਉਹ ਮੁੰਡੇ ਵਾਲਿਆਂ ਦੀਆਂ ਮੰਗਾਂ ਪੂਰੀਆਂ ਕਰਦੇ ਹਨ ਪਰ ਫਿਰ ਵੀ ਉਨ੍ਹਾਂ ਦੀਆਂ ਧੀਆਂ ਨੂੰ ਜਿਊਂਦੇ ਹੀ ਜਲਾ ਦਿੱਤਾ ਜਾਂਦਾ ਹੈ। ਆਖਿਰ ਕਦੋਂ ਤਕ ਸਾਡੇ ਸਮਾਜ ਵਿਚ ਇਨ੍ਹਾਂ ਨਵ-ਵਿਆਹੀਆਂ ਨੂੰ ਜਿਊਂਦੇ ਹੀ ਜਲਾ ਦਿੱਤਾ ਜਾਂਦਾ ਰਹੇਗਾ। ਇਸ ਨੂੰ ਰੋਕਣ ਲਈ ਕੁੜੀਆਂ ਨੂੰ ਇੰਨੀ ਕੁ ਸਿੱਖਿਆ ਪ੍ਰਾਪਤ ਕਰ ਲੈਣੀ ਚਾਹੀਦੀ ਹੈ ਕਿ ਉਹ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣ ਤੇ ਅਜਿਹੇ ਲਾਲਚੀ ਲੋਕਾਂ ਦਾ ਮੂੰਹ ਬੰਦ ਕਰ ਸਕਣ। ਇਸ ਤੋਂ ਇਲਾਵਾ ਸਕੂਲਾਂ, ਕਾਲਜਾਂ, ਵਿਚ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਕਿਉਂਕਿ ਉਹ ਹੀ ਸਾਡਾ ਭਵਿੱਖ ਹਨ। ਇਸ ਤੋਂ ਇਲਾਵਾ ਸਰਕਾਰਾਂ ਜਿਹੜੇ ਕਾਨੂੰਨ ਬਣਾਉਂਦੀਆਂ ਹਨ, ਉਨ੍ਹਾਂ ਨੂੰ ਸਿਰਫ਼ ਫਾਇਲਾਂ ਤਕ ਹੀ ਸੀਮਤ ਨਾ ਰੱਖਣ, ਇਨ੍ਹਾਂ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ ਜਾਵੇ।

73077-36899

# ਸਰਦਾਰ ਜੱਸਾ ਸਿੰਘ ਆਹਲੂਵਾਲੀਆ





ਕਰਮ ਸਿੰਘ ਆਹਲੂਵਾਲੀਆ
98140-76058

ਸਿੱਖ ਪੰਥ ਦੇ ਪਹਿਲੇ ਬਾਦਸ਼ਾਹ, ਪੰਜਾਬ ਦੇ ਸੱਚੇ ਸਪੂਤ, ਸੰਤ ਸਿਪਾਹੀ, ਅਠਾਰ੍ਹਵੀ ਸਦੀ ਦੇ ਮਹਾਨ ਸਿੱਖ ਜਰਨੈਲ ਤੇ ਕਪੂਰਥਲਾ ਰਿਆਸਤ ਦੇ ਬਾਨੀ, ਗੁਰੂ ਕੇ ਲਾਲ, ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੀ ਦੀ ਆਸੀਸ ਸਦਕਾ 3 ਮਈ 1718 ਨੂੰ ਲਾਹੌਰ ਜ਼ਿਲ੍ਹੇ ਦੇ ਪਿੰਡ ਆਹਲੂ ਵਿਖੇ ਸਰਦਾਰ ਬਦਰ ਸਿੰਘ ਤੇ ਮਾਤਾ ਜੀਵਨ ਕੌਰ ਦੇ ਘਰ ਹੋਇਆ। ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ ਪਿਤਾ ਸਰਦਾਰ ਬਦਰ ਸਿੰਘ ਉਨ੍ਹਾਂ ਦੀ ਛੋਟੀ ਉਮਰ 'ਚ ਹੀ ਚਲਾਣਾ ਕਰ ਗਏ। ਉਨ੍ਹਾਂ ਨੂੰ ਉਨ੍ਹਾਂ ਦੇ ਮਾਮੇ ਸਰਦਾਰ ਬਾਘ ਸਿੰਘ ਨੇ ਪਾਲਿਆ। ਬਾਘ ਸਿੰਘ ਉਸ ਸਮੇਂ ਦੇ ਪ੍ਰਸਿੱਧ ਸਰਦਾਰ ਤੇ ਧਾਰਮਿਕ ਵਿਚਾਰਾਂ ਵਾਲੇ ਸਨ। ਬਾਲਕ ਜੱਸਾ ਸਿੰਘ ਆਹਲੂਵਾਲੀਆ ਦਾ ਬਚਪਨ ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਪਾਸ ਦਿੱਲੀ ਵਿਖੇ ਗੁਜ਼ਰਿਆ ਤੇ ਮਾਤਾ ਸੁੰਦਰੀ ਜੀ ਉਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਸਮਝਦੇ ਸਨ। ਦਿੱਲੀ ਵਿਚ ਉਨ੍ਹਾਂ ਅਰਬੀ ਅਤੇ ਫ਼ਾਰਸੀ ਦੀ ਸਿੱਖਿਆ ਲਈ ਤੇ ਸ਼ਸਤਰ ਵਿੱਦਿਆ ਵੀ ਸਿੱਖੀ। ਗੁਰਬਾਣੀ ਅਤੇ ਕੀਰਤਨ ਦੀ ਸਿੱਖਿਆ ਉਨ੍ਹਾਂ ਨੇ ਅਪਣੀ ਮਾਤਾ ਪਾਸੋਂ ਲਈ। ਮਾਤਾ ਸੁੰਦਰੀ ਜੀ ਦੇ ਦਰਬਾਰ ਵਿਚ ਬਾਲਕ ਜੱਸਾ ਸਿੰਘ ਰੋਜ਼ਾਨਾ ਆਪਣੀ ਮਾਤਾ ਜੀ ਨਾਲ ਮਿਲ ਕੇ ਗੁਰਬਾਣੀ ਕੀਰਤਨ ਕਰ ਕੇ ਸੰਗਤ ਨੂੰ ਨਿਹਾਲ ਕਰਦੇ ਸਨ। ਦਿੱਲੀ ਵਿਚ ਸੱਤ ਸਾਲ ਰਹਿਣ ਤੋਂ ਬਾਅਦ ਨਵਾਬ ਜੱਸਾ ਸਿੰਘ ਆਹਲੂਵਾਲੀਆ ਤੇ ਉਨ੍ਹਾਂ ਦੇ ਮਾਤਾ ਜੀ ਸਰਦਾਰ ਬਾਘ ਸਿੰਘ ਨਾਲ ਪੰਜਾਬ ਮੁੜ ਆਏ। ਉਨ੍ਹਾਂ ਦੀ ਵਿਦਾਇਗੀ ਵੇਲੇ ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ, ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾਂ ਤੇ ਚਾਂਦੀ ਦੀ ਚੋਬ ਬਖ਼ਸ਼ਿਸ਼ ਕਰ ਕੇ ਆਸੀਸ ਦਿੱਤੀ ਕਿ 'ਤੇਰੇ ਤੇ ਤੇਰੀ ਸੰਤਾਨ ਦੇ ਅੱਗੇ ਆਸਿਆਂ ਵਾਲੇ (ਚੋਬਦਾਰ) ਚੱਲਿਆ ਕਰਨਗੇ।' ਸਰਦਾਰ ਜੱਸਾ ਸਿੰਘ ਦੇ ਵੰਸ਼ਜਾਂ ਨੇ ਕਪੂਰਥਲਾ ਰਿਆਸਤ ਉੱਪਰ ਕਈ ਸਦੀਆਂ ਰਾਜ ਕੀਤਾ।

## ਖ਼ਾਲਸੇ ਦੀ ਸੇਵਾ

ਦਿੱਲੀ ਤੋਂ ਜੱਸਾ ਸਿੰਘ ਮਾਤਾ ਜੀਵਨ ਕੌਰ ਅਤੇ ਮਾਮੇ ਸਰਦਾਰ ਬਾਘ ਸਿੰਘ ਨਾਲ ਜਲੰਧਰ ਆ ਗਏ ਤੇ ਫਿਰ ਉਹ ਨਵਾਬ ਕਪੂਰ ਸਿੰਘ ਦੇ ਦਰਸ਼ਨਾਂ ਲਈ ਕਰਤਾਰਪੁਰ ਪੁੱਜੇ। ਜੱਸਾ ਸਿੰਘ ਤੇ ਉਨ੍ਹਾਂ ਦੇ ਮਾਤਾ ਜੀ ਅੰਮ੍ਰਿਤ ਵੇਲੇ ਖ਼ਾਲਸੇ ਦੇ ਦੀਵਾਨ ਵਿਚ ਆਸਾ ਦੀ ਵਾਰ ਦਾ ਕੀਰਤਨ ਕਰਦੇ। ਜੱਸਾ ਸਿੰਘ ਦੇ ਰੰਗ-ਢੰਗ, ਸੀਲ ਸੁਭਾਉ, ਸਿੱਖੀ ਸਿਦਕ ਤੇ ਸੇਵਾ ਭਾਵ ਨੇ ਨਵਾਬ ਕਪੂਰ ਸਿੰਘ ਦੇ ਦਿਲ ਉੱਪਰ ਡੂੰਘਾ ਅਸਰ ਕੀਤਾ ਤੇ ਉਨ੍ਹਾਂ ਨੇ ਸਰਦਾਰ ਬਘੇਲ ਸਿੰਘ ਨੂੰ ਮਾਤਾ ਜੀਵਨ ਕੌਰ ਅਤੇ ਜੱਸਾ ਸਿੰਘ ਨੂੰ ਉਨ੍ਹਾਂ ਕੋਲ ਰਹਿਣ ਲਈ ਆਖਿਆ, ਜਿਸ 'ਤੇ ਉਨ੍ਹਾਂ ਨੇ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਦੀ ਝੋਲੀ ਵਿਚ ਪਾ ਦਿੱਤਾ। ਖ਼ਾਲਸੇ ਨੇ ਝੱਟ 'ਸਤਿ ਸ੍ਰੀ ਅਕਾਲ' ਦਾ ਜੈਕਾਰ ਲਗਾ ਦਿੱਤਾ ਤੇ ਉਸ ਦਿਨ ਤੋਂ ਜੱਸਾ ਸਿੰਘ ਨਵਾਬ ਕਪੂਰ ਸਿੰਘ ਦੇ ਧਰਮ-ਪੁੱਤਰ ਬਣ ਗਏ। ਨਵਾਬ ਕਪੂਰ ਸਿੰਘ ਨੇ ਪੰਜ ਪਿਆਰਿਆਂ ਵਿਚ ਆਪ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ। ਹੁਣ ਖ਼ਾਲਸਾਈ ਜੋਸ਼ ਉਨ੍ਹਾਂ ਦੇ ਮਨ 'ਚ ਸਮੁੰਦਰ ਵਾਂਗ ਉਛਾਲੇ ਮਾਰਨ ਲੱਗਾ ਤੇ ਉਹ ਹਰ ਸੇਵਾ 'ਚ ਅੱਗੇ ਹੋ ਕੇ ਹਿੱਸਾ ਲੈਣ ਲੱਗੇ ਜਿਵੇਂ, ਖ਼ਾਲਸੇ ਦੇ ਦੀਵਾਨਾਂ ਵਿਚ ਸੰਗਤ ਦੀ ਸੇਵਾ ਕਰਨਾ, ਪੱਖਾ ਝੱਲਣਾ, ਲੰਗਰ 'ਚ ਬਰਤਨ ਸਾਫ਼ ਕਰਨੇ ਅਤੇ ਸਵੇਰੇ-ਸ਼ਾਮ ਗੁਰਬਾਣੀ ਪਾਠ ਤੇ ਸ਼ਬਦ ਕੀਰਤਨ ਕਰਨਾ। ਨਵਾਬ ਕਪੂਰ ਸਿੰਘ ਦੀ ਇੱਛਾ ਅਨੁਸਾਰ ਸ਼ਸਤਰ ਵਿੱਦਿਆ ਦੇ ਵੱਡੇ-ਵੱਡੇ ਮਾਹਿਰਾਂ ਨੇ ਨਵਾਬ ਜੱਸਾ ਸਿੰਘ ਨੂੰ ਘੋੜ ਸਵਾਰੀ, ਤਲਵਾਰਬਾਜ਼ੀ, ਨੇਜੇਬਾਜ਼ੀ ਅਤੇ ਤੀਰਅੰਦਾਜ਼ੀ ਆਦਿ ਦੀ ਸਿੱਖਿਆ ਦਿੱਤੀ। ਇਸ ਦੇ ਨਾਲ-ਨਾਲ ਨਵਾਬ ਕਪੂਰ ਸਿੰਘ ਨੇ ਉਨ੍ਹਾਂ ਨੂੰ ਖ਼ਾਲਸੇ ਦੇ ਘੋੜਿਆਂ ਨੂੰ ਦਾਣਾ ਪਾਉਣ ਦੀ ਸੇਵਾ ਵੀ ਸੌਂਪ ਦਿੱਤੀ, ਜਿਸ ਨੂੰ ਉਨ੍ਹਾਂ ਨੇ ਬੜੇ ਪ੍ਰੇਮ ਨਾਲ ਨਿਭਾਇਆ।

## ਮੁਲਕ ਦੀ ਅਜ਼ਮਤ ਬਹਾਲੀ

ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਪੰਥ ਵੱਲੋਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ 10 ਅਪ੍ਰੈਲ 1754 ਨੂੰ ਸਰਬ ਸੰਮਤੀ ਨਾਲ ਪੰਥ ਦਾ ਜਥੇਦਾਰ ਥਾਪਿਆ ਗਿਆ ਅਤੇ ਖ਼ਾਲਸੇ ਦੇ ਸਿਆਸੀ ਤੇ ਧਾਰਮਿਕ ਮਸਲਿਆਂ ਦਾ ਨੇਤਾ ਬਣਾਇਆ। ਖ਼ਾਲਸੇ ਵੱਲੋਂ ਉਨ੍ਹਾਂ ਨੂੰ 'ਨਵਾਬ' ਦੀ ਉਪਾਧੀ ਦਿੱਤੀ ਗਈ। ਮਾਰਚ 1761 ਨੂੰ ਉਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਵੱਲੋਂ ਅਗਵਾ ਕਰ ਕੇ ਅਫ਼ਗਾਨਿਸਤਾਨ ਲਿਜਾਈਆਂ ਜਾ ਰਹੀਆਂ 2200 ਔਰਤਾਂ ਨੂੰ ਆਜ਼ਾਦ ਕਰਵਾਇਆ ਤੇ ਆਪਣੇ ਖ਼ਰਚੇ 'ਤੇ ਉਨ੍ਹਾਂ ਦੇ ਘਰੋ ਘਰੀ ਪਹੁੰਚਾਇਆ ਅਤੇ ਇਸ ਤਰ੍ਹਾਂ ਹਿੰਦੁਸਤਾਨ ਦੀ ਇੱਜ਼ਤ ਬਹਾਲ ਕਰਵਾਈ। ਇਸ ਕਾਰਜ ਨਾਲ ਉਨ੍ਹਾਂ ਨੇ ਸਿੱਖਾਂ ਹੀ ਨਹੀ ਬਲਕਿ ਪੂਰੇ ਹਿੰਦੁਸਤਾਨ ਦੇ ਲੋਕਾਂ ਦੇ ਦਿਲਾਂ ਉੱਪਰ ਆਪਣੀ ਅਮਿਟ ਛਾਪ ਛੱਡ ਤੇ 'ਬੰਦੀ ਛੋੜ' ਦੇ ਨਾਂ ਨਾਲ ਮਸ਼ਹੂਰ ਹੋਏ। ਨਵੰਬਰ 1761 ਨੂੰ ਖ਼ਾਲਸੇ ਨੇ ਲਾਹੌਰ ਫ਼ਤਹਿ ਕੀਤਾ ਤੇ ਇਸ ਖ਼ੁਸ਼ੀ ਵਿਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਪਹਿਲਾ ਬਾਦਸ਼ਾਹ 'ਸੁਲਤਾਨ-ਉਲ-ਕੌਮ' ਐਲਾਨਿਆ ਗਿਆ। ਇਸ ਮੌਕੇ 'ਤੇ ਨਵਾਬ ਜੱਸਾ ਸਿੰਘ ਨੇ ਗੁਰੂ ਨਾਨਕ ਦੇਵ ਦੀ ਅਤੇ ਗੁਰੂ ਨਾਨਕ ਦੇਵ ਦੇ ਨਾਂ ਵਾਲੇ ਸਿੱਕੇ ਵੀ ਜਾਰੀ ਕੀਤੇ ਅਤੇ ਸਿੱਖ ਰਾਜ ਦੀ ਸਥਾਪਤੀ ਦਾ ਐਲਾਨ ਕੀਤਾ। ਸਿੱਖਾਂ ਦੇ ਸਭ ਤੋਂ ਵੱਡੇ ਸਾਕੇ 'ਵੱਡੇ ਘੱਲੂਘਾਰੇ' ਦੌਰਾਨ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਬੜੀ ਦਲੇਰੀ ਅਤੇ ਸੂਝ-ਬੂਝ ਨਾਲ ਅਫ਼ਗਾਨ ਫ਼ੌਜ ਦਾ ਟਾਕਰਾ ਕੀਤਾ ਅਤੇ ਖ਼ਾਲਸੇ ਦੀ ਕਮਾਨ ਸਾਂਭੀ ਤੇ ਸਿੱਖ ਹੋਂਦ ਨੂੰ ਖ਼ਤਮ ਹੋਣ ਤੋਂ ਬਚਾਇਆ। ਇਸ ਸਾਕੇ ਦੌਰਾਨ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉੱਪਰ ਦੋ ਦਰਜਨ ਤੋਂ ਵਧੇਰੇ ਜ਼ਖ਼ਮ ਹੋਏ। 1764 ਵਿਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਖ਼ਾਲਸੇ ਨੇ ਸਰਹਿੰਦ ਫ਼ਤਹਿ ਕੀਤਾ ਤੇ ਸ਼ਹਿਰ ਨੂੰ ਮਲਬੇ 'ਚ ਬਦਲ ਕੇ ਛੋਟੇ ਸਾਹਿਬਜ਼ਾਦਿਆਂ ਬਾਬਾ ਫ਼ਤਹਿ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਮਾਤਾ ਗੁਜਰੀ ਦੀ ਦੀ ਸ਼ਹਾਦਤ ਦਾ ਬਦਲਾ ਲਿਆ। ਸਰਹਿੰਦ (ਫ਼ਤਹਿਗੜ੍ਹ ਸਾਹਿਬ) ਵਿਖੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਦੀ ਯਾਦ 'ਚ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ।

## ਬਾਦਸ਼ਾਹ-ਏ-ਹਿੰਦ ਬਣਨਾ

11 ਮਾਰਚ 1783 ਨੂੰ ਖ਼ਾਲਸੇ ਨੇ ਦਿੱਲੀ ਫ਼ਤਹਿ ਕੀਤੀ ਤੇ ਲਾਲ ਕਿਲ੍ਹੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਸਰਦਾਰ ਬਘੇਲ ਸਿੰਘ ਕਰੋੜ ਸਿੰਘੀਆ ਨੇ ਲਾਲ ਕਿਲ੍ਹੇ ਉੱਪਰ ਖ਼ਾਲਸੇ ਦਾ ਕੇਸਰੀ ਨਿਸ਼ਾਨ ਸਾਹਿਬ ਲਹਿਰਾਇਆ ਤੇ ਪੰਥ ਦੇ ਸਰਦਾਰ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੂੰ ਇਸ ਮੌਕੇ ਲਾਲ ਕਿਲ੍ਹੇ ਦੇ ਦੀਵਾਨ-ਏ-ਆਮ ਵਿਚ ਤਖ਼ਤ 'ਤੇ ਬਿਠਾਇਆ ਗਿਆ ਤੇ ਹਿੰਦੁਸਤਾਨ ਦਾ ਬਾਦਸ਼ਾਹ ਐਲਾਨਿਆ ਗਿਆ। ਇਸ ਤਰ੍ਹਾਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਂਡ ਹੇਠ ਖ਼ਾਲਸੇ ਨੇ ਪੰਜਾਬ ਨੂੰ 800 ਸਾਲ ਦੀ ਕੈਦ ਤੋਂ ਮੁਕਤ ਕਰਵਾਇਆ। ਜੱਸਾ ਸਿੰਘ ਆਹਲੂਵਾਲੀਆ ਪੰਜ ਪਿਆਰਿਆਂ ਵਿਚ ਖ਼ੁਦ ਸ਼ਾਮਲ ਹੋ ਕੇ ਸਿੱਖਾਂ ਨੂੰ ਗੁਰੂ ਦੀ ਬਖ਼ਸ਼ੀ ਹੋਈ ਦਾਤ ਖੰਡੇ ਦਾ ਅੰਮ੍ਰਿਤ ਛਕਾਉਂਦੇ ਸਨ। ਮਹਾਰਾਜਾ ਅਮਰ ਸਿੰਘ ਪਟਿਆਲਾ ਵਾਲੇ ਉਨ੍ਹਾਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਉਨ੍ਹਾਂ ਹੱਥੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। 20 ਅਕਤੂਬਰ 1783 ਨੂੰ ਨਵਾਬ ਜੱਸਾ ਸਿੰਘ ਆਹਲੂਵਾਲੀਆ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਗੁਰਪੁਰੀ ਸਿਧਾਰ ਗਏ। ਉਨ੍ਹਾਂ ਦੇ ਮਹਾਨ ਪੰਥਕ ਕਾਰਜਾਂ ਕਾਰਨ ਉਨ੍ਹਾਂ ਦਾ ਅੰਤਮ ਸੰਸਕਾਰ ਬੁਰਜ ਬਾਬਾ ਅਟੱਲ ਰਾਏ ਸ੍ਰੀ ਅੰਮ੍ਰਿਤਸਰ ਵਿਖੇ ਕੀਤਾ ਗਿਆ ਅਤੇ ਪੰਥ ਤੇ ਕੌਮ ਦੀ ਸੇਵਾ ਸਦਕਾ ਉਨ੍ਹਾਂ ਦੀ ਸਮਾਧੀ ਨਵਾਬ ਕਪੂਰ ਸਿੰਘ ਦੀ ਸਮਾਧੀ ਦੇ ਨਾਲ ਬਣਾਈ ਗਈ, ਜੋ ਹੁਣ ਤਕ ਉੱਥੇ ਮੌਜੂਦ ਹੈ। ਟਿੱਕਾ ਸ਼ਤਰੂਜੀਤ ਸਿੰਘ ਦੀ ਵਿੱਤੀ ਸਹਾਇਤਾ ਨਾਲ ਸਮਾਧੀ ਦੀ ਮੁੜ ਉਸਾਰੀ ਮੁਕੰਮਲ ਹੋ ਗਈ ਹੈ ਤੇ ਸੰਗਤਾਂ ਦੇ ਦਰਸ਼ਨਾਂ ਲਈ ਤਿਆਰ ਹੈ।

## ਜਨਮ ਸ਼ਤਾਬਦੀ ਸਮਾਗਮ

ਗੁਰੂ ਕਾ ਲਾਲ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਯਾਦਗਾਰੀ ਟਰੱਸਟ ਵੱਲੋਂ 3 ਮਈ 2018 ਨੂੰ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ 300 ਸਾਲਾ ਜਨਮ ਸ਼ਤਾਬਦੀ ਸਬੰਧੀ ਸਟੇਟ ਗੁਰਦੁਆਰਾ ਸਾਹਿਬ ਕਪੂਰਥਲਾ ਵਿਖੇ ਮਹਾਨ ਕੀਰਤਨ ਦਰਬਾਰ ਕਰਵਾਇਆ ਰਿਹਾ ਹੈ, ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਅਮਰਜੀਤ ਸਿੰਘ ਪਟਿਆਲੇ ਵਾਲੇ, ਭਾਈ ਵਰਿਆਮ ਸਿੰਘ ਕਪੂਰ ਗੁਰੂ ਨਾਨਕ ਨਿਸ਼ਕਾਮ ਸਭਾ ਕਪੂਰਥਲਾ ਅਤੇ ਭਾਈ ਹਰਜੋਤ ਸਿੰਘ ਹਜ਼ੂਰੀ ਰਾਗੀ ਸਟੇਟ ਗੁਰਦੁਆਰਾ ਸਾਹਿਬ ਕਪੂਰਥਲਾ ਵਾਲੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰਨਗੇ। ਇਸ ਮੌਕੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੀ 10ਵੀ ਪੀੜ੍ਹੀ ਨਾਲ ਸਬੰਧਤ ਟਿੱਕਾ ਸ਼ਤਰੂਜੀਤ ਸਿੰਘ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਨੂੰ ਸਨਮਾਨਿਤ ਕਰਨਗੇ।

## ਗੁਰੂ ਕੀ ਚਾਦਰ

ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ ਲਈ 9 ਲੱਖ ਰੁਪਏ ਆਪਣੇ ਕੋਲੋਂ ਤੇ ਪੰਜ ਲੱਖ ਰੁਪਏ ਦੂਸਰੇ ਸਿੱਖ ਸਰਦਾਰਾਂ ਪਾਸੋਂ ਇਕੱਠੇ ਕਰ ਕੇ ਦਿੱਤੇ, ਜੋ ਸਿੱਖ ਇਤਿਹਾਸ ਵਿਚ 'ਗੁਰੂ ਕੀ ਚਾਦਰ' ਦੇ ਨਾਂ ਨਾਲ ਪ੍ਰਸਿੱਧ ਹੈ। 3 ਅਪ੍ਰੈਲ 1764 ਨੂੰ ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ ਲਈ ਦੂਜੀ ਵਾਰ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰੱਖਿਆ। ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਰਾਏ ਇਬਰਾਹੀਮ ਭੱਟੀ ਨੂੰ ਹਰਾ ਕੇ ਕਪੂਰਥਲਾ ਨੂੰ ਆਪਣੀ ਕਬਜ਼ੇ ਹੇਠ ਕੀਤਾ ਅਤੇ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਨੂੰ ਫ਼ਤਿਹਾਬਾਦ ਤੋਂ ਬਦਲ ਕੇ ਕਪੂਰਥਲਾ ਵਿਖੇ ਬਣਾਇਆ।

### ਮਹਾਰਾਜਾ
## ਜਗਤਜੀਤ ਸਿੰਘ



ਰਾਜਾ ਖੜਕ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੰਜ ਸਾਲਾ ਪੁੱਤਰ ਜਗਤਜੀਤ ਸਿੰਘ ਗੱਦੀ 'ਤੇ ਬੈਠਾ। ਜਗਤਜੀਤ ਸਿੰਘ ਦਾ ਜਨਮ 23 ਨਵੰਬਰ 1872 ਈਸਵੀ ਨੂੰ ਹੋਇਆ। ਜਗਤਜੀਤ ਸਿੰਘ ਦੇ ਬਾਲਗ ਹੋਣ ਤਕ ਰਿਆਸਤ ਦਾ ਪ੍ਰਬੰਧ ਬ੍ਰਿਟਿਸ਼ ਸੁਪਰਡੈਂਟਸ ਵੱਲੋਂ ਚਲਾਇਆ ਗਿਆ। 18 ਸਾਲ ਦਾ ਹੋਣ 'ਤੇ 24 ਨਵੰਬਰ 1890 ਨੂੰ ਜਗਤਜੀਤ ਸਿੰਘ ਨੇ ਕਪੂਰਥਲਾ ਰਿਆਸਤ ਦੇ ਸਾਰੇ ਅਧਿਕਾਰ ਪ੍ਰਾਪਤ ਕੀਤੇ। ਮਹਾਰਾਜੇ ਨੇ ਕਪੂਰਥਲਾ ਨੂੰ ਵਿਕਸਿਤ ਰਿਆਸਤ ਬਣਾਉਣ ਤੇ ਆਧੁਨਿਕ ਦਿੱਖ ਦੇਣ ਦਾ ਸੁਪਨਾ ਲਿਆ ਤੇ ਇਸ ਨੂੰ ਸਾਕਾਰ ਕੀਤਾ। 1927 ਵਿਚ ਮਹਾਰਾਜੇ ਨੇ ਆਪਣੀ ਗੱਦੀ-ਨਸ਼ੀਨੀ ਦੀ ਗੋਲਡਨ ਜੁਬਲੀ ਮਨਾਈ। ਮਹਾਰਾਜੇ ਨੇ ਸੰਨ 1926, 1927 ਅਤੇ 1929 ਵਿਚ ਜਨੇਵਾ ਵਿਖੇ 'ਲੀਗ ਆਫ ਨੇਸ਼ਨਜ਼' 'ਚ ਤਿੰਨ ਵਾਰ ਭਾਰਤ ਦੀ ਅਗਵਾਈ ਕੀਤੀ ਤੇ 1931 'ਚ ਲੰਡਨ ਵਿਖੇ ਗੋਲ ਮੇਜ਼ ਕਾਨਫਰੰਸ 'ਚ ਹਿੱਸਾ ਲਿਆ। ਉਨ੍ਹਾਂ ਰਿਆਸਤ 'ਚ ਕੈਮੀਕਲ, ਸਟੀਲ, ਚਮੜੇ, ਸ਼ੂਗਰ ਮਿਲ, ਡਿਸਟਿਲਰੀ, ਕਾਟਨ ਮਿਲ ਸਥਾਪਿਤ ਕੀਤੀਆਂ। ਪਾਰਦਰਸ਼ੀ ਨਿਆਂ ਲਈ ਕਪੂਰਥਲਾ ਵਿਖੇ ਦਰਬਾਰ ਹਾਲ ਦੀ ਸਥਾਪਨਾ ਕੀਤੀ ਗਈ ਤੇ ਪੱਛਮੀ ਮੁਲਕਾਂ ਦੀ ਤਰਜ਼ 'ਤੇ ਅਦਾਲਤਾਂ ਸਥਾਪਿਤ ਕੀਤੀਆਂ। ਮਹਾਰਾਜੇ ਨੇ 'ਜਗਤਜੀਤ ਪੈਲੇਸ, ਸਟੇਟ ਗੁਰਦੁਆਰਾ ਸਾਹਿਬ, ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ, ਮੋਰਿਸ਼ ਮਸਜਿਦ, ਵਿਲਾ ਕੋਠੀ, ਇਲੀਸੀ ਪੈਲੇਸ, ਜਗਤਜੀਤ ਸਿਨੇਮਾ, ਜਗਤਜੀਤ ਕਲੱਬ ਆਦਿ ਇਮਾਰਤਾਂ ਦਾ ਨਿਰਮਾਣ ਕਰਵਾ ਕੇ ਕਪੂਰਥਲਾ ਨੂੰ 'ਪੰਜਾਬ ਦਾ ਪੈਰਿਸ' ਬਣਾਇਆ।

### ਮਹਾਰਾਜਾ
## ਪਰਮਜੀਤ ਸਿੰਘ



ਮਹਾਰਾਜਾ ਜਗਤਜੀਤ ਸਿੰਘ ਦੇ ਵੱਡੇ ਬੇਟੇ ਪਰਮਜੀਤ ਸਿੰਘ ਦਾ ਜਨਮ 19 ਮਈ 1892 ਨੂੰ ਹੋਇਆ। ਪਰਮਜੀਤ ਸਿੰਘ ਨੇ ਆਪਣੀ ਉਚੇਰੀ ਸਿੱਖਿਆ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਹਾਸਲ ਕੀਤੀ। ਪਰਮਜੀਤ ਸਿੰਘ ਦਾ ਵਿਆਹ ਜੁਬਲ ਰਿਆਸਤ ਦੀ ਰਾਜਕੁਮਾਰੀ ਬਰਿੰਦਾਮਤੀ ਨਾਲ ਹੋਇਆ। ਪਰਮਜੀਤ ਸਿੰਘ ਦੇ ਵਿਆਹ ਵਿਚ ਅਨੇਕਾਂ ਭਾਰਤੀ ਰਾਜੇ ਮਹਾਰਾਜਿਆਂ ਤੋਂ ਇਲਾਵਾ ਦੁਨੀਆਂ ਦੇ ਕੋਨੇ-ਕੋਨੇ ਤੋਂ ਮਹਾਰਾਜ ਜਗਤਜੀਤ ਸਿੰਘ ਦੇ ਮਿੱਤਰ ਸ਼ਾਮਲ ਹੋਏ। ਟਿੱਕੇ ਦੇ ਵਿਆਹ ਦੀ ਖ਼ੁਸ਼ੀ ਵਿਚ ਮਹਾਰਾਜਾ ਜਗਤਜੀਤ ਸਿੰਘ ਨੇ ਰਿਆਸਤ ਵਿਚ ਭਿਖਾਰੀਆਂ ਦੇ ਭੀਖ ਮੰਗਣ ਦੀ ਪ੍ਰਥਾ 'ਤੇ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਅਤੇ ਉਨ੍ਹਾਂ ਲਈ ਕਪੂਰਥਲਾ ਦੇ ਰੇਲਵੇ ਸਟੇਸ਼ਨ ਦੇ ਨੇੜੇ 'ਸਟੇਟ ਬੈਗਰ ਹੋਮ' ਦੀ ਸਥਾਪਨਾ ਕਰਵਾਈ। ਭਿਖਾਰੀਆਂ ਦੀ ਦੇਖ-ਰੇਖ ਤੇ ਪਾਲਣ-ਪੋਸ਼ਣ ਦਾ ਜ਼ਿੰਮਾ ਰਿਆਸਤ ਨੇ ਲਿਆ। ਰਿਆਸਤ ਦੇ ਬਹੁਤ ਸਾਰੇ ਵਿਭਾਗਾਂ ਦਾ ਸਿੱਧਾ ਪ੍ਰਬੰਧ ਟਿੱਕਾ ਪਰਮਜੀਤ ਸਿੰਘ ਕੋਲ ਸਨ। ਮਹਾਰਾਜੇ ਕੋਲ ਪੇਸ਼ ਹੋਣ ਵਾਲੇ ਰਿਆਸਤ ਦੇ ਮਸਲਿਆਂ 'ਚ ਵੀ ਉਹ ਮਹਾਰਾਜੇ ਦੀ ਮਦਦ ਕਰਦਾ। ਦੇਸ਼ ਦੀਆਂ ਰਿਆਸਤਾਂ ਨੂੰ ਭਾਰਤੀ ਗਣਰਾਜ ਵਿਚ ਸ਼ਾਮਲ ਕਰ ਲਏ ਜਾਣ ਕਾਰਨ ਟਿੱਕਾ ਪਰਮਜੀਤ ਸਿੰਘ ਬਹੁਤ ਥੋੜ੍ਹਾ ਸਮਾਂ ਕਪੂਰਥਲਾ ਉੱਪਰ ਰਾਜ ਕਰ ਸਕਿਆ। 19 ਜੁਲਾਈ 1955 ਨੂੰ ਮਸੂਰੀ ਵਿਖੇ ਉਨ੍ਹਾਂ ਦੀ ਮੌਤ ਹੋਈ।

### ਬ੍ਰਿਗੇਡੀਅਰ
## ਸੁਖਜੀਤ ਸਿੰਘ

ਬ੍ਰਿਗੇਡੀਅਰ ਸੁਖਜੀਤ ਸਿੰਘ ਦਾ ਜਨਮ ਮਹਾਰਾਜਾ ਪਰਮਜੀਤ ਸਿੰਘ ਤੇ ਰਾਣੀ ਲੀਲਾਵਤੀ ਦੇਵੀ ਦੇ ਘਰ 16 ਅਕਤੂਬਰ 1934 ਨੂੰ ਹੋਇਆ। ਆਪਣੇ ਪੁਰਖਿਆਂ ਵਾਂਗ ਸੁਖਜੀਤ ਸਿੰਘ ਇਕ ਜਾਂਬਾਜ਼ ਯੋਧਾ ਹਨ। ਭਾਰਤੀ ਫ਼ੌਜ 'ਚ ਸੇਵਾਵਾਂ ਦੌਰਾਨ 10 ਦਸੰਬਰ 1971 ਨੂੰ ਭਾਰਤ-ਪਾਕਿ ਜੰਗ ਵੇਲੇ ਉਹ ਬਤੌਰ ਲੈਫਟੀਨੈਂਟ ਕਰਨਲ ਆਪਣੀ ਰੈਜੀਮੈਂਟ ਸਮੇਤ ਨੈਨਾ ਕੋਟਾ ਵਿਖੇ ਸਨ। ਪਾਕਿ ਫ਼ੌਜ ਨੇ ਮੋਰਟਾਰ ਤੇ ਟੈਂਕਾਂ ਸਮੇਤ ਵੱਡਾ ਹਮਲਾ ਕੀਤਾ। ਇਸ ਸਮੇਂ ਉਨ੍ਹਾਂ ਨੇ ਆਪਣੀ ਰੈਜੀਮੈਂਟ ਦਾ ਹਿੰਮਤ ਨਾਲ ਅਗਵਾਈ ਕੀਤੀ ਤੇ ਆਪਣੇ ਸੈਨਿਕਾਂ ਦਾ ਬਿਨਾਂ ਕੋਈ ਨੁਕਸਾਨ ਕਰਵਾਇਆਂ 11 ਦਸੰਬਰ 1971 ਨੂੰ ਪਾਕਿਸਤਾਨੀ ਫ਼ੌਜ ਦੇ 8 ਟੈਂਕ ਤਬਾਹ ਕਰ ਦਿੱਤੇ ਅਤੇ ਇਕ ਆਲਾ ਅਧਿਕਾਰੀ ਸਮੇਤ ਦੋ ਕਮਿਸ਼ਨਡ ਅਫਸਰ ਅਤੇ ਹੋਰ ਪਾਕਿ ਸੈਨਿਕਾਂ ਨੂੰ ਬੰਦੀ ਬਣਾ ਲਿਆ। ਬ੍ਰਿਗੇਡੀਅਰ ਸੁਖਜੀਤ ਸਿੰਘ ਨੇ ਉਤਰਾਂਚਲ ਦੇ ਦੇਹਰਾਦੂਨ ਸਥਿਤ ਦੂਨ ਸਕੂਲ ਤੋਂ ਵਿੱਦਿਆ ਹਾਸਲ ਕੀਤੀ। 1954 ਵਿਚ ਕਮਿਸ਼ਨਡ ਪ੍ਰਾਪਤ ਕਰ ਕੇ ਉਹ ਭਾਰਤੀ ਫ਼ੌਜ ਵਿਚ ਬਤੌਰ ਸੈਕੰਡ ਲੈਫਟੀਨੈਂਟ ਭਰਤੀ ਹੋਏ ਅਤੇ ਬਤੌਰ ਬ੍ਰਿਗੇਡੀਅਰ ਸੇਵਾਮੁਕਤ ਹੋਏ। ਭਾਰਤ-ਪਾਕਿ ਜੰਗ ਵਿਚ ਬਹਾਦਰੀ ਲਈ ਉਨ੍ਹਾਂ ਨੂੰ 'ਮਹਾਵੀਰ ਚੱਕਰ' ਨਾਲ ਸਨਮਾਨਿਤ ਕੀਤਾ ਗਿਆ।



## ਟਿੱਕਾ ਰਾਜਾ ਸ਼ਤਰੂਜੀਤ ਸਿੰਘ



ਟਿੱਕਾ ਸ਼ਤਰੂਜੀਤ ਸਿੰਘ ਦਾ ਜਨਮ 27 ਦਸੰਬਰ 1961 ਨੂੰ ਹੋਇਆ। ਉਨ੍ਹਾਂ ਨੇ ਦੂਨ ਸਕੂਲ ਦੇਹਰਾਦੂਨ ਤੋਂ ਸਿੱਖਿਆ ਪ੍ਰਾਪਤ ਕੀਤੀ ਤੇ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਸ਼ਤਰੂਜੀਤ ਸਿੰਘ 'ਮਾਇਟ-ਹੈਨੇਸੀ ਦੇ ਏਸ਼ੀਆ ਖਿੱਤੇ ਦੇ ਚੀਫ ਰਿਪਰਜੈਂਟੇਟਿਵ ਤੇ ਫਰਾਂਸੀਸੀ ਫਰਮ ਲੂਈਸ ਵੂਈਟੋਨ ਦੇ ਗਰੁੱਪ ਐਡਵਾਈਜ਼ਰ ਹਨ। ਟਿੱਕਾ ਰਾਜਾ ਦੀ ਬਦੌਲਤ ਐੱਲਵੀਐੱਮਐੱਚ ਗਰੁੱਪ ਕਈ ਦੇਸ਼ਾਂ 'ਚ ਆਪਣੀ ਹਾਜ਼ਰੀ ਦਰਜ ਕਰ ਰਿਹਾ ਹੈ। ਵਿਰਾਸਤ ਦੀ ਸੰਭਾਲ ਨਾਲ ਸਬੰਧਤ ਕਈ ਪ੍ਰਾਜੈਕਟਾਂ ਨਾਲ ਜੁੜੇ ਹੋਏ ਹਨ। ਟਿੱਕਾ ਸ਼ਤਰੂਜੀਤ ਸਿੰਘ ਨੂੰ ਮੋਰਾਕੋ ਨਾਲ ਚੰਗੇ ਵਿੱਤੀ ਤੇ ਸੱਭਿਆਚਾਰਕ ਸਬੰਧਾਂ ਕਾਰਨ ਬਾਦਸ਼ਾਹ ਹਸਨ ਦੂਜੇ ਦੁਆਰਾ 'ਦਿ ਆਰਡਰ ਆਫ ਮੁਹੰਮਦ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਟਿੱਕਾ ਸ਼ਤਰੂਜੀਤ ਸਿੰਘ ਦੇ ਬੇਟੇ ਦਾ ਨਾਂ ਟਿੱਕਾ ਰਾਜਕੁਮਾਰ ਸੁਰਜਾਜੀਤ ਸਿੰਘ ਹੈ, ਜਿਸ ਦਾ ਜਨਮ 28 ਮਈ 1990 ਨੂੰ ਹੋਇਆ। ਮੌਜੂਦਾ ਸਮੇਂ ਅਮਰੀਕਨ ਮੂਲ ਦੀ ਫੈਸ਼ਨ ਖੇਤਰ ਦੀ ਕੰਪਨੀ 'ਰਾਲਫ ਲਾਉਰੇਨ' ਦੇ ਸਭ ਤੋਂ ਛੋਟੀ ਉਮਰ ਦੇ ਡਾਇਰੈਕਟਰ ਹਨ।

ਇਬਲੀਸ (98143-98743)

### ਮਹਾਰਾਜਾ
## ਭਾਗ ਸਿੰਘ



ਸਰਦਾਰ ਜੱਸਾ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ 1783 'ਚ ਉਨ੍ਹਾਂ ਦਾ ਪੁੱਤਰ ਭਾਗ ਸਿੰਘ 38 ਸਾਲ ਦੀ ਉਮਰ 'ਚ ਕਪੂਰਥਲਾ ਦੇ ਤਖ਼ਤ 'ਤੇ ਬੈਠਾ। ਦਿੱਲੀ ਦੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਸਮੇਤ ਬਹੁਤ ਸਾਰੀਆਂ ਵੱਡੀਆਂ ਮੁਹਿੰਮਾਂ 'ਚ ਉਨ੍ਹਾਂ ਨੇ ਹਿੱਸਾ ਲਿਆ। ਗੱਦੀ 'ਤੇ ਬੈਠਣ ਉਪਰੰਤ ਉਨ੍ਹਾਂ ਨੇ ਫਗਵਾੜਾ ਤੇ ਨੂਰਮਹਿਲ ਦੇ ਜਾਗੀਰਦਾਰਾਂ ਪਾਸੋਂ ਨਜ਼ਰਾਨੇ ਲਏ। ਸਿੱਖ ਸਰਦਾਰਾਂ ਨਾਲ ਮਿਲ ਕੇ ਭਾਗ ਸਿੰਘ ਨੇ ਕਸੂਰ ਸ਼ਹਿਰ ਫ਼ਤਹਿ ਕੀਤਾ। 1786 'ਚ ਸਰਦਾਰ ਭਾਗ ਸਿੰਘ ਨੇ ਸਰਦਾਰ ਹਰੀ ਸਿੰਘ ਡੱਲੇਵਾਲੀਆ ਪਾਸੋਂ ਚਮਕੌਰ ਦੀ ਰਿਆਸਤ ਬੇਦੀਆਂ ਨੂੰ ਵਾਪਸ ਦਿਵਾਈ। ਝਬਾਲ 'ਚ ਗੁਲਾਬ ਸਿੰਘ ਭੰਗੀ ਦੇ ਸਾਥੀਆਂ ਦੁਆਰਾ ਭਾਗ ਸਿੰਘ ਦੇ ਨੌਕਰ ਨੂੰ ਕਤਲ ਕਰ ਦੇਣ 'ਤੇ ਭਾਗ ਸਿੰਘ ਨੇ ਤਰਨਤਾਰਨ ਤੇ ਜੰਡਿਆਲਾ ਨੂੰ ਕਬਜ਼ੇ 'ਚ ਲੈ ਲਿਆ। 1799 ਵਿਚ ਭਾਗ ਸਿੰਘ ਨੇ ਸਤਲੁਜ ਪਾਰ ਰਾਏਕੋਟ ਆਦਿ ਇਲਾਕਿਆਂ ਦੇ ਰਈਸਾਂ ਤੇ ਜਾਗੀਰਦਾਰਾਂ ਪਾਸੋਂ ਨਜ਼ਰਾਨੇ ਪ੍ਰਾਪਤ ਕੀਤੇ। 1800 ਵਿਚ ਭਾਗ ਸਿੰਘ ਨੇ ਸਤਲੁਜ ਪਾਰ ਸਹੋੜ ਜ਼ਰਾਪੀਰ, ਸੋਹਨਾ, ਹਸਨਪੁਰ, ਰੁੜਕੀ ਆਦਿ ਇਲਾਕੇ ਕਬਜ਼ੇ 'ਚ ਲਏ। ਉਸ ਨੇ ਸਰਹਾਲੀ ਇਲਾਕੇ ਨੂੰ ਡਾਕੂਆਂ ਤੋਂ ਮੁਕਤ ਕਰਵਾਇਆ। 1801 ਵਿਚ ਫਗਵਾੜਾ ਵਿਖੇ ਭਾਗ ਸਿੰਘ ਦੇ ਪੈਰ 'ਤੇ ਗੰਭੀਰ ਸੱਟ ਲੱਗਣ ਕਾਰਨ ਉਸ ਦੀ ਹਾਲਤ ਵਿਗੜਦੀ ਗਈ ਤੇ ਅੰਤ ਇਸ ਦਲੇਰ ਯੋਧੇ ਦਾ ਦੇਹਾਂਤ ਹੋ ਗਿਆ।

### ਮਹਾਰਾਜਾ
## ਫ਼ਤਹਿ ਸਿੰਘ



ਰਾਜਾ ਫ਼ਤਹਿ ਸਿੰਘ ਦਾ ਜਨਮ 1784 ਵਿਚ ਹੋਇਆ। 1801 ਵਿਚ ਆਪਣੇ ਪਿਤਾ ਰਾਜਾ ਭਾਗ ਸਿੰਘ ਦੀ ਮੌਤ ਤੋਂ ਬਾਅਦ ਫ਼ਤਹਿ ਸਿੰਘ ਗੱਦੀ 'ਤੇ ਬੈਠਾ। ਇਹ ਸਮਾਂ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਤ ਦਾ ਸਮਾਂ ਸੀ। ਦੋਵੇ ਸਰਦਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੱਗਾਂ ਵਟਾਂ ਕੇ ਭਰਾ ਬਣੇ। 1804 'ਚ ਫ਼ਤਹਿ ਸਿੰਘ ਨੇ ਫਗਵਾੜਾ ਉੱਪਰ ਜਿੱਤ ਪ੍ਰਾਪਤ ਕੀਤੀ। 1806 'ਚ ਮਹਾਰਾਜਾ ਰਣਜੀਤ ਸਿੰਘ ਤੇ ਰਾਜਾ ਫ਼ਤਹਿ ਸਿੰਘ ਨੇ ਜਗਰਾਓਂ ਤੇ ਨਾਰਾਇਣਗੜ੍ਹ 'ਤੇ ਜਿੱਤ ਪ੍ਰਾਪਤ ਕੀਤੀ ਤੇ ਫਿਰ ਝੰਗ ਫ਼ਤਹਿ ਕੀਤਾ। ਇਸ ਤੋਂ ਬਾਅਦ ਫ਼ਤਹਿ ਸਿੰਘ ਕਪੂਰਥਲਾ ਦੇ ਕਸਬਾ ਤਲਵੰਡੀ ਦੇ ਚੌਧਰੀਆਂ ਉੱਪਰ ਚੜ੍ਹਾਈ ਕੀਤੀ ਤੇ ਇਸ ਨੂੰ ਕਪੂਰਥਲਾ ਦਾ ਹਿੱਸਾ ਬਣਾਇਆ। ਫਿਰ ਦੋਵਾਂ ਸਰਦਾਰਾਂ ਨੇ ਕਸੂਰ ਸ਼ਹਿਰ 'ਤੇ ਜਿੱਤ ਪ੍ਰਾਪਤ ਕੀਤੀ। 25 ਅਪ੍ਰੈਲ 1809 ਨੂੰ ਸ਼ੇਰ-ਏ-ਪੰਜਾਬ ਤੇ ਅੰਗਰੇਜ਼ਾਂ ਦਰਮਿਆਨ ਹੋਏ ਇਕਰਾਰ ਵੇਲੇ ਵੀ ਸਰਦਾਰ ਫ਼ਤਹਿ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਸੀ। ਮਹਾਰਾਜ ਰਣਜੀਤ ਸਿੰਘ ਜਦ ਵੀ ਕਿਸੇ ਖ਼ਾਸ ਮੁਹਿੰਮ 'ਤੇ ਜਾਂਦਾ ਤਾਂ ਲਾਹੌਰ ਦਰਬਾਰ ਦਾ ਪ੍ਰਬੰਧ ਫ਼ਤਹਿ ਸਿੰਘ ਦੁਆਰਾ ਚਲਾਇਆ ਜਾਂਦਾ ਸੀ। ਸ਼ੇਰ-ਏ-ਪੰਜਾਬ ਦੀ ਕਸ਼ਮੀਰ ਮੁਹਿੰਮ ਦੌਰਾਨ ਵੀ ਕਈ ਵਰ੍ਹਿਆਂ ਤਕ ਖ਼ਾਲਸਾ ਰਾਜ ਦਾ ਪ੍ਰਬੰਧ ਫ਼ਤਹਿ ਸਿੰਘ ਨੇ ਚਲਾਇਆ। ਫ਼ਤਹਿ ਸਿੰਘ ਨਿਡਰ ਯੋਧਾ, ਉਸਾਰੂ ਨੀਤੀਘਾੜਾ ਤੇ ਉੱਤਮ ਸ਼ਾਸਕ ਸੀ। ਫ਼ਤਹਿ ਸਿੰਘ ਨੇ ਕਪੂਰਥਲਾ ਵਿਚ ਕਈ ਖ਼ੂਬਸੂਰਤ ਭਵਨਾਂ ਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਨ੍ਹਾਂ ਵਿੱਚੋਂ 'ਪੰਜ ਮੰਦਰ' ਇਮਾਰਤਸਾਜ਼ੀ ਦੀ ਬੇਜੋੜ ਮਿਸਾਲ ਹੈ। ਇਸ ਤੋਂ ਇਲਾਵਾ ਫ਼ਤਹਿ ਸਿੰਘ ਨੇ ਇਥੇ 'ਸ਼ਾਲੀਮਾਰ ਬਾਗ਼' ਤੇ 'ਕਮਰਾ ਬਾਗ' ਤੇ 'ਕਮਰਾ ਪੈਲੇਸ' (ਗੋਲ ਕੋਠੀ) ਦਾ ਵੀ ਨਿਰਮਾਣ ਕਰਵਾਇਆ। 1836 ਵਿਚ ਰਾਜਾ ਫ਼ਤਹਿ ਸਿੰਘ ਦਾ ਦੇਹਾਂਤ ਹੋ ਗਿਆ।

### ਮਹਾਰਾਜਾ
## ਨਿਹਾਲ ਸਿੰਘ



ਰਾਜਾ ਫ਼ਤਹਿ ਸਿੰਘ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਨਿਹਾਲ ਸਿੰਘ ਕਪੂਰਥਲਾ ਦੇ ਸਿੰਘਾਸਣ 'ਤੇ ਬੈਠਾ। ਆਪਣੇ ਸ਼ਾਸ਼ਨਕਾਲ ਦੌਰਾਨ ਨਿਹਾਲ ਸਿੰਘ ਨੂੰ ਕਈ ਬਗ਼ਾਵਤਾਂ ਦਾ ਸਾਹਮਣਾ ਕਰਨਾ ਪਿਆ। 1838 'ਚ ਜਦ ਲਾਰਡ ਓਕਲੈਂਡ ਅਫ਼ਗਾਨਿਸਤਾਨ ਖ਼ਿਲਾਫ਼ ਮੁਹਿੰਮ 'ਤੇ ਨਿਕਲਿਆ ਤਾਂ ਬਰਤਾਨਵੀ ਫ਼ੌਜ ਨਾਲ ਕਪੂਰਥਲਾ ਦੀ ਸ਼ਾਹੀ ਫ਼ੌਜ ਨੂੰ ਭੇਜ ਕੇ ਰਾਜਾ ਨਿਹਾਲ ਸਿੰਘ ਨੇ ਉਸ ਦੀ ਕਾਫ਼ੀ ਮਦਦ ਕੀਤੀ। ਅੰਗਰੇਜ਼ਾਂ ਨਾਲ ਇਹ ਸੁਖਾਵੇਂ ਸਬੰਧ ਉਸ ਵੇਲੇ ਅਣਸੁਖਾਵੇਂ ਹੋ ਗਏ ਜਦੋਂ ਅਗਰੇਜ਼ਾਂ ਤੇ ਸਿੱਖਾਂ ਦਰਮਿਆਨ ਪਹਿਲੀ ਜੰਗ ਛਿੜ ਪਈ। ਸਿੱਖ ਫ਼ੌਜੀਆਂ ਦੇ ਮਨਾਂ 'ਚ ਰਾਜੇ ਵੱਲੋਂ ਅੰਗਰੇਜ਼ਾਂ ਦਾ ਸਾਥ ਦੇਣ ਕਾਰਨ ਰੋਸ ਸੀ। ਉਨ੍ਹਾਂ ਨੇ ਬਗ਼ਾਵਤ ਕਰ ਦਿੱਤੀ। ਰਿਆਸਤ ਦੀ ਫ਼ੌਜ ਦੀਆਂ ਕੁਝ ਟੁਕੜੀਆਂ ਬਾਗ਼ੀ ਹੋ ਕੇ ਅੰਗਰੇਜ਼ ਖ਼ਿਲਾਫ਼ ਲੜੀਆਂ। ਅੰਤ ਰਾਜਾ ਨਿਹਾਲ ਸਿੰਘ ਨੇ ਵੀ ਅੰਗਰੇਜ਼ਾਂ ਖ਼ਿਲਾਫ਼ ਲਾਹੌਰ ਦਰਬਾਰ ਦਾ ਸਾਥ ਦਿੱਤਾ। ਇਸ ਲੜਾਈ 'ਚ ਸਿੱਖਾਂ ਦੀ ਹਾਰ ਹੋਈ ਤੇ ਅੰਗਰੇਜ਼ਾਂ ਨੇ ਕਪੂਰਥਲਾ ਰਿਆਸਤ ਦਾ ਕਾਫ਼ੀ ਇਲਾਕਾ ਜ਼ਬਤ ਕਰ ਲਿਆ। ਨਿਹਾਲ ਸਿੰਘ ਦੇ ਸਮੇਂ ਕਪੂਰਥਲਾ ਰਿਆਸਤ ਦੇ ਪ੍ਰਬੰਧਾਂ 'ਚ ਕਈ ਤਬਦੀਲੀਆਂ ਕੀਤੀਆਂ ਗਈਆਂ। 1847 ਵਿਚ ਨਿਹਾਲ ਸਿੰਘ ਨੇ ਆਪਣੇ ਇਲਾਕੇ 'ਚ ਫ਼ੌਜਦਾਰੀ ਤੇ ਦੀਵਾਨੀ ਮਹਿਕਮੇ ਅੰਗਰੇਜ਼ੀ ਢੰਗ ਨਾਲ ਕਾਇਮ ਕੀਤੇ। 1848 'ਚ ਨਿਹਾਲ ਸਿੰਘ ਨੇ ਅੰਮ੍ਰਿਤਸਰ ਵਿਖੇ ਕਟੜਾ ਆਹਲੂਵਾਲੀਆ ਬਣਵਾਇਆ। ਨਿਹਾਲ ਸਿੰਘ ਦੀ ਮੌਤ 1852 ਵਿਚ ਹੋਈ।

### ਮਹਾਰਾਜਾ
## ਰਣਧੀਰ ਸਿੰਘ



ਰਾਜਾ ਰਣਧੀਰ ਸਿੰਘ ਦਾ ਜਨਮ 1827 'ਚ ਹੋਇਆ। ਪਿਤਾ ਦੀ ਮੌਤ ਤੋਂ ਬਾਅਦ ਰਾਜਾ ਰਣਧੀਰ ਸਿੰਘ ਨੂੰ ਆਪਣੇ ਪਿਤਾ ਰਾਜਾ ਨਿਹਾਲ ਸਿੰਘ ਦੁਆਰਾ ਉਸ ਦੇ ਮਤਰੇਅ ਭਰਾਵਾਂ ਕੁੰਵਰ ਬਿਕਰਮਾ ਸਿੰਘ ਤੇ ਕੁੰਵਰ ਸੁਚੇਤ ਸਿੰਘ ਦੇ ਹੱਕ 'ਚ ਕੀਤੀ ਵਸੀਅਤ ਕਾਰਨ ਲੰਬੀ ਕਾਨੂੰਨੀ ਲੜਾਈ ਲੜਨੀ ਪਈ। ਅਪ੍ਰੈਲ 1853 'ਚ ਰਣਧੀਰ ਸਿੰਘ ਗੱਦੀ 'ਤੇ ਬੈਠਾ। 1857 ਵਿਚ ਭਾਰਤ 'ਚ ਪਹਿਲਾ ਆਜ਼ਾਦੀ ਸੰਗਰਾਮ ਉੱਭਰਿਆ। ਰਾਜਾ ਰਣਧੀਰ ਸਿੰਘ ਨੇ ਬਗ਼ਾਵਤ ਨੂੰ ਦਬਾਉਣ 'ਚ ਅੰਗਰੇਜ਼ਾਂ ਦੀ ਡਟਵੀ ਮਦਦ ਕੀਤੀ। ਸਰਕਾਰ ਵੱਲੋਂ ਰਾਜੇ ਨੂੰ ਖ਼ਿਤਾਬ, ਖ਼ਿਲਅਤ ਤੇ ਅਵਧ ਸਮੇਤ ਕਈ ਇਲਾਕੇ ਜਾਗੀਰ ਵਜੋਂ ਦਿੱਤੇ ਗਏ। ਰਣਧੀਰ ਸਿੰਘ ਲਈ 11 ਤੋਪਾਂ ਦੀ ਸਲਾਮੀ ਮੁਕੱਰਰ ਕੀਤੀ ਗਈ। ਸਤੰਬਰ 1852 ਵਿਚ ਰਣਧੀਰ ਸਿੰਘ ਨੇ ਜੱਦੀ ਇਲਾਕਾ 'ਆਹਲੂ' ਸਰਕਾਰ ਪਾਸੋਂ ਮੁੜ ਪ੍ਰਾਪਤ ਕੀਤਾ। 17 ਅਕਤੂਬਰ 1864 ਨੂੰ ਵਾਇਸਰਾਏ ਹਿੰਦ ਦੁਆਰਾ ਰਾਜਾ ਰਣਧੀਰ ਸਿੰਘ ਨੂੰ 'ਸਿਤਾਰਾ-ਏ-ਹਿੰਦ' ਦਾ ਖ਼ਿਤਾਬ ਦਿੱਤਾ ਗਿਆ। ਰਾਜਾ ਰਣਧੀਰ ਸਿੰਘ ਦੀ ਵਿਲਾਇਤ ਜਾ ਕੇ ਮਲਕਾ ਵਿਕਟੋਰੀਆ ਨੂੰ ਮਿਲਣ ਦੀ ਇੱਛਾ ਸੀ। ਇਸ ਲਈ ਉਹ 15 ਮਾਰਚ 1870 ਨੂੰ ਕਪੂਰਥਲਾ ਤੋਂ ਵਿਲਾਇਤ ਰਵਾਨਾ ਹੋਇਆ। ਮੁੰਬਈ ਤੋਂ ਉਹ ਸਮੁੰਦਰੀ ਬੇੜੇ ਰਾਹੀ ਇੰਗਲੈਂਡ ਜਾ ਰਿਹਾ ਸੀ ਕਿ ਅਦਨ ਨੇੜੇ ਰਾਜੇ ਦੀ ਹਾਲਤ ਵਿਗੜ ਗਈ ਤੇ 2 ਅਪ੍ਰੈਲ 1870 ਨੂੰ ਸਮੁੰਦਰੀ ਰਸਤੇ ਵਿਚਕਾਰ ਉਸ ਦੀ ਮੌਤ ਹੋ ਗਈ। ਰਾਜਾ ਰਣਧੀਰ ਸਿੰਘ ਦਾ ਸਸਕਾਰ ਨਾਸਿਕ ਵਿਖੇ ਕੀਤਾ ਗਿਆ।

### ਮਹਾਰਾਜਾ
## ਖੜਕ ਸਿੰਘ



ਰਾਜਾ ਰਣਧੀਰ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਖੜਕ ਸਿੰਘ 20 ਸਾਲ ਦੀ ਉਮਰ ਵਿਚ 12 ਮਈ 1870 ਨੂੰ ਗੱਦੀ 'ਤੇ ਬੈਠਾ ਪਰ ਉਹ ਸਿਰਫ਼ 7 ਸਾਲ ਰਾਜ ਕਰ ਸਕਿਆ। ਦਿਮਾਗ਼ੀ ਬਿਮਾਰੀ ਤੋਂ ਪੀੜਤ ਹੋ ਕੇ 1879 ਵਿਚ ਉਸ ਦੀ ਮੌਤ ਹੋ ਗਈ। ਰਾਜਾ ਖੜਕ ਸਿੰਘ ਨੇ ਆਪਣੇ ਰਾਜਕਾਲ ਦੌਰਾਨ ਪਿਤਾ ਰਾਜਾ ਰਣਧੀਰ ਸਿੰਘ ਦੀ ਯਾਦ 'ਚ ਰਣਧੀਰ ਕਾਲਜ (ਮੌਜੂਦਾ ਨਾਂ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ) ਤੇ 'ਰਣਧੀਰ ਸ਼ਫ਼ਾਖ਼ਾਨਾ' ਦੀ ਸਥਾਪਨਾ ਕੀਤੀ। ਰਾਜਾ ਖੜਕ ਸਿੰਘ ਆਪਣੇ ਪਿਤਾ ਵਾਂਗ ਕੁਸ਼ਲ ਤੇ ਸਿਆਣਾ ਸੀ। 9 ਮਈ 1874 ਈਸਵੀ ਨੂੰ ਕਾਂਗੜਾ ਜ਼ਿਲ੍ਹੇ ਵਿਚ ਧਰਮਸ਼ਾਲਾ ਦੇ ਨੇੜੇ ਸਥਿਤ ਭਾਗਸੂ (ਭਾਗਸੂਨਾਗ) ਨਾਂ ਦੇ ਪਹਾੜੀ ਸਥਾਨ 'ਤੇ ਕੁਝ ਦਿਨ ਗੁਜ਼ਾਰਨ ਤੋਂ ਬਾਅਦ ਕਪੂਰਥਲਾ ਪਰਤਦੇ ਸਮੇਂ ਹੁਸ਼ਿਆਰਪੁਰ ਪੁੱਜਣ 'ਤੇ ਖੜਕ ਸਿੰਘ ਨੂੰ ਇਸ ਮਾਨਸਿਕ ਰੋਗ ਦਾ ਪਹਿਲੀ ਵਾਰ ਦੌਰਾ ਪਿਆ। ਇਲਾਜ ਨਾਲ ਕੋਈ ਫ਼ਾਇਦਾ ਨਾ ਹੋਇਆ। ਰਿਆਸਤ ਦਾ ਪ੍ਰਬੰਧ ਚਲਾਉਣ ਲਈ ਸਰਕਾਰ ਵੱਲੋਂ 'ਗਵਰਨਮੈਂਟ ਕੌਂਸਲ ਆਫ ਰਿਜੈਂਸੀ' ਬਣਾਈ ਗਈ। ਤਿੰਨ ਸਾਲ ਤਕ ਰਾਜਾ ਖੜਕ ਸਿੰਘ ਦੀ ਸਿਹਤ 'ਚ ਕੋਈ ਸੁਧਾਰ ਨਾ ਹੋਣ ਕਾਰਨ ਸਰਕਾਰ ਨੇ ਰਿਆਸਤ ਦਾ ਪ੍ਰਬੰਧ ਚਲਾਉਣ ਲਈ ਸਰ ਲੈਪਲ ਨੂੰ 18 ਅਪ੍ਰੈਲ 1875 ਨੂੰ ਕਪੂਰਥਲਾ ਦਾ ਸੁਪਰਡੈਂਟ ਨਿਯੁਕਤ ਕਰਕੇ ਕੌਂਸਲ ਨੂੰ ਉਸ ਦੇ ਅਧੀਨ ਕਰ ਦਿੱਤਾ। ਰਾਜਾ ਖੜਕ ਸਿੰਘ ਨੂੰ ਪੌਣ-ਪਾਣੀ ਦੀ ਤਬਦੀਲੀ ਲਈ ਪਹਾੜੀ ਇਲਾਕੇ ਦੇ ਭਾਗਸੂ (ਹਿਮਾਚਲ ਪ੍ਰਦੇਸ਼) ਦੇ ਕੁਦਰਤੀ ਮਾਹੌਲ 'ਚ ਭੇਜਿਆ ਗਿਆ ਜਿੱਥੇ 5 ਸਤੰਬਰ 1877 ਨੂੰ ਰਾਜਾ ਖੜਕ ਸਿੰਘ ਚਲਾਣਾ ਕਰ ਗਿਆ।

# ਮੁੱਖ ਮੰਤਰੀ ਨੇ ਨਾਗਰਿਕਾਂ ਲਈ ਤੀਰਥ ਯਾਤਰਾ ਦੇ ਮੌਕੇ ਵਧਾਉਣ ਲਈ ਸੈਰ-ਸਪਾਟਾ ਦੀ ਵੱਖ-ਵੱਖ ਯੋਜਨਾਵਾਂ ਦਾ ਵਿਸਤਾਰ ਕਰਨ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਗੋਲਡਨ ਜੈਯੰਤੀ ਗੁਰੂ ਦਰਸ਼ਨ ਯਾਤਰਾ ਯੋਜਨਾ, ਸਿੰਧੂ ਦਰਸ਼ਨ ਯਾਤਰਾ ਅਤੇ ਕੈਲਾਸ਼ ਮਾਨਸਰੋਵਰ ਯਾਤਰਾ ਦਾ ਵਿਸਤਾਰ ਕਰਨ ਦੇ ਨਿਰਦੇਸ਼ ਦਿੱਤੇ ਹਨ, ਤਾਂ ਜੋ ਨਾਗਰਿਕਾਂ ਲਈ ਤੀਰਥਯਾਤਰਾ ਦੇ ਮੌਕਿਆਂ ਵਿੱਚ ਵਾਧਾ ਹੋ ਸਕੇ। ਨਾਲ ਹੀ, ਸੈਰ-ਸਪਾਟਾ ਵਿਭਾਗ ਨੂੰ ਹਰਿਆਣਾ ਦੇ ਸਾਰੇ ਪੰਜ ਹੋਟਲ ਪ੍ਰਬੰਧਨ ਸੰਸਥਾਨਾਂ (ਆਈਐਚਐਮ) ਵਿੱਚ ਬਿਹਤਰ ਵਿਦਿਆਰਥੀ ਦਾਖਲਾ ਯਕੀਨੀ ਕਰਨ ਦੀ ਸਹੀ ਵਿਵਸਥਾ ਯਕੀਨੀ ਕਰਨ ਦੇ ਵੀ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਰਾਸਤ ਅਤੇ ਸੈਰ-ਸਪਾਟਾ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਵਿੱਚ ਵਿਰਾਸਤ ਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਵੀ ਮੌਜੂਦ ਸਨ।

ਮੁੱਖ ਮੰਤਰੀ ਨੂੰ ਜਾਣੂ ਕਰਾਇਆ ਕਿ ਡਿਜੀਟਲ ਬਦਲਾਅ ਦੀ ਦਿਸ਼ਾ ਵਿੱਚ ਇੱਕ ਵੱਡੇ ਕਦਮ ਵਜੋਂ, ਹਰਿਆਣਾ ਸੈਰ-ਸਪਾਟਾ ਨਿਗਮ ਆਪਣੇ 42 ਟੂਰੀਜ਼ਮ ਕੰਪਲੈਕਸ ਵਿੱਚ ਬੈਂਕੁਏਟ ਹਾਲ, ਕਮੇਟੀ ਰੂਮ ਅਤੇ ਸੰਮੇਲਨ ਹਾਲ ਲਈ ਬੁਕਿੰਗ ਪ੍ਰਣਾਲੀ ਨੂੰ ਡਿਜੀਟਲ ਕਰੇਗਾ। ਮੁੱਖ ਮੰਤਰੀ ਨੇ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਡਿਜੀਟਲ ਬੁਕਿੰਗ ਪਹਿਲ ਅਤੇ ਮੇਕ ਮਾਈ ਟ੍ਰਿਪ ਅਤੇ ਬੁਕਿੰਗਜਿਨੀ ਵਰਗੇ ਆਨਲਾਇਨ ਟ੍ਰੈਵਲ ਏਜੰਟਾਂ ਦੇ ਨਾਲ ਸਹਿਯੋਗ ਦੀ ਵੀ ਸਮੀਖਿਆ ਕੀਤੀ।

ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਹਰਿਆਣਾ ਸੈਰ-ਸਪਾਟਾ ਨਿਗਮ ਦੇ ਤਹਿਤ ਆਉਣ ਵਾਲੇ ਪੂਰੇ ਸੂਬੇ ਦੇ ਸਾਰੇ ਟੂਰੀਜ਼ਮ ਕੰਪਲੈਕਸ ਦੇ ਸੁੰਦਰੀਕਰਣ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਇਸ ਪਹਿਲ ਨਾਲ ਜਨਤਾ ਦੇ ਵਿਚ ਨਾ ਸਿਰਫ ਇਨ੍ਹਾਂ ਪਰਿਸਰਾਂ ਦੀ ਪ੍ਰਸਿੱਧੀ ਵਧੇਗੀ, ਸਗੋਂ ਉਨ੍ਹਾਂ ਦੇ ਮਾਲ ਵਿੱਚ ਵੀ ਵਰਣਨਯੋਗ ਵਾਧਾ ਹੋਵੇਗਾ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਹਰਿਆਣਾ ਵਿੱਚ ਸੈਰਸਪਾਟਾ ਨੂੰ ਹੋਰ ਵੱਧ ਪ੍ਰੋਤਸਾਹਨ ਦੇਣ ਦੇ ਲਈ ਪ੍ਰਤੀਬੱਧ ਹੈ ਅਤੇ ਇਸ ਦਿਸ਼ਾ ਵਿੱਚ ਕਈ ਵਿਸ਼ੇਸ਼ ਪਹਿਲ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਵਿੱਚ ਹੋਮ ਸਟੇ ਯੋਜਨਾ ਨੂੰ ਲਾਗੂ ਕਰਨਾ, ਫਾਰਮ ਟੂਰੀਜ਼ਮ ਨੂੰ ਪ੍ਰੋਤਸਾਹਨ, ਏਡਵੇਂਚਰ ਖੇਡ ਗਤੀਵਿਧੀਆਂ ਅਤੇ ਡੇਸਟੀਨੇਸ਼ਨ ਵੇਡਿੰਗ ਵਰਗੀ ਯੋਜਨਾਵਾਂ ਸ਼ਾਮਿਲ ਹਨ।

ਪਿੰਜੌਰ ਸਥਿਤ ਯਾਦਵੇਂਦਰ ਗਾਰਡਨ ਵਿੱਚ ਡੇਸਟੀਨੇਸ਼ਨ ਵੇਡਿੰਗ ਦੀ ਸਫਲਤਾ ਨੂੰ ਦੇਖਦੇ ਹੋਏ ਹੁਣ ਇਸ ਯੋਜਨਾ ਦਾ ਵਿਸਤਾਰ ਫਰੀਦਾਬਾਦ ਸਥਿਤ ਰਾਜਾ ਨਾਹਰ ਸਿੰਘ ਪੈਲੇਸ ਲਈ ਵੀ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਹੈ। ਯਾਦਵੇਂਦਰ ਗਾਰਡਨ ਵਿੱਚ ਕਿਰਾਇਆ 10 ਲੱਖ ਰੁਪਏ ਹੈ। ਮੁੱਖ ਮੰਤਰੀ ਨੇ ਯਾਦਵੇਂਦਰ ਗਾਰਡਨ ਨੂੰ ਹੋਰ ਵੱਧ ਦਿਲਖਿੱਚ ਬਨਾਉਣ ਦੀ ਜ਼ਰੂਰਤ 'ਤੇ ਜੋਰ ਦਿੰਦਾ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਇਸ ਗਾਰਡਨ ਵਿੱਚ ਸ੍ਰੀਨਗਰ ਦੇ ਪ੍ਰਸਿੱਧ ਟਿਯੂਲਿਪ ਗਾਰਡਨ ਦੀ ਤਰ੍ਹਾ ਵੱਖ-ਵੱਖ ਦੇ ਤਰ੍ਹਾ ਦੇ ਫੁੱਲ ਲਗਾਏ ਜਾਣ ਤਾਂ ਜੋ ਇਸ ਦੇ ਸੁੰਦਰਤਾ ਨੂੰ ਵਧਾਇਆ ਜਾ ਸਕੇ। ਇਸ ਦੇ ਨਾਲ ਹੀ ਉਨ੍ਹਾਂ ਨੇ ਸੈਰ-ਸਪਾਟਾ ਵਿਭਾਗ ਨੂੰ ਵਨ ਅਤੇ ਜੰਗਲੀ ਜੀਵ ਵਿਭਾਗ ਦੇ ਨਾਲ ਤਾਲਮੇਲ ਸਥਾਪਿਤ ਕਰ ਗਾਰਡਨ ਪਰਿਸਰ ਵਿੱਚ ਇੱਕ ਮਿਨੀ ਜੂ ਸਥਾਪਿਤ ਕਰਨ ਦੀ ਸੰਭਾਵਨਾਵਾਂ ਦਾ ਅਧਿਐਨ ਕਰਨ ਦੇ ਵੀ ਨਿਰਦੇਸ਼ ਦਿੱਤੇ, ਜਿਸ ਨਾਲ ਸੈਨਾਨੀਆਂ ਦੀ ਗਿਣਤੀ ਵਿੱਚ ਹੋਰ ਇਜਾਫਾ ਹੋ ਸਕੇ।

ਮੁੱਖ ਮੰਤਰੀ ਨੂੰ ਜਾਣੂ ਕਰਾਇਆ ਗਿਆ ਕਿ ਭਾਰਤ ਸਰਕਾਰ ਦੀ ਸਵਦੇਸ਼ ਦਰਸ਼ਨ ਯੋਜਨਾ 2.0 ਤਹਿਤ ਯਾਦਵੇਂਦਰ ਗਾਰਡਨ ਦੇ ਪੁਨਰ ਨਿਰਮਾਣ ਅਤੇ ਸੁੰਦਰੀਕਰਣ ਲਈ 65.82 ਕਰੋੜ ਰੁਪਏ ਦੀ ਰਕਮ ਮੰਜੂਰ ਕੀਤੀ ਗਈ ਹੈ। ਇਸ ਯੋਜਨਾ ਤਹਿਤ ਪਾਰਕਿੰਗ ਦਾ ਵਿਕਾਸ, ਵਿਰਾਸਤ ਭਵਨਾਂ ਦਾ ਸਰੰਖਣ ਅਤੇ ਮੁੜ ਵਰਤੋਂ, ਪਾਣੀ ਦੇ ਚੈਨਲ ਤੇ ਫੁਵਾਰਾ ਪ੍ਰਣਾਲੀ ਦਾ ਮੁੜ ਨਿਰਮਾਣ, ਕਾਨਫ੍ਰੈਂਸ ਹਾਲ, ਪਰਿਸਰ ਦੀ ਲਾਈਟਿੰਗ ਤ। ਬਿਜਲੀਕਰਣ ਅਤੇ ਸੀਸੀਟੀਵੀ ਨਿਗਰਾਨੀ ਪ੍ਰਣਾਲੀ ਵਰਗੀ ਗਤੀਵਿਧੀਆਂ ਸ਼ਾਮਿਲ ਹਨ। ਇਸ ਤੋਂ ਇਲਾਵਾ, ਰਾਣੀ ਮਹਿਲ ਦੇ ਮੁੜ ਵਿਸਥਾਰ ਦਾ ਵੀ ਪ੍ਰਸਤਾਵ ਹੈ। ਨਾਲ ਹੀ, ਮਨੋਰੰਜਨ ਪਾਰਕ ਲਈ ਨਵਾਂ ਟੇਂਡਰ ਜਾਰੀ ਕੀਤਾ ਜਾਵੇਗਾ, ਜਿਸ ਨਾਲ ਯਾਦਵੇਂਦਰ ਗਾਰਡਨ ਵਿੱਚ ਸੈਨਾਨੀਆਂ ਦੀ ਗਿਣਤੀ ਵਿੱਚ ਵਰਣਨਯੋਗ ਵਾਧਾ ਹੋਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਨਿਰਦੇਸ਼ ਦਿੱਤੇ ਕਿ ਪੰਚਕੂਲਾ ਜ਼ਿਲ੍ਹੇ ਦੇ ਮੋਰਨੀ ਸਥਿਤ ਟਿੱਕਰਤਾਲ ਨੂੰ ਇੱਕ ਪ੍ਰਮੁੱਖ ਸੈਰ-ਸਪਾਟਾ ਸਥਾਨ ਵਜੋਂ ਵਿਕਸਿਤ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸੈਨਾਨੀਆਂ ਨੂੰ ਖਿੱਚਣ ਲਈ ਇੱਥੇ ਰੋਪਵੇ ਅਤੇ ਸਿਵਿਗ ਪੂਲ ਵਰਗੀ ਆਧੁਨਿਕ ਸਹੂਲਤਾਂ ਉਪਲਬਧ ਕਰਾਈਆਂ ਜਾਣਗੀਆਂ। ਨਾਲ ਹੀ, ਟਿੱਕਰ ਤਾਲ ਤੱਕ ਆਉਣ ਵਾਲੀ ਸੜਕ ਚੌੜਾ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਤਾਂ ਜੋ ਟ੍ਰੈਫਿਕ ਜਾਮ ਤੋਂ ਬਚਿਆ ਜਾ ਸਕੇ ਅਤੇ ਵਾਹਨਾ ਦੀ ਆਵਾਜਾਈ ਸਰਲ ਬਣੀ ਰਹੇ। ਮੀਟਿੰਗ ਵਿੱਚ ਦਸਿਆ ਗਿਆ ਕਿ ਭਾਰਤ ਸਰਕਾਰ ਤੋਂ ਟਿੱਕਰ ਤਾਲ ਦੇ ਵਿਕਾਸ ਤਹਿਤ 26.6 ਕਰੋੜ ਰੁਪਏ ਦੀ ਰਕਮ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ, ਸੈਨਾਨੀਆਂ ਨੂੰ ਖਿਚਣ ਲਈ ਜਿਪ ਵਾਹਨ ਅਤੇ ਸਵਿਸ ਟੇਂਟ ਵਰਗੀ ਵੱਖ ਗਤੀਵਿਧੀਆਂ ਦੀ ਵੀ ਯੋਜਨਾ ਹੈ। ਸੂਰਜਕੁੰਡ, ਫਰੀਦਾਬਾਦ ਵਿੱਚ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਦੇ ਨਿਰਦੇਸ਼ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਦੇ ਪ੍ਰਸਿੱਧ ਮੁਗਲ ਗਾਰਡਨ ਦੀ ਤਰਜ 'ਤੇ 10 ਏਕੜ ਖੇਤਰ ਵਿੱਚ ਇੱਕ ਸੁੰਦਰ ਗਾਰਡਨ ਵਿਕਸਿਤ ਕੀਤਾ ਜਾਵੇ। ਗਾਰਡਨ ਵਿੱਚ ਹਰਿਆਲੀ ਦੇ ਨਾਲ-ਨਾਲ ਏਡਵੇਂਚਰ ਗਤੀਵਿਧੀਆਂ, ਲਾਈਟਿੰਗ, ਸੰਗੀਤ ਅਤੇ ਲੇਜਰ ਸ਼ੋ ਵਰਗੀ ਸਹੂਲਤਾ ਵੀ ਸ਼ਾਮਿਲ ਕੀਤੀਆਂ ਜਾਣਗੀਆਂ, ਤਾਂ ਜੋ ਆਮ ਜਨਤਾ ਨੂੰ ਇੱਕ ਖੁਸ਼ਹਾਲ ਅਤੇ ਮਨੋਰੰਜਕ ਤਜਰਬਾ ਮਿਲ ਸਕੇ ਮੁੱਖ ਮੰਤਰੀ ਨੇ ਗੋਲਡਨ ਜੈਯੰਤੀ ਗੁਰੂ ਦਰਸ਼ਨ ਯੋਜਨਾ ਦੀ ਸਮੀਖਿਆ ਕਰਦੇ ਹੋਏ ਨਿਰਦੇਸ਼ ਦਿੱਤੇ ਕਿ ਨਨਕਾਣਾ ਸਾਹਿਬ, ਪਟਨਾ ਸਾਹਿਬ, ਹੇਮਕੁੰਟ ਸਾਹਿਬ, ਆਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਵਰਗੇ ਪ੍ਰਮੁੱਖ ਧਾਰਮਿਕ ਸਥਾਨਾਂ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਿਲ ਕੀਤਾ ਜਾਵੇ। ਇਸ ਯੋਜਨਾ ਤਹਿਤ ਹਰਿਆਣਾ ਦੇ ਨਿਵਾਸੀਆਂ ਨੂੰ ਗੁਰੂ ਦਰਸ਼ਨ ਯਾਤਰਾ 'ਤੇ ਜਾਣ ਲਈ 6000 ਰੁਪਏ ਤੱਕ ਜਾਂ ਮੌਜੂਦਾ ਖਰਚ ਦਾ 50 ਫੀਸਦੀ (ਜੋ ਵੀ ਘੱਟ ਹੋਵੇ) ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਵਿਭਾਗ ਦੀ ਇੱਕ ਹੋਰ ਯੋਜਨਾ ਤਹਿਤ ਰਾਜ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਿਦਿਅਕ ਦੌਰੇ 'ਤੇ ਮਨਾਲੀ ਲੈ ਜਾਇਆ ਜਾਂਦਾ ਹੈ। ਨਾਲ ਹੀ, ਆਈਆਈਟੀ ਵੱਲੋਂ ਵਿਦਿਆਰਥੀਆਂ ਲਈ ਟ੍ਰੇਨਿੰਗ ਵੱਲੋਂ ਜਿਮ ਕਾਰਬੇਟ ਨੇਸ਼ਨਲ ਪਾਰਕ ਦੀ ਯਾਤਰਾ ਪ੍ਰਬੰਧਿਤ ਕਰਨ ਦਾ ਵੀ ਪ੍ਰਸਤਾਵ ਪ੍ਰਾਪਤ ਹੋਇਆ ਹੈ।

## ਜ਼ਿਲ੍ਹਾ ਯਮੁਨਾਨਗਰ ਵਿੱਚ ਅਵੈਧ ਖਨਨ ਅਤੇ ਟਰਾਂਸਪੋਰਟ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀਬੱਧ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਅਵੈਧ ਖਨਨ ਦੇ ਵਿਰੁੱਧ ਸਖਤ ਕਦਮ ਚੁੱਕ ਰਹੀ ਹੈ ਅਤੇ ਖਨਨ ਵਿਭਾਗ ਵੱਲੋਂ ਲਗਾਤਾਰ ਇਸ 'ਤੇ ਨਜ਼ਰ ਬਣਾਏ ਹੋਏ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਨਿਰਦੇਸ਼ਾਂ ਅਨੁਸਾਰ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ.ਐਮ. ਪਾਂਡੁਰੰਗ ਖੁਦ ਖਨਨ ਵਿਭਾਗ ਦੀ ਗਤੀਵਿਧੀਆਂ 'ਤੇ ਮਾਨੀਟਰਿੰਗ ਕਰ ਰਹੇ ਹਨ।

ਖਨਨ ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਜਿਲ੍ਹਾ ਯਮੁਨਾਨਗਰ ਵਿੱਚ ਜਿਲ੍ਹਾ ਪ੍ਰਸ਼ਾਸਨ ਤੇ ਖਨਨ ਵਿਭਾਗ ਵੱਲੋਂ ਕੁੱਲ 3943 ਵਾਹਨਾਂ ਦੀ ਚੈਕਿੰਗ ਦੌਰਾਨ 2 ਵਾਹਨ ਸੀਜ਼ ਕਰ 4 ਲੱਖ 26 ਹਜਾਰ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਹਰਿਆਣਾ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਅਵੈਧ ਖਨਨ ਕਰਨ ਵਾਲੇ ਲੋਕਾਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਦੇ ਲਈ ਵੱਖ-ਵੱਖ ਪੱਧਰ 'ਤੇ ਟੀਮਾਂ ਦਾ ਗਠਨ ਕਰਦੇ ਹੋਏ ਮਾਨੀਟਰਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿਲ੍ਹੇ ਵਿੱਚ ਅਵੈਧ ਖਨਨ ਅਤੇ ਟ੍ਰਾਂਸਪੋਰਟ ਨੂੰ ਰੋਕਣ ਲਈ ਪ੍ਰਸ਼ਾਸਨ ਪ੍ਰਤੀਬੱਧ ਹੈ ਅਤੇ ਸਮੂਚੇ ਯਤਨ ਲਗਾਤਾਰ ਜਾਰੀ ਹਨ।

ਬੁਲਾਰੇ ਨੇ ਦਸਿਆ ਕਿ ਐਸਡੀਐਮ ਛਛਰੌਲੀ ਦੀ ਟੀਮਾਂ ਵੱਲੋਂ 2766 ਵਾਹਨਾਂ ਦੀ ਚੈਕਿੰਗ ਕਰ 2 ਵਾਹਨਾਂ ਨੂੰ ਸੀਜ਼ ਕੀਤਾ ਗਿਆ ਜਿਸ 'ਤੇ 4 ਲੱਖ 26 ਹਜਾਰ ਰੁਪਏ ਜੁਰਮਾਨਾ ਲਗਾਇਆ ਗਿਆ। ਇਸੀ ਤਰ੍ਹਾ ਐਸਡੀਐਮ ਜਗਾਧਰੀ ਦੀ ਟੀਮਾਂ ਵੱਲੋਂ 482 ਵਾਹਨਾਂ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਨੇ ਦਸਿਆ ਕਿ ਐਸਡੀਐਮ ਰਾਦੌਰ ਦੀ ਟੀਮਾਂ ਵੱਲੋਂ 609 ਵਾਹਨਾਂ ਦੀ ਚੈਕਿੰਗ ਦੌਰਾਨ 1 ਵਾਹਨ ਦਾ ਚਾਲਾਨ ਕਰ 5500 ਰੁਪਏ ਦਾ ਜੁਰਮਾਨਾ ਲਗਾਇਆ ਗਿਆ।

ਉਨ੍ਹਾਂ ਦਸਿਆ ਕਿ ਇਸੀ ਤਰ੍ਹਾ ਐਸਡੀਐਮ ਵਿਆਸਪੁਰ ਦੀ ਟੀਮ ਵੱਲੋਂ 386 ਵਾਹਨਾਂ ਦੀ ਚੈਕਿੰਗ ਕੀਤੀ ਗਈ। ਜਿਲ੍ਹਾ ਦੇ ਸਾਰੇ ਐਸਡੀਐਮ, ਪੁਲਿਸ ਵਿਭਾਗ ਤੇ ਖਨਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਦਿਨ-ਰਾਤ ਚੈਕਿੰਗ ਕੀਤੀ ਜਾ ਰਹੀ ਹੈ। ਅਵੈਧ ਖਨਨ ਦੀ ਰੋਕਥਾਮ ਨੂੰ ਲੈ ਕੇ ਜਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾ ਨਾਲ ਸੁਚੇਤ ਹੈ ਅਤੇ ਅਜਿਹੇ ਲੋਕਾਂ 'ਤੇ ਪੈਨੀ ਨਜਰ ਬਣਾਏ ਹੋਏ ਹੈ। ਜਿਲ੍ਹਾ ਵਿੱਚ ਅਵੈਧ ਖਨਨ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਅਜਿਹੇ ਲੋਕਾਂ ਦੇ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ। ਉਨ੍ਹਾਂ ਨੇ ਦਸਿਆ ਕਿ ਅਵੈਧ ਖਨਨ ਦੀ ਸ਼ਿਕਾਇਤ ਦਰਜ ਕਰਨ ਲਈ ਹਰਿਆਣਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੈਲਪਲਾਇਨ ਨੰਬਰ 9417250172 'ਤੇ ਸੰਪਰਕ ਕਰ ਸਕਦੇ ਹਨ।

## ਹਰਿਆਣਾ ਪੁਲਿਸ ਦੀ ਉੱਚ ਪੱਧਰੀ ਸਮੀਖਿਆ ਮੀਟਿੰਗ : ਅਪਰਾਧ ਕੰਟਰੋਲ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਨੂੰ ਸੁਰੱਖਿਅਤ, ਅਪਰਾਧ ਮੁਕਤ ਅਤੇ ਡਰ ਮੁਕਤ ਬਨਾਉਣ ਦੇ ਉਦੇਸ਼ ਨਾਲ ਪੁਲਿਸ ਡਾਇਰੈਕਟਰ ਜਨਰਲ ਸ੍ਰੀ ਸ਼ਤਰੂਜੀਤ ਕਪੂਰ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਰਾਜ ਪੱਧਰੀ ਸਮੀਖਿਆ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ। ਪੁਲਿਸ ਮੁੱਖ ਦਫਤਰ, ਪੰਚਕੂਲਾ ਤੋਂ ਵੀਡੀਓ ਕਾਨਫ ?ਰੈਂਸਿੰਗ ਰਾਹੀਂ ਜੁੜ ਕੇ ਸੂਬੇ ਦੇ ਸਾਰੇ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਇਸ ਵਿੱਚ ਹਿੱਸਾ ਲਿਆ।

ਮੀਟਿੰਗ ਵਿੱਚ ਹਿੰਸਕ ਅਪਰਾਧਾਂ ਦੀ ਰੋਕਥਾਮ, ਅੱਤਵਾਦ ਨਾਲ ਜੁੜੀ ਗਤੀਵਿਧੀਆਂ 'ਤੇ ਚੌਕਸ ਨਿਗਰਾਨੀ, ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਹਰਿਆਣਾ ਨੂੰ ਨਸ਼ਾਮੁਕਤ ਬਨਾਉਣ ਦੀ ਰਣਨੀਤੀ, ਅਵੈਧ ਇਮੀਗੇ ?ਰਸ਼ਨ 'ਤੇ ਕਾਰਵਾਈ, ਵਾਹਨ ਚੋਰੀ 'ਤੇ ਕੰਟਰੋਲ, ਪੁਲਿਸ ਫੋਰਸ ਦੀ ਸਿਖਲਾਈ ਅਤੇ ਸਮਰੱਥਾ ਨਿਰਮਾਣ ਅਤੇ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਪ੍ਰਭਾਵੀ ਲਾਗੂ ਕਰਨ ਵਰਗੇ ਕਈ ਮਹਤੱਵਪੂਰਣ ਮੁੱਦਿਆਂ 'ਤੇ ਵਿਆਪਕ ਚਰਚਾ ਹੋਈ।

ਸ੍ਰੀ ਕਪੂਰ ਨੇ ਕਿਹਾ ਕਿ ਹਰ ਵਿਅਕਤੀ ਦਾ ਜੀਵਨ ਅਨਮੋਲ ਹੈ, ਅੰਤ ਸੜਕ ਦੁਰਘਟਨਾਵਾਂ ਨੂੰ ਰੋਕਣਾ ਪੁਲਿਸ ਦੀ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਦੁਰਘਟਨਾ ਦੇ ਕਾਰਣਾਂ ਦੀ ਜੜ ਤੱਕ ਜਾਵੇ ਅਤੇ ਕਾਰਨਾਂ ਦੀ ਪਹਿਚਾਣ ਕਰਦੇ ਹੋਏ ਉਨ੍ਹਾਂ ਦੇ ਕੰਟਰੋਲ ਲਈ ਠੋਸ ਕਦਮ ਚੁੱਕਣ। ਸੜਕਾਂ 'ਤੇ ਬਣੇ ਅਵੈਧ ਕੱਟ ਜੋ ਅਕਸਰ ਘਾਤਕ ਸੜਕ ਦੁਰਘਟਨਾ ਦਾ ਕਾਰਨ ਬਣਦੇ ਹਨ ਉਨ੍ਹਾਂ ਨੂੰ ਬੰਦ ਕਰਵਾਉਣ। ਨਾਲ ਹੀ ਸ਼ਰਾਬ ਪੀ ਕੇ ਵਾਹਨ ਚਲਾਉਣ ਤੇ ਓਵਰਸਪੀਡ ਵਾਹਨ ਚਲਾਉਣ ਵਾਲਿਆਂ 'ਤੇ ਸਖਤ ਕਾਰਵਾਈ ਕਰਨਾ ਯਕੀਨੀ ਕਰਨ।

ਮੋਟਰ ਵਾਹਨ ਚੋਰੀ ਨੂੰ ਵੱਡੀ ਚਨੌਤੀ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ ਵਿਸ਼ੇਸ਼ ਟੀਮ ਗਠਨ ਕਰ ਨਿਗਰਾਨੀ ਅਤੇ ਸਮੀਖਿਆ ਸਿਸਟਮ ਮਜਬੂਤ ਕੀਤਾ ਜਾਵੇ। ਅਪਰਾਧੀਆਂ ਦੀ ਪਹਿਚਾਣ ਕਰ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਜੋ ਗੈਂਗ ਅਧਾਰਿਤ ਅਪਰਾਧਾਂ 'ਤੇ ਪ੍ਰਭਾਵੀ ਕੰਟਰੋਲ ਸੰਭਵ ਹੋਵੇ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀ ਅਪਰਾਧੀਆਂ ਦਾ ਵਾਹਨ ਚੋਰੀ ਦਾ ਪੈਟਰਨ ਸਮਝਣ ਅਤੇ ਰਿਕਵਰੀ ਵਧਾਉਣ ਦੀ ਦਿਸ਼ਾ ਵਿੱਚ ਯਤਨ ਕਰਨ।

## ਪੁਲਿਸ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਨਿਰਦੇਸ਼, ਪੜਤਾਲ ਤੋਂ ਬਾਅਦ ਅਰਜ਼ੀਆਂ ਸਿੱਧੀਆਂ ਹੈਡਕੁਆਰਟਰ ਭੇਜੀਆਂ ਜਾਣ

**ਲੁਧਿਆਣਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਕਮਿਸ਼ਨਰ ਲੁਧਿਆਣਾ ਸਵੱਪਨ ਸ਼ਰਮਾ, ਆਈ.ਪੀ.ਐਸ. ਵੱਲੋਂ ਪਬਲਿਕ ਹਿੱਤ ਵਿੱਚ ਹੁਕਮ ਜਾਰੀ ਕਰਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਆਮ ਪਬਲਿਕ ਦੀ ਜਦੋਂ ਵੀ ਕੋਈ ਦਰਖਾਸਤ ਕਿਸੇ ਅਧਿਕਾਰੀ ਨੂੰ ਪੜਤਾਲ ਲਈ ਮਾਰਕ ਹੋਵੇਗੀ ਤਾਂ ਉਹ ਅਧਿਕਾਰੀ ਤੁਰੰਤ ਉਸ ਦਰਖਾਸਤ ਦੀ ਪੜਤਾਲ ਕਰਕੇ ਸਿੱਧੇ ਤੌਰ ਪਰ ਜਿਲ੍ਹਾ ਹੈਡਕੁਆਟਰ ਵਿਖੇ ਵਾਪਸ ਭੇਜੇਗਾ।

ਪੁਲਿਸ ਕਮਿਸ਼ਨਰ ਸ਼ਰਮਾ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਪੁਲਿਸ ਕਮਿਸ਼ਨਰੇਟ, ਲੁਧਿਆਣਾ ਵਿਖੇ ਆਮ ਪਬਲਿਕ ਵੱਲੋਂ ਦਿੱਤੀਆਂ ਜਾਣ ਵਾਲੀਆਂ ਦਰਖਾਸਤਾਂ ਜ਼ਿਲ੍ਹਾ ਹੈਡਕੁਆਰਟਰ ਵਿਖੇ ਤਾਇਨਾਤ ਸੀਨੀਅਰ ਅਧਿਕਾਰੀਆਂ ਵੱਲੋਂ ਜਦੋਂ ਵੀ ਕਿਸੇ ਅਧਿਕਾਰੀ ਨੂੰ ਪੜਤਾਲ ਲਈ ਮਾਰਕ ਕੀਤੀਆਂ ਜਾਂਦੀਆਂ ਸਨ ਤਾਂ ਉਸ ਅਧਿਕਾਰੀ ਵੱਲੋਂ ਦਰਖਾਸਤ ਦੀ ਪੜਤਾਲ ਉਪਰੰਤ ਇਹ ਦਰਖਾਸਤਾਂ ਸਿੱਧੇ ਤੌਰ 'ਤੇ ਹੈਡਕੁਆਰਟਰ ਵਾਪਸ ਭੇਜਣ ਦੀ ਬਜਾਏ ਆਪਣੇ ਜੋਨ ਅਧਿਕਾਰੀ ਰਾਹੀਂ ਫਾਰਵਰਡ ਕਰਵਾ ਕੇ ਇਸ ਦਫਤਰ ਪਾਸ ਭੇਜੀਆਂ ਜਾਂਦੀਆਂ ਸਨ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਤਹਿਤ ਆਮ ਪਬਲਿਕ ਨੂੰ ਕਾਫੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਵੱਖ-ਵੱਖ ਦਫਤਰਾਂ ਵਿੱਚ ਚੱਕਰ ਲਗਾਉਣੇ ਪੈਂਦੇ ਸਨ। ਇਸ ਨਾਲ ਪੁਲਿਸ ਅਤੇ ਪਬਲਿਕ ਦੋਨਾ ਦਾ ਸਮਾਂ ਬਰਬਾਦ ਹੁੰਦਾ ਸੀ ਅਤੇ ਦਰਖਾਸਤ ਦੇ ਨਿਪਟਾਰੇ ਵਿੱਚ ਵੀ ਬਿਨਾਂ ਵਜ੍ਹਾ ਦੇਰੀ ਹੋ ਜਾਂਦੀ ਸੀ।

ਪੁਲਿਸ ਕਮਿਸ਼ਨਰ ਲੁਧਿਆਣਾ ਸਵੱਪਨ ਸ਼ਰਮਾ, ਆਈ.ਪੀ.ਐਸ. ਵੱਲੋਂ ਸਪੱਸ਼ਟ ਕੀਤਾ ਗਿਆ ਕਿ ਇਸ ਪਹਿਲਕਦਮੀ ਨਾਲ ਜਿੱਥੇ ਆਮ ਪਬਲਿਕ ਦੀ ਪ੍ਰੇਸ਼ਾਨੀ ਘਟੇਗੀ ਉੱਥੇ ਦਰਖਾਸਤ ਦਾ ਨਿਪਟਾਰਾ ਵੀ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕੇਗਾ।

## ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਅਵਨੀ ਗਰੁੱਪ 17 ਦੇ ਵਿਦਿਆਰਥੀਆਂ ਵੱਲੋਂ ਵਾਤਾਵਰਨ ਸ਼ੁੱਧਤਾ ਲਈ ਬੂਟੇ ਲਗਾਉਣ ਦੀ ਕੀਤੀ ਸ਼ੁਰੂਆਤ



**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਅਵਨੀ ਗਰੁੱਪ 17 ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਨੇਚਰ ਪਾਰਕ ਵਿਖੇ ਵਾਤਾਵਰਣ ਸ਼ੁੱਧਤਾ ਲਈ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ ,ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ , ਵਿਸ਼ੇਸ਼ ਤੌਰ ਤੇ ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਅਵਨੀ ਗਰੁੱਪ 17 ਦੇ ਵਿਦਿਆਰਥੀਆਂ ਅਮਰਿੰਦਰ ਸਿੰਘ, ਹਰਨਾਮ ਸਿੰਘ, ਸੁਖਮਨ ਸੰਧੂ, ਪਲਵੀ ਸ਼ਰਮਾ,ਵਨਸਿਕਾ ਮਿੱਤਲ, ਰਿਸ਼ਬ ਗੁਪਤਾ ਤੋਂ ਇਲਾਵਾ ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ, ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਕਿਹਾ ਕਿ ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਅਵਨੀ ਗਰੁੱਪ 17 ਦੇ ਵਿਦਿਆਰਥੀਆਂ ਵੱਲੋਂ ਵਾਤਾਵਰਨ ਸ਼ੁੱਧਤਾ ਲਈ ਬੂਟੇ ਲਗਾਉਣ ਦੀ ਸ਼ੁਰੂਆਤ ਕਰਨੀ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਮਨੁੱਖ ਜਿਉਂਦੇ ਰਹਿਣ ਲਈ ਰੋਟੀ, ਹਵਾ, ਪਾਣੀ ਦੀ ਜ਼ਰੂਰਤ ਹੈ ਉਥੇ ਹੀ ਮਨੁੱਖ ਨੂੰ ਸ਼ੁੱਧ ਵਾਤਾਵਰਨ ਦੀ ਵੀ ਲੋੜ ਹੈ ਉਨ੍ਹਾਂ ਕਿਹਾ ਕਿ ਮਨੁੱਖ ਨੂੰ ਅਨੇਕਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਕਿ ਸਾਹ ਦੀ ਬੀਮਾਰੀ, ਫੇਫੜਿਆਂ ਦੀ ਬੀਮਾਰੀ, ਚਮੜੀ ਰੋਗ ਇਸ ਤੋਂ ਇਲਾਵਾ ਅਨੇਕਾਂ ਹੋਰ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦਾ ਮੁੱਖ ਕਾਰਨ ਦੂਸ਼ਿਤ ਵਾਤਾਵਰਣ ਹੈ ਉਹਨਾਂ ਕਿਹਾ ਕਿ ਸਾਨੂੰ ਆਪਣੇ ਲਈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਣ ਲਈ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ ਉਹਨਾਂ ਹੋਰਨਾਂ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਕਿਹਾ, ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਪੰਜ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨ। ਇਸ ਮੌਕੇ ਨੇਚਰ ਪਾਰਕ ਵਿੱਚ 50 ਅੰਬ, ਟਾਹਲੀ,ਨਿੰਮ,ਅਰਜਨ ਦੇ ਬੂਟੇ ਲਗਾਏ ਗਏ, ਇਸ ਮੌਕੇ ਜਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਉਹਨਾਂ ਦੀ ਟੀਮ ਇਹਨਾਂ ਵਿਦਿਆਰਥੀਆਂ ਦੀ ਸਮਾਜ਼ ਸੇਵੀ ਕਾਰਜਾਂ ਲਈ ਹਰ ਸੰਭਵ ਲਈ ਤਿਆਰ ਹੈ।

## ਕਾਂਗਰਸ ਦੀ ਪੰਜ ਸਾਲ ਦੀ ਸਰਕਾਰ ਦੇ ਮੁਕਾਬਲੇ ਸਿਰ਼ਫ ਤਿੰਨ ਸਾਲਾਂ ਵਿੱਚ ਜੀ.ਐਸ.ਟੀ ਵਸੂਲੀ ਵਿੱਚ ਤਿੰਨ ਗੁਣਾ ਵਾਧਾ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ ਕਿ ਕਰ ਚੋਰੀ ਨੂੰ ਸਖ਼ਤੀ ਨਾਲ ਨੱਥ ਪਾਈ ਜਾਵੇਗੀ ਅਤੇ ਕਰ ਚੋਰੀ ਕਰਨ ਵਾਲਿਆਂ ਨੂੰ ਕਾਨੂੰਨ ਅਨੁਸਾਰ ਨਤੀਜੇ ਭੁਗਤਣੇ ਪੈਣਗੇ।ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸਬੰਧੀ ਹੁਸ਼ਿਆਰਪੁਰ ਦੇ ਅਧਿਕਾਰੀਆਂ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਮਾਨਦਾਰ ਸਰਕਾਰ ਹੈ ਜਦਕਿ ਪਿਛਲੀਆਂ ਸਰਕਾਰਾਂ ਦੌਰਾਨ ਅਕਾਲੀ-ਭਾਜਪਾ ਅਤੇ ਕਾਂਗਰਸ ਪਾਰਟੀਆਂ ਦੀ ਕਰ ਚੋਰੀ ਕਰਨ ਵਾਲਿਆਂ ਨਾਲ ਮਿਲੀਭੁਗਤ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸੇ ਵੀ ਵਿਅਕਤੀ ਨੂੰ ਕਰ ਚੋਰੀ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਲੋੜੀਂਦੀ ਕਾਰਵਾਈ ਹੋਵੇਗੀ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੀ.ਐਸ.ਟੀ. ਕੁਲੈਕਸ਼ਨ ਵਿੱਚ ਹੋਏ ਮਹੱਤਵਪੂਰਨ ਵਾਧੇ ਬਾਰੇ ਵੇਰਵੇ ਦਿੰਦਿਆਂ ਦੱਸਿਆ ਕਿ 'ਆਪ' ਸਰਕਾਰ ਨੇ ਸਾਲ 2022-25 ਤੱਕ ਤਿੰਨ ਸਾਲਾਂ ਵਿੱਚ ਜੀ.ਐਸ.ਟੀ ਤੋਂ 64253 ਕਰੋੜ ਰੁਪਏ ਪ੍ਰਾਪਤ ਕੀਤੇ ਜਦਕਿ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੂੰ 2017-22 ਦੌਰਾਨ ਸਿਰਫ਼ 21286 ਕਰੋੜ ਪ੍ਰਾਪਤ ਹੋਏ ਸਨ, ਜੋ ਦੋਵਾਂ ਸਰਕਾਰਾਂ ਦੀ ਪਾਰਦਰਸ਼ਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਕਰ ਚੋਰੀ ਕਰਨ ਵਾਲਿਆਂ 'ਤੇ ਤਿੱਖੀ ਨਜ਼ਰ ਰੱਖਣ ਦੇ ਨਾਲ-ਨਾਲ ਕਾਨੂੰਨ ਅਨੁਸਾਰ ਸਮੇਂ ਸਿਰ ਕਾਰਵਾਈ ਕਰਨ ਲਈ ਟੈਕਸ ਇੰਟੈਲੀਜੈਂਸ ਯੂਨਿਟ ਦੀ ਸਥਾਪਨਾ ਕੀਤੀ ਗਈ ਹੈ।ਸਟੈਂਪ ਅਤੇ ਰਜਿਸਟ੍ਰੇਸ਼ਨ ਮਾਲੀਆ ਪ੍ਰਾਪਤੀਆਂ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਵਿੱਚ 12469 ਕਰੋੜ ਰੁਪਏ ਪ੍ਰਾਪਤ ਹੋਏ ਜਦੋਂਕਿ 'ਆਪ' ਸਰਕਾਰ ਨੇ ਸਿਰਫ ਤਿੰਨ ਸਾਲਾਂ ਵਿੱਚ 14786 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕਰ ਚੋਰਾਂ ਵਿਰੁੱਧ ਸ਼ਿਕੰਜਾ ਕੱਸਣ ਤੇ ਉਨ੍ਹਾਂ ਦੇ ਸਿਆਸੀ ਵਿਰੋਧੀ ਇਸ ਲਈ ਰੌਲਾ ਪਾ ਰਹੇ ਹਨ ਕਿਉਂਕਿ ਉਹ ਉਨ੍ਹਾਂ ਨਾਲ ਰਲੇ ਹੋਏ ਹਨ। ਉਨ੍ਹਾਂ ਕਿਹਾ ਕਿ ਕਰ ਮਾਲੀਆ ਪ੍ਰਾਪਤੀਆਂ ਵਿੱਚ ਦਿਨੋਂ-ਦਿਨ ਵਾਧਾ 'ਆਪ' ਸਰਕਾਰ ਵੱਲੋਂ ਅਪਣਾਈ ਗਈ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਣਾਲੀ ਸਦਕਾ ਹੈ ਜਿਸ ਨੂੰ ਪਿਛਲੀਆਂ ਸਰਕਾਰਾਂ ਦੌਰਾਨ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਰ ਚੋਰੀ ਨੂੰ ਸਖਤੀ ਨਾਲ ਕਾਬੂ ਕਰਨਾ ਹਰ ਸਰਕਾਰ ਦਾ ਫਰਜ਼ ਹੈ ਅਤੇ ਕਰ ਵਿਭਾਗ ਇਸ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਉਪਾਅ ਕਰੇਗਾ।

## ਨਾਗਰੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹਈਆ ਕਰਾਉਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੀ ਹੈ ਹਰਿਆਣਾ ਸਰਕਾਰ :ਕੈਬੀਨੇਟ ਮੰਤਰੀ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਸੂਬਾ ਵਸਨੀਕਾਂ ਨੂੰ ਸਾਫ਼ ਪੀਣ ਦੇ ਪਾਣੀ ਸਮੇਤ ਜਰੂਰੀ ਬੁਨਿਯਾਦੀ ਸਹੂਲਤਾਂ ਮੁਹਈਆ ਕਰਾਉਣ ਲਈ ਯੋਜਨਾਬੱਧ ਢੰਗ ਨਾਲ ਕੰਮ ਕਰ ਰਹੀ ਹੈ। ਇਸੇ ਲੜੀ ਵਿੱਚ ਸੋਮਵਾਰ ਨੂੰ ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨਸਿਹਤ ਇੰਜੀਨਿਅਰਿੰਗ ਮੰਤਰੀ ਸ੍ਰੀ ਰਣਬੀਰ ਸਿੰਘ ਗੰਗਵਾ ਨੇ ਜ਼ਿਲ੍ਹਾ ਹਿਸਾਰ ਦੇ ਬਾਲਾਵਾਸ ਪਿੰਡ ਵਿੱਚ ਇੱਕ ਮਹੱਤਵਪੂਰਨ ਪੀਣ ਦੇ ਪਾਣੀ ਦੀ ਪਰਿਯੋਜਨਾ ਦੀ ਨੀਂਹ ਰੱਖੀ। ਇਸ ਮੌਕੇ 'ਤੇ ਨਲਵਾ ਦੇ ਵਿਧਾਇਕ ਰਣਬੀਰ ਪਨਿਹਾਰ ਵੀ ਮੌਜੂਦ ਰਹੇ।

## ਨਸ਼ਿਆਂ ਖਿਲਾ਼ਫ ਲੋਕ ਲਹਿਰ ਉਸਾਰਣ ਲਈ ਜਲੰਧਰ ਵਾਸੀਆਂ ਨੂੰ ਵਧ-ਚੜ੍ਹ ਕੇ ਭਾਗ ਲੈਣ ਦਾ ਦਿੱਤਾ ਸੱਦਾ

**ਜਲੰਧਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਲੰਧਰ ਪ੍ਰਸ਼ਾਸਨ ਵੱਲੋਂ ਨਸ਼ਿਆਂ ਖਿਲਾ਼ਫ ਜਾਗਰੂਕਤਾ ਲਈ 27 ਅਪ੍ਰੈਲ ਨੂੰ 'ਦੌੜਦਾ ਪੰਜਾਬ' ਮੈਰਾਥਨ ਕਰਵਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬੁੱਧੀ ਰਾਜ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੈਰਾਥਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਅਧਿਕਾਰੀਆਂ ਨੂੰ ਜ਼ਿੰਮੇਵਾਰੀਆਂ ਸੌਂਪੀਆਂ।

ਡਾ. ਅਗਰਵਾਲ ਨੇ ਦੱਸਿਆ ਕਿ ਨਸ਼ਿਆਂ ਖਿਲਾ਼ਫ ਜਾਗਰੂਕਤਾ ਗਤੀਵਿਧੀਆਂ ਦੇ ਹਿੱਸੇ ਵਜੋਂ ਇਹ ਮੈਰਾਥਨ ਕਰਵਾਈ ਜਾ ਰਹੀ ਹੈ, ਜੋ ਕਿ ਤਿੰਨ ਸ਼੍ਰੇਣੀਆਂ 3,5 ਅਤੇ 8 ਕਿਲੋਮੀਟਰ ਵਿੱਚ ਹੋਵੇਗੀ। ਉਨ੍ਹਾਂ ਦੱਸਿਆ ਕਿ ਤਿੰਨ ਕਿਲੋਮੀਟਰ ਮੈਰਾਥਨ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਸ਼ੁਰੂ ਹੋ ਕੇ ਗੀਤਾ ਮੰਦਿਰ, ਸ਼ਿਵਾਨੀ ਪਾਰਕ, ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ, ਗੁਰੂ ਅਮਰਦਾਸ ਚੌਕ ਤੋਂ ਵਾਪਸ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਸਮਾਪਤ ਹੋਵੇਗੀ।

ਇਸੇ ਤਰ੍ਹਾਂ 5 ਕਿਲੋਮੀਟਰ ਮੈਰਾਥਨ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਸ਼ੁਰੂ ਹੋ ਕੇ ਗੀਤਾ ਮੰਦਿਰ, ਸ਼ਿਵਾਨੀ ਪਾਰਕ, ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ, ਗੁਰੂ ਅਮਰਦਾਸ ਚੌਕ, ਗੁਰੂ ਨਾਨਕ ਮਿਸ਼ਨ ਚੌਕ, ਏ.ਪੀ.ਜੇ. ਸਕੂਲ, ਚੁਨਮੁਨ ਮਾਲ ਤੋਂ ਵਾਪਸ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਸਮਾਪਤ ਹੋਵੇਗੀ। ਜਦਕਿ 8 ਕਿਲੋਮੀਟਰ ਮੈਰਾਥਨ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਸ਼ੁਰੂ ਹੋ ਕੇ ਗੀਤਾ ਮੰਦਿਰ, ਸ਼ਿਵਾਨੀ ਪਾਰਕ, ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ, ਗੁਰੂ ਅਮਰਦਾਸ ਚੌਕ, ਗੁਰੂ ਨਾਨਕ ਮਿਸ਼ਨ ਚੌਕ, ਸਕਾਈ ਲਾਰਕ ਚੌਕ, ਨਾਵਦੇਵ ਚੌਕ, ਬੀ.ਐਮ.ਸੀ. ਚੌਕ ਤੋਂ ਹੁੰਦੇ ਹੋਏ ਵਾਪਸ ਗੁਰੂ ਗੋਬਿੰਦ ਸਿੰਘ ਸਟੇਡੀਅਮ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਸਵੇਰੇ 5:30 ਸ਼ੁਰੂ ਹੋਣ ਵਾਲੀ ਇਸ ਮੈਰਾਥਨ ਦੀ ਸਮਾਪਤੀ ਉਪਰੰਤ ਸਟੇਡੀਅਮ ਵਿਖੇ ਨਸ਼ਿਆਂ ਖਿਲਾ਼ਫ ਸਹੁੰ ਚੁਕਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਮੈਰਾਥਨ ਵਿੱਚ ਭਾਗ ਲੈਣ ਵਾਲਿਆਂ ਨੂੰ ਟੀ-ਸ਼ਰਟ, ਸਰਟੀਫਿਕੇਟ ਅਤੇ ਮੈਡਲ ਪ੍ਰਦਾਨ ਕੀਤੇ ਜਾਣਗੇ ਜਦਕਿ ਜੇਤੂਆਂ ਨੂੰ ਟਰਾਫੀਆਂ ਅਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਦੀਆਂ ਜ਼ਿੰਮੇਵਾਰੀਆਂ ਨਿਰਧਾਰਿਤ ਕਰਦਿਆਂ ਅਧਿਕਾਰੀਆਂ ਨੂੰ ਸੌਂਪੇ ਗਏ

## ਗ੍ਰਾਮੀਣ ਖੇਤਰ ਵਿੱਚ ਸ਼ਾਮਲਾਤ ਭੂਮੀ 'ਤੇ 20 ਸਾਲ ਪੁਰਾਣੇ 500 ਵਰਗ ਗਜ ਤੱਕ ਦੇ ਮਕਾਨਾਂ ਨੂੰ ਕੀਤਾ ਜਾ ਰਿਹਾ ਹੈ ਰੈਗੂਲਰ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਨੇ ਸਥਾਨਕ ਓਮੈਕਸ ਸਿਟੀ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪੈਂਡਿੰਗ ਮੂਲ ਰਕਮ ਦਾ ਦੋ ਮਹੀਨੇ ਵਿੱਚ ਭੁਗਤਾਨ ਕਰਨਾ ਸਕੀਨੀ ਕਰਨ ਨਹੀਂ ਤਾਂ ਓਮੈਕਸ ਸਿਟੀ ਦੇ ਖਿਲਾਫ ਐਫਆਈਆਰ ਦਰਜ ਕਰਵਾਈ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਜੇਕਰ ਓਮੈਕਸ ਸਿਟੀ 'ਤੇ ਬੇਵਜ ?ਹਾ ਵੱਧ ਚਾਰਜ ਲਗਾਇਆ ਗਿਆ ਹੈ, ਤਾਂ ਉਸ ਨੂੰ ਵਾਪਸ ਕਰਵਾਇਆ ਜਾਵੇਗਾ।

ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ ਸੋਮਵਾਰ ਨੂੰ ਜਿਲ੍ਹਾ ਰੋਹਤਕ ਵਿੱਚ ਜਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਹੱਲ ਕਮੇਟੀ ਦੀ ਮਹੀਨਾਵਾਰ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਕਮੇਟੀ ਦੀ ਮੀਟਿੰਗ ਵਿੱਚ 13 ਸ਼ਿਕਾਇਤਾਂ ਰੱਖੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਸੱਤ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਕਰ ਦਿੱਤਾ ਗਿਆ ਅਤੇ ਹੋਰ 6 ਸ਼ਿਕਾਇਤਾਂ ਦੇ ਸੰਦਰਭ ਵਿੱਚ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ।ਉਨ੍ਹਾਂ ਨੇ ਸ਼ਿਕਾਇਤਕਰਤਾ ਯਸ਼ਵੀਰ ਦੀ ਸ਼ਿਕਾਇਤ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਓਮੈਕਸ ਸਿਟੀ ਵੱਲੋਂ ਪੈਂਡਿੰਗ ਬਿਜਲੀ ਬਿੱਲ ਦੀ ਰਕਮ, 33 ਕੇਵੀ ਸਬ-ਸਟੇਸ਼ਨ ਪਾਵਰ ਹਾਊਸ ਆਦਿ ਦੇ ਕੰਮ ਦੇ ਪੈਂਡਿੰਗ ਰਕਮ ਦਾ ਦੋ ਮਹੀਨੇ ਵਿੱਚ ਭੁਗਤਾਨ ਕਰਵਾਇਆ ਜਾਵੇ। ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਵੱਲੋਂ ਓਮੈਕਸ ਸਿਟੀ ਵਿੱਚ ਰਹਿ ਰਹੇ ਨਾਗਰਿਕਾਂ ਨੂੰ ਪੈਂਡਿੰਗ ਰਕਮ ਦਾ ਭੁਗਤਾਨ ਕਰਨ 'ਤੇ ਨਿਜੀ ਬਿਜਲੀ ਮੀਟਰ ਜਾਰੀ ਕਰਨ ਬਾਰੇ ਕਿਹਾ ਗਿਆ ਹੈ। ਓਮੈਕਸ ਵੱਲੋਂ 72 ਲੱਖ ਰੁਪਏ ਤੋਂ ਵੱਧ ਪੈਂਡਿੰਗ ਬਿਜਲੀ ਬਿੱਲ ਦਾ ਭੁਗਤਾਨ ਕਰਨਾ ਹੈ ਅਤੇ 5 ਕਰੋੜ ਰੁਪਏ ਤੋਂ ਵੱਧ ਦੀ ਰਕਮ ਦੀ ਬੈਂਕ ਗਾਰੰਟੀ ਵਜੋਂ ਜਮ ?ਹਾ ਕਰਵਾਉਣਾ ਹੈ। ਓਮੈਕਸ ਸਿਟੀ ਵੱਲੋਂ ਭੂਮੀ ਦਾ ਮਾਲਿਕਾਨਾ ਹੱਕ ਟ ?ਰਾਂਸਫਰ ਕਰ ਦਿੱਤਾ ਗਿਆ ਹੈ।

ਵਿਕਾਸ ਅਤੇ ਪੰਚਾਇਤ ਮੰਤਰੀ ਅਵੈਧ ਰੂਪ ਨਾਲ ਚਲਾਈ ਜਾ ਰਹੀ ਫੈਕਟਰੀ ਨੂੰ ਬੰਦ ਕਰਵਾਉਣ ਨਾਲ ਸਬੰਧਿਤ ਸ਼ਿਕਾਇਤਾਂ ਦੀ ਸੁਣਵਾਈ ਕਰਦੇ ਹੋਏ ਕਿਹਾ ਕਿ ਜੇਕਰ ਸ਼ਿਕਾਇਤਕਰਤਾ ਨੇ ਆਪਸੀ ਸਮਝੌਤਾ ਕਰ ਲਿਆ ਹੈ ਤਾਂ ਕਮੇਟੀ ਨੂੰ ਗੁਮਰਾਹ ਕਰਨ ਲਈ ਉਨ੍ਹਾਂ ਦੇ ਵਿਰੁੱਧ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸੂਬੇ ਵਿੱਚ ਗ੍ਰਾਮੀਣ ਖੇਤਰ ਵਿੱਚ 20 ਸਾਲ ਤੋਂ ਵੱਧ ਤੋਂ ਸ਼ਾਮਲਾਤ ਭੂਮੀ 'ਤੇ ਮਕਾਨ ਬਣਾ ਕੇ ਰਹਿਣ ਵਾਲੇ ਲੋਕਾਂ ਨੂੰ ਮਾਲਿਕਾਨਾ ਹੱਕ ਦੇਣਾ ਦਾ ਫੈਸਲਾ ਕੀਤਾ ਗਿਆ ਹੈ। ਜੇਕਰ ਅਜਿਹੇ ਮਕਾਨ 500 ਵਰਗ ਗਜ ਭੂਮੀ ਵਿੱਚ ਪਿਛਲੇ 20 ਸਾਲ ਤੋਂ ਬਣੇ ਹਨ ਅਤੇ ਇੰਨ੍ਹਾਂ ਮਕਾਨਾਂ ਦਾ ਨਿਰਮਾਣ ਤਾਲਾਬ ਜਾਂ ਰਸਤੇ ਦੀ ਭੂਮੀ 'ਤੇ ਨਾ ਕੀਤਾ ਗਿਆ ਹੋਵੇ।

## ਪੰਜਾਬ ਪੁਲਿਸ ਵੱਲੋਂ ਪਿੰਡ ਵਲਟੋਹਾ ਦੇ ਸਰਪੰਚ 'ਤੇ ਗੋਲੀਬਾਰੀ ਮਾਮਲੇ ਵਿੱਚ ਦੋ ਵਿਅਕਤੀ ਗ੍ਰਿਫਤਾਰ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਤਹਿਤ ਵੱਡੀ ਸਫਲਤਾ ਵਿੱਚ, ਪੰਜਾਬ ਪੁਲਿਸ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏਜੀਟੀਐਫ) ਨੇ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਵਲਟੋਹਾ ਸੰਧੂਆਂ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਵਿੱਚ ਸ਼ਾਮਲ ਦੋ ਮੁਲਜ਼ਮਾਂ - ਜਿਨ੍ਹਾਂ ਦੀ ਪਛਾਣ ਅਜੈਦੀਪ ਸਿੰਘ ਅਤੇ ਇੱਕ 17 ਸਾਲਾ ਨਾਬਾਲਗ ਵਜੋਂ ਹੋਈ ਹੈ - ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦਿੱਤੀ।

ਜਾਣਕਾਰੀ ਅਨੁਸਾਰ ਤਰਨਤਾਰਨ ਦੇ ਪਿੰਡ ਵਲਟੋਹਾ ਸੰਧੂਆਂ ਵਿੱਚ 11 ਮਾਰਚ, 2025 ਨੂੰ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀਬਾਰੀ ਕੀਤੀ ਸੀ ,ਜਿਸ ਵਿੱਚ ਸਰਪੰਚ ਭਰਮਲ ਸਿੰਘ ਅਤੇ ਉਸਦਾ ਦਾ ਡਰਾਈਵਰ ਜ਼ਖਮੀ ਹੋ ਗਏ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਹਮਲੇ ਦੇ ਤਾਰ ਵਿਦੇਸ਼ੀ ਗੈਂਗਸਟਰ ਪ੍ਰਭਜੀਤ ਸਿੰਘ ਉਰਫ਼ ਪ੍ਰਭ ਦਾਸੂਵਾਲ ਵੱਲੋਂ ਕੀਤੀ ਗਈ ਫਿਰੌਤੀ ਦੀ ਕੋਸ਼ਿਸ਼ ਨਾਲ ਜੁੜਦੇ ਹਨ, ਜਿਸ ਨੇ ਪੀੜਤ ਤੋਂ 30 ਲੱਖ ਰੁਪਏ ਦੀ ਮੰਗ ਕੀਤੀ ਸੀ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਏਆਈਜੀ ਗੁਰਮੀਤ ਚੌਹਾਨ ਦੀ ਨਿਗਰਾਨੀ ਹੇਠ ਏਜੀਟੀਐਫ ਦੀਆਂ ਟੀਮਾਂ ਨੇ ਤਰਨਤਾਰਨ ਦੇ ਘੜਿਆਲਾ ਖੇਤਰ ਚੋਂ ਦੋਵੇਂ ਮੁਲਜ਼ਮਾਂ ਨੂੰ ਲੱਭ ਲਿਆ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ।

ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਇਸ ਕੇਸ ਵਿੱਚ ਦੋ ਹੋਰ ਵਿਅਕਤੀਆਂ ਦੀ ਗ੍ਰਿਫ਼ਤਾਰੀ ਦੇ ਨਾਲ, ਹੁਣ ਤੱਕ ਕੁੱਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਤੋਂ ਪਹਿਲਾਂ ਪੁਲਿਸ ਨੇ ਇਸ ਮਾਮਲੇ ਵਿੱਚ ਘੜਿਆਲਾ ਦੇ ਅਨਮੋਲ ਸਿੰਘ ਉਰਫ਼ ਮੋਲਾ ਨੂੰ ਗ੍ਰਿਫ਼ਤਾਰ ਕੀਤਾ ਸੀ।

ਉਨ੍ਹਾਂ ਕਿਹਾ ਕਿ ਪੁਲਿਸ ਟੀਮਾਂ ਨੇ ਹਮਲੇ ਵਿੱਚ ਸ਼ਾਮਲ ਹੋਰ ਵਿਅਕਤੀਆਂ ਦੀ ਵੀ ਪਛਾਣ ਕਰ ਲਈ ਹੈ ਅਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਇਸ ਸਬੰਧ ਵਿੱਚ, ਤਰਨਤਾਰਨ ਦੇ ਵਲਟੋਹਾ ਪੁਲਿਸ ਸਟੇਸ਼ਨ ਬੀਐਨਐਸ ਦੀ ਧਾਰਾ 109, 308(4), 111, 324(2), 3(5) ਅਤੇ ਅਸਲਾ ਐਕਟ ਦੀ ਧਾਰਾ 25 ਅਤੇ 27 ਤਹਿਤ ਐਫਆਈਆਰ ਨੰਬਰ 21 ਮਿਤੀ 11-3-2025 ਅਧੀਨ ਪਹਿਲਾਂ ਹੀ ਕੇਸ ਦਰਜ ਹੈ।

## ਪਟਿਆਲਾ ਵਿੱਚ 2-ਦਿਨਾਂ 46ਵਾਂ ਏਆਈਈਐਸਸੀਬੀ 'ਟੱਗ ਆ਼ਫ ਵਾਰ' ਟੂਰਨਾਮੈਂਟ ਹੋਇਆ ਉਤਸ਼ਾਹ ਨਾਲ ਸ਼ੁਰੂ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



2-ਦਿਨਾਂ 46ਵਾਂ ਏਆਈਈਐਸਸੀਬੀ 'ਟੱਗ ਆਫ ਵਾਰ' ਟੂਰਨਾਮੈਂਟ ਸੋਮਵਾਰ ਨੂੰ ਪੀਐਸਪੀਸੀਐਲ ਸਪੋਰਟਸ ਕੰਪਲੈਕਸ, ਪਟਿਆਲਾ ਵਿਖੇ ਬਹੁਤ ਹੀ ਉਤਸ਼ਾਹ ਨਾਲ ਸ਼ੁਰੂ ਹੋਇਆ। ਇਸ ਸਮਾਗਮ ਦੀ ਸ਼ੁਰੂਆਤ ਭਾਗ ਲੈਣ ਵਾਲੀਆਂ ਟੀਮਾਂ ਦੀ ਇੱਕਤਰਤਾ ਨਾਲ ਹੋਈ, ਜਿਸ ਤੋਂ ਬਾਅਦ ਮੁੱਖ ਮਹਿਮਾਨ, ਸ੍ਰੀ ਅਜੋਏ ਕੁਮਾਰ ਸਿਨਹਾ, ਪ੍ਰਮੁੱਖ ਸਕੱਤਰ, ਬਿਜਲੀ ਅਤੇ ਸੀਐਮਡੀ, ਪੀਐਸਪੀਸੀਐਲ ਦਾ ਰਸਮੀ ਸਵਾਗਤ ਕੀਤਾ ਗਿਆ।

ਟੂਰਨਾਮੈਂਟ ਦੀ ਸ਼ੁਰੂਆਤ ਰਿਸੈਪਸ਼ਨ ਕਮੇਟੀ ਵੱਲੋਂ ਨਿੱਘਾ ਸਵਾਗਤ ਅਤੇ ਏਆਈਈਐਸਸੀਬੀ ਦੇ ਨਿਰੀਖਕ ਅਤੇ ਵੱਖ-ਵੱਖ ਟੀਮਾਂ ਦੇ ਪ੍ਰਬੰਧਕਾਂ ਨਾਲ ਮੁੱਖ ਮਹਿਮਾਨ ਦੀ ਜਾਣ-ਪਛਾਣ ਨਾਲ ਹੋਈ। ਸ੍ਰੀ ਜਸਬੀਰ ਸਿੰਘ ਸੁਰ ਸਿੰਘ, ਡਾਇਰੈਕਟਰ ਐਡਮਿਨ, ਪੀਐਸਪੀਸੀਐਲ ਵੱਲੋਂ ਇੱਕ ਰਸਮੀ ਸਵਾਗਤ ਭਾਸ਼ਣ ਦਿੱਤਾ ਗਿਆ, ਜਿਸ ਤੋਂ ਬਾਅਦ ਮੁੱਖ ਮਹਿਮਾਨ ਨੇ ਝੰਡਾ ਲਹਿਰਾਇਆ, ਜਿਸ ਨਾਲ ਸਮਾਗਮ ਦੀ ਅਧਿਕਾਰਤ ਸ਼ੁਰੂਆਤ ਹੋਈ। ਟੀਮਾਂ ਵੱਲੋਂ ਇੱਕ ਉਤਸ਼ਾਹੀ ਮਾਰਚ ਪਾਸਟ ਤੋਂ ਬਾਅਦ ਮੁੱਖ ਮਹਿਮਾਨ ਨੇ ਟੂਰਨਾਮੈਂਟ ਦਾ ਉਦਘਾਟਨ ਕਰਨ ਦਾ ਐਲਾਨ ਕੀਤਾ। ਟੀਮਾਂ ਨੇ ਸਹੁੰ ਚੁੱਕੀ ਅਤੇ ਮੁਕਾਬਲਾ ਅਧਿਕਾਰਤ ਤੌਰ 'ਤੇ ਸ਼ੁਰੂ ਹੋਇਆ। ਇਸ ਮੌਕੇ 'ਤੇ ਬੋਲਦੇ ਹੋਏ, ਪੀਐਸਪੀਸੀਐਲ ਦੇ ਪ੍ਰਮੁੱਖ ਸਕੱਤਰ ਪਾਵਰ ਅਤੇ ਸੀਐਮਡੀ ਅਜੋਏ ਕੁਮਾਰ ਸਿਨਹਾ ਨੇ ਖਿਡਾਰੀਆਂ ਦੇ ਦ੍ਰਿੜ ਇਰਾਦੇ, ਟੀਮ ਭਾਵਨਾ ਅਤੇ ਖੇਡ ਭਾਵਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, ਖੇਡਾਂ ਨਾ ਸਿਰਫ਼ ਸਰੀਰਕ ਤਾਕਤ ਬਣਾਉਂਦੀਆਂ ਹਨ ਬਲਕਿ ਵਿਅਕਤੀਆਂ ਵਿੱਚ ਏਕਤਾ, ਅਨੁਸ਼ਾਸਨ ਅਤੇ ਅਗਵਾਈ ਨੂੰ ਵੀ ਉਤਸ਼ਾਹਿਤ ਕਰਦੀਆਂ ਹਨ। ਅਜਿਹੀ ਉਤਸ਼ਾਹੀ ਭਾਗੀਦਾਰੀ ਅਤੇ ਟੀਮ ਵਰਕ ਨੂੰ ਦੇਖ ਕੇ ਖੁਸ਼ੀ ਹੁੰਦੀ ਹੈ। ਪੀਐਸਪੀਸੀਐਲ ਸਾਰੇ ਪੱਧਰਾਂ 'ਤੇ ਤੰਦਰੁਸਤੀ, ਸਹਿਯੋਗ ਅਤੇ ਖੇਡ ਭਾਵਨਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਇੰਜੀਨੀਅਰ ਤੇਜ ਪਾਲ ਬਾਂਸਲ, ਡਿਪਟੀ ਚੀਫ ਇੰਜੀਨੀਅਰ/ਤਕਨੀਕੀ ਅਤੇ ਟੂਰਨਾਮੈਂਟ ਦੇ ਡਾਇਰੈਕਟਰ, ਨੇ ਸਾਰੀਆਂ ਟੀਮਾਂ ਅਤੇ ਮਹਿਮਾਨਾਂ ਦਾ ਉਨ੍ਹਾਂ ਦੀ ਉਤਸ਼ਾਹੀ ਭਾਗੀਦਾਰੀ ਅਤੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਪੀਐਸਪੀਸੀਐਲ ਸਪੋਰਟਸ ਸੈੱਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਸਾਡੇ ਸੰਗਠਨ ਦੇ ਅੰਦਰ ਪ੍ਰਤਿਭਾ, ਦ੍ਰਿੜ ਇਰਾਦੇ ਅਤੇ ਨਵੀਂ ਭਾਵਨਾ ਦਾ ਪ੍ਰਮਾਣ ਹਨ। ਉਨ੍ਹਾਂ ਨੇ ਸ੍ਰੀ ਰਾਜ ਕੁਮਾਰ, ਜੂਨੀਅਰ ਸਪੋਰਟਸ ਅਫਸਰ ਅਤੇ ਪੈਰਾ ਬੈਡਮਿੰਟਨ ਖਿਡਾਰੀ (ਅਰਜੁਨ ਐਵਾਰਡੀ) ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਦੇਸ਼ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਨੇ ਅਕਤੂਬਰ 2023 ਵਿੱਚ ਚੀਨ ਵਿੱਚ ਹੋਈਆਂ ਪੈਰਾ ਏਸ਼ੀਅਨ ਖੇਡਾਂ ਵਿੱਚ ਪੁਰਸ਼ ਡਬਲਜ਼ ਵਿੱਚ ਚਾਂਦੀ ਦਾ ਤਗਮਾ ਅਤੇ ਫਰਵਰੀ 2024 ਵਿੱਚ ਥਾਈਲੈਂਡ ਵਿੱਚ ਪੈਰਾ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ ਵਿੱਚ ਇੱਕ ਹੋਰ ਚਾਂਦੀ ਦਾ ਤਗਮਾ ਜਿੱਤਿਆ। ਅੱਜ ਦੇ ਟੂਰਨਾਮੈਂਟ ਵਿੱਚ ਪੰਜਾਬ, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ ਅਤੇ ਉੱਤਰਾਖੰਡ ਦੀਆਂ ਟੀਮਾਂ ਨੇ ਭਾਗ ਲਿਆ।

ਟੂਰਨਾਮੈਂਟ ਦਾ ਸਮਾਪਤੀ ਸਮਾਰੋਹ 22 ਅਪ੍ਰੈਲ ਨੂੰ ਹੋਵੇਗਾ, ਜਿਸ ਵਿੱਚ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।

# ਪਹਿਲਗਾਮ ਹਮਲੇ ਦੇ ਪੀੜਤਾਂ ਨੂੰ ਅਮਿਤ ਸ਼ਾਹ ਵੱਲੋਂ ਸ਼ਰਧਾਂਜਲੀ, ਹਮਲੇ ਦੌਰਾਨ ਬਚੇ ਲੋਕਾਂ ਨਾਲ ਮੁਲਾਕਾਤ



**ਸ੍ਰੀਨਗਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਹੋਏ ਅਤਿਵਾਦੀ ਹਮਲੇ 'ਚ ਮਾਰੇ ਗਏ 26 ਵਿਅਕਤੀਆਂ ਨੂੰ ਫੁੱਲ ਮਾਲਾਵਾਂ ਭੇਟ ਕੀਤੀਆਂ ਅਤੇ ਬਚੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਇਸ ਘਿਨਾਉਣੇ ਕਾਰੇ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਂਦਾ ਜਾਵੇਗਾ। ਸ਼ਾਹ ਨੇ ਇੱਥੇ ਪੁਲੀਸ ਕੰਟਰੋਲ ਰੂਮ ਵਿਖੇ ਅਤਿਵਾਦੀ ਹਮਲੇ ਦੇ ਪੀੜਤਾਂ ਦੇ ਤਾਬੂਤਾਂ 'ਤੇ ਸ਼ਰਧਾਂਜਲੀ ਭੇਟ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਉਪਰੰਤ ਗ੍ਰਹਿ ਮੰਤਰੀ ਨੇ ਪੀੜਤਾਂ ਦੇ ਅਤੇ ਹੋਰ ਬਚੇ ਹੋਏ ਲੋਕਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਸੁਰੱਖਿਆ ਬਲ ਇਸ ਘਾਤਕ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕੋਈ ਕਸਰ ਨਹੀਂ ਛੱਡਣਗੇ। ਗੌਰਤਲਬ ਹੈ ਕਿ ਸ਼ਾਹ ਬੁੱਧਵਾਰ ਰਾਤ ਨੂੰ ਹਮਲੇ ਦੇ ਕੁਝ ਘੰਟਿਆਂ ਦੇ ਬਾਅਦ ਹੀ ਇੱਥੇ ਪਹੁੰਚੇ ਅਤੇ ਪੁਲੀਸ ਡਾਇਰੈਕਟਰ ਜਨਰਲ ਨਲਿਨ ਪ੍ਰਭਾਤ ਨੇ ਉਨ੍ਹਾਂ ਨੂੰ ਸਥਿਤੀ ਬਾਰੇ ਜਾਣਕਾਰੀ ਦਿੱਤੀ।

# ਸੁਰੱਖਿਆ ਏਜੰਸੀਆਂ ਵੱਲੋਂ 3 ਦਹਿਸ਼ਤਗਰਦਾਂ ਦੇ ਸਕੈੱਚ ਜਾਰੀ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਰੱਖਿਆ ਏਜੰਸੀਆਂ ਨੇ ਬੁੱਧਵਾਰ ਨੂੰ ਉਨ੍ਹਾਂ ਤਿੰਨ ਮਸ਼ਕੂਕਾਂ ਦੇ ਸਕੈੱਚ ਜਾਰੀ ਕੀਤੇ ਹਨ, ਜਿਨ੍ਹਾਂ ਉੱਤੇ ਮੰਗਲਵਾਰ ਨੂੰ ਦੱਖਣੀ ਕਸ਼ਮੀਰ ਦੇ ਪਹਿਲਗਾਮ ਨੇੜੇ ਹੋਏ ਅੱਤਵਾਦੀ ਹਮਲੇ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ। ਇਸ ਭਿਆਨਕ ਦਹਿਸ਼ਤੀ ਹਮਲੇ ਵਿਚ 26 ਲੋਕ ਮਾਰੇ ਗਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਸੈਲਾਨੀ ਸਨ।

ਅਧਿਕਾਰੀਆਂ ਨੇ ਕਿਹਾ ਕਿ ਇਹ ਆਦਮੀ ਆਸਿਫ ਫੌਜੀ, ਸੁਲੇਮਾਨ ਸ਼ਾਹ ਅਤੇ ਅਬੂ ਤਲਹਾ ਹਨ। ਤਿੰਨਾਂ ਅੱਤਵਾਦੀਆਂ ਦੇ ਕੋਡ ਨਾਮ ਵੀ ਸਨ, ਜੋ ਮੂਸਾ, ਯੂਨਸ ਅਤੇ ਆਸਿਫ ਹਨ। ਇਹ ਪੁਣਛ ਵਿੱਚ ਹੋਈਆਂ ਅੱਤਵਾਦ ਨਾਲ ਸਬੰਧਤ ਘਟਨਾਵਾਂ ਵਿੱਚ ਸ਼ਾਮਲ ਸਨ। ਅਧਿਕਾਰੀਆਂ ਨੇ ਕਿਹਾ ਕਿ ਸਕੈੱਚ ਦਹਿਸ਼ਤੀ ਹਮਲੇ ਦੌਰਾਨ ਬਚੇ ਲੋਕਾਂ ਦੀ ਮਦਦ ਨਾਲ ਤਿਆਰ ਕੀਤੇ ਗਏ ਸਨ।

# ਜੰਮੂ ਕਸ਼ਮੀਰ ਵਿੱਚ ਫਸੇ ਪੰਜਾਬੀਆਂ ਨੂੰ ਸਹੀ ਸਲਾਮਤ ਵਾਪਸ ਲਿਆਵੇਗੀ ਸਰਕਾਰ: ਭਗਵੰਤ ਮਾਨ

## ਪੰਜਾਬ ਅਤੇ ਦੇਸ਼ ਦੀ ਸੁਰੱਖਿਆ ਲਈ ਸਰਹੱਦ 'ਤੇ ਐਂਟੀ ਡਰੋਨ ਸਿਸਟਮ ਵਿਕਸਿਤ ਕਰੇਗੀ ਸਰਕਾਰ



**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਕਸ਼ਮੀਰ ਦੇ ਪਹਿਲਗਾਮ ਬੀਤੇ ਦਿਨ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਪੁਲੀਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਸਖ਼ਤ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿੱਚ ਫਸੇ ਹੋਏ ਪੰਜਾਬੀਆਂ ਨੂੰ ਸਹੀ ਸਲਾਮਤ ਵਾਪਸ ਲਿਆਂਦਾ ਜਾਵੇਗਾ ਇਸ ਲਈ ਉਹ ਜੰਮੂ ਕਸ਼ਮੀਰ ਸਰਕਾਰ ਨਾਲ ਲਗਾਤਾਰ ਸੰਪਰਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਵੱਲੋਂ ਅਕਸਰ ਹੀ ਪੰਜਾਬ ਦੀ ਸਰਹੱਦ ਰਾਹੀਂ ਦਾਖਲ ਹੋ ਕੇ ਸੂਬੇ ਅੰਦਰ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸੂਬਾ ਸਰਕਾਰ ਵੱਲੋਂ ਸਰਹੱਦੀ ਖੇਤਰ ਨੂੰ ਸੁਰੱਖਿਤ ਕਰਨ ਲਈ ਐਂਟੀ ਡਰੋਨ ਸਿਸਟਮ ਵਿਕਸਿਤ ਕੀਤਾ ਜਾਵੇਗਾ, ਜਿਸ ਨਾਲ ਸੂਬੇ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲੀਸ ਵੱਲੋਂ ਬੀਐੱਸਐੱਫ ਅਤੇ ਭਾਰਤੀ ਫੌਜ ਨਾਲ ਮਿਲ ਕੇ ਪਠਾਨਕੋਟ ਇਲਾਕੇ ਅਤੇ ਹੋਰ ਸਰਹੱਦੀ ਖੇਤਰ ਵਿਚ ਲਗਾਤਾਰ ਗਸ਼ਤ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸੁਰੱਖਿਆ ਨੂੰ ਲੈ ਕੇ ਕੇਂਦਰੀ ਜਾਂਚ ਏਜੰਸੀਆਂ ਨਾਲ ਵੀ ਤਾਲਮੇਲ ਰੱਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਜੰਮੂ ਕਸ਼ਮੀਰ ਦੇ ਵਿਦਿਆਰਥੀਆਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਰਹੀ ਹੈ।

**ਪੰਜਾਬ ਵਿੱਚ ਹਾਈ ਅਲਰਟ: ਡੀਜੀਪੀ**

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪਹਿਲਗਾਮ ਵਿਚ ਵਾਪਰੀ ਘਟਨਾ ਤੋਂ ਬਾਅਦ ਤੋਂ ਹੀ ਪੰਜਾਬ ਵਿਚ ਹਾਈ ਅਲਰਟ ਲਾਗੂ ਕਰ ਦਿੱਤਾ ਹੈ। ਇਸ ਦੌਰਾਨ ਸੂਬੇ ਵਿੱਚ ਅੰਤਰਰਾਜੀ ਸੜਕਾਂ 'ਤੇ ਨਾਕਾਬੰਦੀ ਕੀਤੀ ਗਈ ਅਤੇ ਸਰਹੱਦੀ ਖੇਤਰ ਵਿਚ ਪੁਲੀਸ ਗਸ਼ਤ ਵੀ ਵਧਾ ਦਿੱਤੀ ਗਈ ਹੈ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਦੀ ਸੁਰੱਖਿਆ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਪੰਜਾਬ ਪੁਲੀਸ ਹਰ ਸਮੇਂ ਸੂਬੇ ਦੀ ਸੁਰੱਖਿਆ ਨੂੰ ਬਰਕਰਾਰ ਰੱਖਣ ਲਈ ਮੁਸਤੈਦ ਹੈ।

# ਅਮਰੀਕੀ ਉਪ ਰਾਸ਼ਟਰਪਤੀ ਵੈਂਸ ਨੇ ਪਰਿਵਾਰ ਨਾਲ ਤਾਜ ਮਹਿਲ ਦਾ ਦੌਰਾ ਕੀਤਾ



**ਆਗਰਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਬੁੱਧਵਾਰ ਨੂੰ ਆਪਣੀ ਪਤਨੀ ਊਸ਼ਾ ਵੈਂਸ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਨਾਲ ਤਾਜ ਮਹਿਲ ਦਾ ਦੌਰਾ ਕੀਤਾ। ਵੈਂਸ ਨੇ ਆਪਣੀ ਫੇਰੀ ਤੋਂ ਬਾਅਦ ਵਿਜ਼ਟਰ ਡਾਇਰੀ ਵਿਚ ਲਿਖਿਆ "ਤਾਜ ਮਹਿਲ ਸ਼ਾਨਦਾਰ ਹੈ। ਸੱਚੇ ਪਿਆਰ, ਮਨੁੱਖੀ ਪ੍ਰਤਿਭਾ ਅਤੇ ਭਾਰਤ ਦੇ ਮਹਾਨ ਦੇਸ਼ ਨੂੰ ਸ਼ਰਧਾਂਜਲੀ ਦਾ ਪ੍ਰਮਾਣ।" ਅਧਿਕਾਰੀਆਂ ਨੇ ਦੱਸਿਆ ਕਿ ਵੈਂਸ ਪਰਿਵਾਰ ਬੁੱਧਵਾਰ ਨੂੰ ਜੈਪੁਰ ਤੋਂ ਆਗਰਾ ਹਵਾਈ ਅੱਡੇ 'ਤੇ ਪੁੱਜਿਆ, ਜਿੱਥੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਉਨ੍ਹਾਂ ਦਾ ਸਵਾਗਤ ਕੀਤਾ।

ਇਸ ਮੌਕੇ ਵੈਂਸ ਦੇ ਨਾਲ ਉਨ੍ਹਾਂ ਦੀ ਪਤਨੀ ਊਸ਼ਾ ਅਤੇ ਉਨ੍ਹਾਂ ਦੇ ਤਿੰਨ ਬੱਚੇ ਪੁੱਤਰ ਈਵਾਨ ਅਤੇ ਵਿਵੇਕ, ਅਤੇ ਧੀ ਮੀਰਾਬੇਲ ਵੀ ਸਨ। ਪਰਿਵਾਰ ਭਾਰਤ ਦੇ ਚਾਰ ਦਿਨਾਂ ਦੌਰੇ 'ਤੇ ਹੈ। ਹਵਾਈ ਅੱਡੇ 'ਤੇ ਵੈਂਸ ਨੂੰ ਮੁੱਖ ਮੰਤਰੀ ਆਦਿਤਿਆਨਾਥ ਨਾਲ ਸੰਖੇਪ ਵਿਚ ਗੱਲਬਾਤ ਕਰਦੇ ਦੇਖਿਆ ਗਿਆ। ਇਕ ਅਧਿਕਾਰਤ ਬਿਆਨ ਅਨੁਸਾਰ ਉਨ੍ਹਾਂ ਦੇ ਕਾਫ਼ਲੇ ਦੇ ਰਸਤਾ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ ਸੀ, ਸੈਂਕੜੇ ਸਕੂਲੀ ਬੱਚੇ ਅਮਰੀਕੀ ਅਤੇ ਭਾਰਤੀ ਝੰਡਾ ਲਹਿਰਾਉਂਦੇ ਹੋਏ ਖੜ੍ਹੇ ਸਨ।

# ਜੰਮੂ-ਕਸ਼ਮੀਰ ਸਰਕਾਰ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਲਈ 10 ਲੱਖ ਰੁਪਏ ਐਕਸ-ਗਰੇਸ਼ੀਆ ਦਾ ਐਲਾਨ

**ਸ੍ਰੀਨਗਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ-ਕਸ਼ਮੀਰ ਸਰਕਾਰ ਨੇ ਪਹਿਲਗਾਮ ਅਤਿਵਾਦੀ ਹਮਲੇ ਵਿਚ ਮਾਰੇ ਗਏ ਹਰੇਕ ਵਿਅਕਤੀ ਦੇ ਪਰਿਵਾਰ ਲਈ 10 ਲੱਖ ਰੁਪਏ ਦੀ ਐਕਸ-ਗਰੇਸ਼ੀਆ ਦਾ ਐਲਾਨ ਕੀਤਾ। ਇਹ ਐਲਾਨ ਕਰਦੇ ਹੋਏ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ✓ 'ਤੇ ਇੱਕ ਪੋਸਟ ਵਿੱਚ ਕਿਹਾ, ਕੱਲ੍ਹ ਪਹਿਲਗਾਮ ਵਿਚ ਹੋਏ ਘਿਨਾਉਣੇ ਅਤਿਵਾਦੀ ਹਮਲੇ ਤੋਂ ਬਹੁਤ ਦੁਖੀ ਹਾਂ। ਮਾਸੂਮ ਨਾਗਰਿਕਾਂ ਵਿਰੁੱਧ ਇਸ ਵਹਿਸ਼ੀ ਕਾਰਵਾਈ ਦੀ ਸਾਡੇ ਸਮਾਜ ਵਿਚ ਕੋਈ ਥਾਂ ਨਹੀਂ ਹੈ। ਅਸੀਂ ਇਸਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਅਸੀਂ ਗਵਾਈਆਂ ਕੀਮਤੀ ਜਾਨਾਂ ਲਈ ਸੋਗ ਪ੍ਰਗਟ ਕਰਦੇ ਹਾਂ। ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਪੈਸਾ ਕਦੇ ਵੀ ਕਿਸੇ ਵਿਅਕਤੀ ਵਜੋਂ ਦੀ ਪੂਰਤੀ ਨਹੀਂ ਕਰ ਸਕਦਾ, ਪਰ ਸਮਰਥਨ ਅਤੇ ਏਕਤਾ ਦੇ ਪ੍ਰਤੀਕ ਵਜੋਂ ਜੰਮੂ-ਕਸ਼ਮੀਰ ਸਰਕਾਰ ਮ੍ਰਿਤਕਾਂ ਦੇ ਪਰਿਵਾਰਾਂ ਲਈ 10 ਲੱਖ ਰੁਪਏ ਦੀ ਐਕਸ-ਗਰੇਸ਼ੀਆ ਦਾ ਐਲਾਨ ਕਰਦੀ ਹੈ। ਮੁੱਖ ਮੰਤਰੀ ਨੇ ਗੰਭੀਰ ਜ਼ਖ਼ਮੀਆਂ ਲਈ 2 ਲੱਖ ਰੁਪਏ ਅਤੇ ਮਾਮੂਲੀ ਜ਼ਖ਼ਮੀਆਂ ਲਈ 1 ਲੱਖ ਰੁਪਏ ਦੀ ਐਕਸ-ਗਰੇਸ਼ੀਆ ਦਾ ਐਲਾਨ ਵੀ ਕੀਤਾ।

ਅਬਦੁੱਲਾ ਨੇ ਕਿਹਾ ਕਿ ਮ੍ਰਿਤਕਾਂ ਦੀਆਂ ਮ੍ਰਿਤਕ ਦੇਹਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਸਨਮਾਨਜਨਕ ਢੰਗ ਨਾਲ ਪਹੁੰਚਾਉਣ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ ਅਤੇ ਜ਼ਖ਼ਮੀਆਂ ਨੂੰ ਸਭ ਤੋਂ ਵਧੀਆ ਡਾਕਟਰੀ ਦੇਖਭਾਲ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਇਸ ਭਿਆਨਕ ਸਮੇਂ ਵਿਚ ਅਸੀ ਤੁਹਾਡੇ ਨਾਲ ਖੜ੍ਹੇ ਹਾਂ।

# ਪਹਿਲਗਾਮ ਹਮਲੇ ਪਿੱਛੋਂ ਪੰਜਾਬ ਤੋਂ ਕਸ਼ਮੀਰ ਲਈ 12 ਹਜ਼ਾਰ ਟੈਕਸੀ ਬੁਕਿੰਗਜ਼ ਰੱਦ

**ਜਲੰਧਰ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਬੀਤੇ ਦਿਨ ਹੋਏ ਅੱਤਵਾਦੀ ਹਮਲੇ ਦੇ ਖ਼ਿਲਾਫ਼ ਜਲੰਧਰ ਵਿੱਚ ਟੈਕਸੀ ਯੂਨੀਅਨ ਵੱਲੋਂ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਯੂਨੀਅਨਾਂ ਦਾ ਕਹਿਣਾ ਹੈ ਕਿ ਅੱਤਵਾਦੀ ਹਮਲੇ ਨੇ ਪੂਰੇ ਦੇਸ਼ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਦੇਸ਼ ਦੇ ਹਰ ਨਾਗਰਿਕ ਦੇ ਦਿਲ ਵਿੱਚ ਗੁੱਸਾ ਹੈ।

ਯੂਨੀਅਨ ਮੈਂਬਰਾਂ ਨੇ ਕਿਹਾ ਕਿ ਹਰ ਕਿਸੇ ਦਾ ਮਨ ਗੁੱਸੇ ਨਾਲ ਭਰਿਆ ਹੋਇਆ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਦੇਸ਼ ਦੀ ਸਰਕਾਰ ਇਸ ਹਮਲੇ ਦਾ ਢੁਕਵਾਂ ਜਵਾਬ ਦੇਵੇ। ਉਨ੍ਹਾਂ ਕਿਹਾ ਕਿ ਉਹ ਸਥਾਨਕ ਸੁਰੱਖਿਆ ਸਬੰਧੀ ਪੁਲੀਸ ਕਮਿਸ਼ਨਰ ਅਤੇ ਪੰਜਾਬ ਸਰਕਾਰ ਨੂੰ ਇੱਕ ਮੰਗ ਪੱਤਰ ਸੌਂਪਣਗੇ। ਇਹ ਵੀ ਮੰਗ ਕੀਤੀ ਗਈ ਕਿ ਦੇਸ਼ ਵਿੱਚ ਸ਼ਰਾਰਤੀ ਅਨਸਰਾਂ ਨੂੰ ਸਿਰ ਨਾ ਚੁੱਕਣ ਦਿੱਤਾ ਜਾਵੇ। ਟੈਕਸੀ ਯੂਨੀਅਨ ਦੇ ਪ੍ਰਧਾਨ ਹਰਦੀਪ ਸਿੰਘ ਰਾਜੂ ਨੇ ਕਿਹਾ ਕਿ ਇਸ ਅੱਤਵਾਦੀ ਹਮਲੇ ਨਾਲ ਹਰ ਕੋਈ ਗੁੱਸੇ ਵਿੱਚ ਹੈ। ਉਨ੍ਹਾਂ ਕਿਹਾ ਕਿ ਟੈਕਸੀਆਂ ਅਤੇ ਟੈਂਪੋ ਟਰੈਵਲ ਪੂਰੇ ਪੰਜਾਬ ਤੋਂ ਬੁੱਕ ਕੀਤੇ ਜਾਂਦੇ ਹਨ ਅਤੇ ਸੈਲਾਨੀਆਂ ਨੂੰ ਜੰਮੂ-ਕਸ਼ਮੀਰ ਲੈ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਸੀਜ਼ਨ ਦੌਰਾਨ, ਲੱਖਾਂ ਸੈਲਾਨੀ ਇੱਥੋਂ ਜੰਮੂ-ਕਸ਼ਮੀਰ ਅਤੇ ਸ੍ਰੀਨਗਰ ਦਾ ਦੌਰਾ ਕਰਨ ਲਈ ਆਉਂਦੇ ਹਨ। ਪਰ ਕੱਲ੍ਹ ਦੇ ਅੱਤਵਾਦੀ ਹਮਲੇ ਤੋਂ ਬਾਅਦ, ਉਨ੍ਹਾਂ ਦੇ ਮਨਾਂ ਵਿੱਚ ਡਰ ਹੈ, ਭਾਵੇਂ ਉਹ ਅਮਰਨਾਥ ਯਾਤਰਾ ਹੋਵੇ ਜਾਂ ਕੋਈ ਹੋਰ ਸੈਲਾਨੀ ਯਾਤਰਾ। ਉਨ੍ਹਾਂ ਕਿਹਾ ਕਿ ਹਮਲੇ ਤੋਂ ਬਾਅਦ, ਉਨ੍ਹਾਂ ਦੀਆਂ ਲਗਭਗ 12 ਹਜ਼ਾਰ ਬੁਕਿੰਗਾਂ ਰੱਦ ਕਰ ਦਿੱਤੀਆਂ ਗਈਆਂ ਸਨ।

# ਅਤਿਵਾਦ ਖ਼ਿਲਾਫ਼ ਲੜਾਈ 'ਚ ਸਰਕਾਰ ਨਾਲ ਖੜ੍ਹੇ ਹਾਂ: ਖੜਗੇ

**ਬੰਗਲੁਰੂ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਇੱਥੇ ਕਿਹਾ ਕਿ ਸਰਕਾਰ ਨੂੰ ਪਹਿਲਗਾਮ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਸਰਬਪਾਰਟੀ ਮੀਟਿੰਗ ਸੱਦ ਕੇ ਸਾਰੀਆਂ ਧਿਰਾਂ ਨਾਲ ਅਤਿਵਾਦੀ ਦੀ ਚੁਣੌਤੀ ਨਾਲ ਨਜਿੱਠਣ ਬਾਰੇ ਚਰਚਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਸੁਝਾਅ ਵੀ ਲੈਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਅਤਿਵਾਦ ਖ਼ਿਲਾਫ਼ ਲੜਾਈ 'ਚ ਸਾਰੇ ਲੋਕ ਸਰਕਾਰ ਨਾਲ ਇਕਜੁੱਟ ਹੋ ਕੇ ਖੜ੍ਹੇ ਹਨ ਅਤੇ ਅਤਿਵਾਦੀਆਂ ਦੀ ਇਸ ਕਾਰਵਾਈ ਦਾ ਮੂੰਹ-ਤੋੜ ਜਵਾਬ ਦੇਣ ਦੀ ਲੋੜ ਹੈ। ਖੜਗੇ ਨੇ ਕਿਹਾ, "ਪਹਿਲਗਾਮ ਹਮਲਾ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਕਾਇਰਾਨਾ ਹਮਲਾ ਹੈ। ਸਾਲ 2000 ਵਿੱਚ ਹੋਏ ਚਿੱਟੀਸਿੰਘਪੁਰਾ ਨਰਸਿੰਹਾਰ ਮਗਰੋਂ ਇਹ ਹਮਲਾ ਅਤਿਵਾਦੀਆਂ ਅਤੇ ਵੱਖਵਾਦੀਆਂ ਵੱਲੋਂ ਕੀਤੇ ਗਏ ਸਭ ਤੋਂ ਘਿਨਾਉਣੇ ਹਮਲਿਆਂ 'ਚ ਇੱਕੋ ਹੈ। ਅਸੀਂ ਦ੍ਰਿੜਤਾ ਨਾਲ ਦੁਹਰਾਉਂਦੇ ਹਾਂ ਕਿ ਨਿਹੱਥੇ ਅਤੇ ਨਿਰਦੋਸ਼ ਨਾਗਰਿਕਾਂ ਦੀ ਹੱਤਿਆ ਕਰਨ ਵਾਲੇ ਇਨਸਾਨ ਨਹੀਂ ਹੋ ਸਕਦੇ।"

ਕਾਂਗਰਸ ਪ੍ਰਧਾਨ ਨੇ ਦੱਸਿਆ ਕਿ ਉਨ੍ਹਾਂ ਬੁੱਧਵਾਰ ਦੇਰ ਸ਼ਾਮ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਹੋਰ ਸਥਾਨਕ ਨੇਤਾਵਾਂ ਨਾਲ ਗੱਲਬਾਤ ਵੀ ਕੀਤੀ। ਖੜਗੇ ਨੇ ਕਿਹਾ ਕਿ ਇਸ ਘਟਨਾ ਸਬੰਧੀ ਕਾਂਗਰਸ ਕਾਰਜਕਾਰੀ ਕਮੇਟੀ ਵੀਰਵਾਰ ਸਵੇਰੇ 11 ਵਜੇ ਨਵੀਂ ਦਿੱਲੀ ਵਿੱਚ ਮੀਟਿੰਗ ਕਰੇਗੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ, "ਇਹ ਵੇਲਾ ਕੋਈ ਸਿਆਸਤ ਕਰਨ ਦਾ ਨਹੀਂ ਹੈ। ਸਾਡੇ ਸੈਲਾਨੀਆਂ ਨੂੰ ਇਨਸਾਫ਼ ਦਿਵਾਉਣ ਦਾ ਹੈ।" ਕਾਂਗਰਸ ਪ੍ਰਧਾਨ ਨੇ ਕਿਹਾ, "ਇਸ ਸਮੇਂ ਅਸੀਂ ਸਭ ਇਕਜੁੱਟ ਹਾਂ। ਅਸੀਂ ਅਤਿਵਾਦੀਆਂ ਖ਼ਿਲਾਫ਼ ਇੱਕ ਹੋਵਾਂਗੇ। ਇਹ ਭਾਰਤੀ ਰਾਜ 'ਤੇ ਸਿੱਧਾ ਹਮਲਾ ਹੈ। ਪਾਕਿਸਤਾਨੀ ਅਤਿਵਾਦੀ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਸਾਨੂੰ ਇਸ ਦਾ ਮੂੰਹ-ਤੋੜ ਜਵਾਬ ਦੇਣਾ ਪਵੇਗਾ।"

ਖੜਗੇ ਨੇ ਕਿਹਾ ਕਿ ਸਰਕਾਰ ਨੂੰ ਆਪਣੀ ਸਾਰੀ ਤਾਕਤ ਲਗਾ ਕੇ ਅਤਿਵਾਦੀਆਂ ਨੂੰ ਲੱਭਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਨੂੰ ਸਰਬਪਾਰਟੀ ਮੀਟਿੰਗ ਸੱਦ ਕੇ ਸਲਾਹ ਲੈਣੀ ਚਾਹੀਦੀ ਹੈ। ਖੜਗੇ ਨੇ ਕਿਹਾ, "ਇਹ ਸਿਆਸਤ ਕਰਨ ਦਾ ਸਮਾਂ ਨਹੀਂ ਹੈ ਅਤੇ ਅਸੀਂ ਇਸ ਸਥਿਤੀ 'ਚ ਸਿਆਸਤ ਨਹੀਂ ਚਾਹੁੰਦੇ।"

# ਹਮਲੇ ਦਾ ਸ਼ਿਕਾਰ ਹੋਏ ਨੇਵੀ ਅ.ਫਸਰ ਦਾ ਹ.ਫਤਾ ਪਹਿਲਾਂ ਹੋਇਆ ਸੀ ਵਿਆਹ

## ਕੋਚੀ ਵਿਚ ਤਾਇਨਾਤ ਵਿਨੈ ਦਾ 16 ਨੂੰ ਗੁਰੂਗ੍ਰਾਮ-ਅਧਾਰਤ ਹਿਮਾਂਸ਼ੀ ਨਾਲ ਹੋਇਆ ਸੀ ਵਿਆਹ

**ਕਰਨਾਲ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਗ੍ਰਾਮ ਦੀ ਹਿਮਾਂਸ਼ੀ ਨੂੰ ਨਹੀਂ ਪਤਾ ਸੀ ਕਿ ਉਸ ਦੇ ਹੱਥਾਂ ਦੀ ਮਹਿੰਦੀ ਉਤਰਨ ਤੋਂ ਪਹਿਲਾਂ ਹੀ ਉਸਦੇ ਪਤੀ ਦਾ ਸਾਇਆ ਉਸ ਦੇ ਸਿਰ ਤੋਂ ਉੱਠ ਜਾਵੇਗਾ ਅਤੇ ਉਸ ਦੇ ਵਿਆਹ ਦੀਆਂ ਖੁਸ਼ੀਆਂ ਦੇ ਦਿਨ ਇਕ ਭਿਆਨਕ ਘਟਨਾ ਦੇ ਰੂਪ ਵਿਚ ਬਦਲ ਜਾਣਗੇ। ਹਰਿਆਣਾ ਦਾ ਸੱਜ-ਵਿਆਹਿਆ ਜੋੜਾ ਵਿਨੈ ਨਰਵਾਲ (26) ਅਤੇ ਹਿਮਾਂਸ਼ੀ ਆਪਣੇ ਵਿਆਹ ਤੋਂ ਬਾਅਦ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਚ ਘੁੰਮਣ ਗਏ ਸਨ, ਜਦੋਂ ਮੰਗਲਵਾਰ ਦੁਪਹਿਰ ਨੂੰ ਅਤਿਵਾਦੀ ਹਮਲਾ ਹੋਇਆ।



ਕਰਨਾਲ ਦੇ ਸੈਕਟਰ-7 ਦੇ ਵਸਨੀਕ ਲੈਫਟੀਨੈਂਟ ਨਰਵਾਲ ਕੋਚੀ ਵਿਚ ਤਾਇਨਾਤ ਸਨ ਅਤੇ ਹਾਲ ਹੀ ਵਿਚ 16 ਅਪਰੈਲ ਨੂੰ ਗੁਰੂਗ੍ਰਾਮ-ਅਧਾਰਤ ਹਿਮਾਂਸ਼ੀ ਨਾਲ ਵਿਆਹ ਕਰਵਾਇਆ ਸੀ ਅਤੇ 19 ਅਪਰੈਲ ਨੂੰ ਰਿਸੈਪਸ਼ਨ ਹੋਈ ਸੀ। ਇਹ ਜੋੜਾ ਆਪਣੇ ਜੀਵਨ ਦੀ ਨਵੀਂ ਸ਼ੁਰੂਆਤ ਦਾ ਜਸ਼ਨ ਮਨਾਉਣ ਲਈ ਕਸ਼ਮੀਰ ਗਿਆ ਸੀ।

ਇਕ ਗੁਆਂਢੀ ਨੇ ਭਰੇ ਮਨ ਨਾਲ ਦੱਸਿਆ ਕਿ ਜਦੋਂ ਨਰਵਾਲ ਦੇ ਗੋਲੀ ਲੱਗਣ ਦੀ ਖ਼ਬਰ ਘਰ ਪੁੱਜੀ ਤਾਂ ਉਸ ਸਮੇਂ ਪਰਿਵਾਰ ਦੇ ਮੈਂਬਰ ਅਜੇ ਵੀ ਗੁਆਂਢੀਆਂ ਨੂੰ ਵਿਆਹ ਦੀਆਂ ਮਿਠਾਈਆਂ ਵੰਡ ਰਹੇ ਸਨ, ਖੁਸ਼ੀ ਦਾ ਜਸ਼ਨ ਮਨਾ ਰਹੇ ਸਨ। ਉਨ੍ਹਾਂ ਕਿਹਾ "ਹਰ ਕੋਈ ਬਹੁਤ ਖੁਸ਼ ਸੀ ਅਤੇ ਅਸੀਂ ਅਗਲੇ ਮਹੀਨੇ 'ਮਾਤਾ ਦਾ ਜਾਗਰਣ' ਕਰਵਾਉਣ ਦੀ ਯੋਜਨਾ ਬਣਾ ਰਹੇ ਸੀ, ਪਰ ਹੁਣ ਸਭ ਸੁਪਨੇ ਚਕਨਾਚੂਰ ਹੋ ਗਏ ਹਨ।"ਇਸ ਦਿਲ ਦਹਿਲਾ ਦੇਣ ਵਾਲੀ ਖ਼ਬਰ ਫੈਲਦੇ ਹੀ ਕਰਨਾਲ ਵਿਚ ਮਾਤਮ ਛਾ ਗਿਆ। ਉਨ੍ਹਾਂ ਦੇ ਪਿਤਾ ਤੁਰੰਤ ਪਹਿਲਗਾਮ ਲਈ ਰਵਾਨਾ ਹੋ ਗਏ, ਜਦੋਂ ਕਿ ਲੋਕ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸ਼ਰਧਾਂਜਲੀ ਦੇਣ ਲਈ ਪਹੁੰਚ ਰਹੇ ਹਨ।

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀਡੀਓ ਕਾਲ ਰਾਹੀਂ ਵਿਨੈ ਦੇ ਦਾਦਾ ਜੀ ਨਾਲ ਗੱਲ ਕੀਤੀ ਅਤੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਦੁੱਖ ਦੀ ਇਸ ਘੜੀ ਵਿੱਚ ਪੂਰਾ ਰਾਜ ਉਨ੍ਹਾਂ ਦੇ ਨਾਲ ਖੜ੍ਹਾ ਹੈ। ਸੈਣੀ ਨੇ ਕਿਹਾ, ਹਮਲੇ ਦੇ ਪਿੱਛੇ ਲੋਕਾਂ ਵਿਰੁੱਧ ਸਖ਼ਤ ਅਤੇ ਠੋਸ ਕਾਰਵਾਈ ਕੀਤੀ ਜਾਵੇਗੀ।" ਸਪੀਕਰ ਕਲਿਆਣ ਨੇ ਕਿਹਾ, ਅਸੀਂ ਇੱਕ ਬਹਾਦਰ ਸਿਪਾਹੀ, ਧਰਤੀ ਦਾ ਪੁੱਤਰ ਅਤੇ ਇੱਕ ਵਧੀਆ ਇਨਸਾਨ ਗੁਆ ਲਿਆ ਹੈ।

# ਚੰਡੀਗੜ੍ਹ ਵਿਖੇ ਸੰਜੇ ਕਲੋਨੀ ਵਿਚ ਕਰੀਬ 1000 ਝੁੱਗੀਆਂ 'ਤੇ ਚੱਲਿਆ ਬੁਲਡੋਜ਼ਰ

## ਪ੍ਰਸ਼ਾਸਨ ਵੱਲੋਂ ਕੀਤੀ ਕਾਰਵਾਈ ਤੋਂ ਬਾਅਦ ਹਜ਼ਾਰਾਂ ਲੋਕ ਬੇਘਰ ਹੋਏ

**ਚੰਡੀਗੜ੍ਹ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਸਵੇਰੇ ਇੰਡਸਟਰੀਅਲ ਏਰੀਆ ਫੇਜ਼-1 ਦੇ ਨਾਲ ਲੱਗਦੀ ਸੰਜੇ ਕਲੋਨੀ ਵਿਚ ਬੁਲਡੋਜ਼ਰ ਚਲਾ ਦਿੱਤਾ ਹੈ। ਇਸ ਦੌਰਾਨ ਕਲੋਨੀ ਵਾਸੀਆਂ ਵੱਲੋਂ ਪ੍ਰਸ਼ਾਸਨ ਦੀ ਟੀਮ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਥੇ ਮੌਜੂਦ ਭਾਰੀ ਗਿਣਤੀ ਪੁਲਿਸ ਬਲ ਨੇ ਲੋਕਾਂ ਨੂੰ ਪਾਸੇ ਕੀਤਾ ਅਤੇ ਪ੍ਰਸ਼ਾਸਨ ਦੀ ਟੀਮ ਨੇ ਬੁਲਡੋਜ਼ਰ ਚਲਾ ਦਿੱਤਾ। ਯੂਟੀ ਪ੍ਰਸ਼ਾਸਨ ਨੇ ਅੱਜ ਸਵੇਰੇ ਸਵੇਰੇ ਹੀ ਸੰਜੇ ਕਲੋਨੀ ਵਿਖੇ ਸਥਿਤ ਇਕ ਹਜ਼ਾਰ ਦੇ ਕਰੀਬ ਝੁੱਗੀ ਝੋਪੜੀਆਂ ਨੂੰ ਢਾਹ ਦਿੱਤਾ ਹੈ। ਪ੍ਰਸ਼ਾਸਨ ਦੀ ਕਾਰਵਾਈ ਤੋਂ ਬਾਅਦ ਸੰਜੇ ਕਲੋਨੀ ਵਿੱਚ ਰਹਿਣ ਵਾਲੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ।

ਜ਼ਿਕਰਯੋਗ ਹੈ ਕਿ ਯੂਟੀ ਪ੍ਰਸ਼ਾਸਨ ਨੇ ਚੰਡੀਗੜ੍ਹ ਨੂੰ ਝੁੱਗੀ ਝੌਂਪੜੀਆਂ ਤੋਂ ਮੁਕਤ ਕਰਵਾਉਣ ਲਈ ਪਿਛਲੇ 20 ਸਾਲਾਂ ਵਿਚ ਕਲੋਨੀ ਨੰਬਰ-4, 5, ਮਜ਼ਦੂਰ ਕਲੋਨੀ, ਕੁਲਦੀਪ ਕਲੋਨੀ, ਪੰਡਿਤ ਕਲੋਨੀ, ਨਹਿਰੂ ਕਲੋਨੀ, ਅੰਬੇਡਕਰ ਕਲੋਨੀ, ਕਜ਼ਹੇੜੀ ਕਲੋਨੀ ਅਤੇ ਮਦਰਾਸੀ ਕਲੋਨੀ ਨੂੰ ਢਾਹ ਦਿੱਤਾ ਹੈ। ਇਸ ਤੋਂ ਪਹਿਲਾਂ ਪ੍ਰਸ਼ਾਸਨ ਨੇ ਮਈ 2022 ਨੂੰ ਕਲੋਨੀ ਨੰਬਰ 4 ਨੂੰ ਢਾਹੁਣ ਦੀ ਮੁਹਿੰਮ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ ਸੀ।

ਉਸ ਸਮੇਂ ਪ੍ਰਸ਼ਾਸਨ ਨੇ 2,000 ਕਰੋੜ ਰੁਪਏ ਦੀ 65 ਏਕੜ ਜ਼ਮੀਨ ਖਾਲੀ ਕਰਵਾਈ ਸੀ। ਇਸ ਤੋਂ ਬਾਅਦ ਹੀ ਮਈ 2022 ਵਿੱਚ ਸੰਜੈ ਕਲੋਨੀ ਅਤੇ ਜਨਤਾ ਕਲੋਨੀ ਦੇ ਵਸਨੀਕਾਂ ਨੂੰ ਤੁਰੰਤ ਕਲੋਨੀਆਂ ਖਾਲੀ ਕਰਨ ਲਈ ਨੋਟਿਸ ਜਾਰੀ ਕੀਤੇ ਸਨ।

# ਪੱਛਮੀ ਬੰਗਾਲ 'ਚ ਹਿੰਦੂਆਂ 'ਤੇ ਕੀਤੇ ਜਾ ਰਹੇ ਹਮਲਿਆਂ ਦੇ ਵਿਰੋਧ 'ਚ ਪਟਿਆਲਾ ਵਿੱਚ ਹਿੰਦੂ ਸਮਾਜ ਵੱਲੋਂ ਵਿਰੋਧ ਮੀਟਿੰਗ ਦਾ ਆਯੋਜਨ

**ਪਟਿਆਲਾ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਪੱਛਮੀ ਬੰਗਾਲ ਵਿੱਚ ਕੱਟੜਪੰਥੀ ਮੁਸਲਮਾਨਾਂ ਵੱਲੋਂ ਹਿੰਦੂਆਂ ਉੱਤੇ ਕੀਤੇ ਗਏ ਵਹਿਸ਼ੀ ਹਮਲਿਆਂ ਅਤੇ ਕਾਤਲਾਨਾ ਹਮਲਿਆਂ ਦੇ ਵਿਰੋਧ ਵਿੱਚ ਪੰਜਾਬ ਦੇ ਪਟਿਆਲਾ ਵਿੱਚ ਵੱਖ-ਵੱਖ ਹਿੰਦੂ ਸੰਗਠਨਾਂ ਅਤੇ ਹਿੰਦੂ ਸਮਾਜ ਦੇ ਸਮੂਹਾਂ ਨੇ ਇੱਕ ਵਿਸ਼ਾਲ ਵਿਰੋਧ ਮੀਟਿੰਗ ਦਾ ਆਯੋਜਨ ਕੀਤਾ। ਇਸ ਮੀਟਿੰਗ ਵਿੱਚ ਹਿੰਦੂਆਂ ਉੱਤੇ ਹੋ ਰਹੇ ਅੱਤਿਆਚਾਰਾਂ ਵਿਰੁੱਧ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕੀਤੀ ਗਈ।

ਇਸ ਰੋਸ ਮੀਟਿੰਗ ਦਾ ਉਦਘਾਟਨ ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ, ਮਹਾਂਮੰਡਲੇਸ਼ਵਰ ਸ੍ਰੀ ਬ੍ਰਹਮਾਨੰਦ ਗਿਰੀ ਅਤੇ ਹਿੰਦੂ ਸੁਰੱਖਿਆ ਕਮੇਟੀ ਦੇ ਕੌਮੀ ਪ੍ਰਧਾਨ ਰਾਜੇਸ਼ ਕੇਹਰ ਅਤੇ ਸ੍ਰੀ ਸਵਤੰਤਰ ਰਾਜ ਪਾਸੀ ਸ਼ਿਵ ਸ਼ਕਤੀ ਚੈਰੀਟੇਬਲ ਟਰੱਸਟ ਲੰਗਰ ਸ੍ਰੀ ਕਾਲੀ ਮਾਤਾ ਮੰਦਰ ਪਟਿਆਲਾ ਨੇ ਕੀਤਾ।

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਕਿਹਾ ਕਿ ਹਿੰਦੂਆਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਅਤੇ ਬੰਗਾਲ ਦੇ ਹਿੰਦੂਆਂ ਲਈ ਨਿਆਂ ਯਕੀਨੀ ਬਣਾਉਣਾ ਚਾਹੀਦਾ ਹੈ। ਸਾਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਰਾਸਲੀਲਾ ਤੋਂ ਹੀ ਨਹੀਂ, ਸਗੋਂ ਉਨ੍ਹਾਂ ਦੇ ਰੁਦਰ ਰੂਪ ਤੋਂ ਵੀ ਪ੍ਰੇਰਨਾ ਲੈਣੀ ਪਵੇਗੀ। ਇਹ ਵਿਰੋਧ ਮੀਟਿੰਗ ਇੱਕ ਛੋਟੀ ਜਿਹੀ ਪਹਿਲ ਹੈ, ਪਰ ਅਸੀਂ ਹਮੇਸ਼ਾ ਹਿੰਦੂਆਂ ਲਈ ਲੜਾਂਗੇ। ਧਾਰਮਿਕ ਗੁਰੂਆਂ ਨੂੰ ਤਾੜਨਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਪ੍ਰਯਾਗਰਾਜ ਵਿੱਚ ਹੋਏ ਮਹਾਂਕੁੰਭ ਦੌਰਾਨ, ਬਹੁਤ ਸਾਰੇ ਮਹਾਨ ਸੰਤ, ਮਹਾਂਮੰਡਲੇਸ਼ਵਰ ਅਤੇ ਸਾਡੇ ਸਤਿਕਾਰਯੋਗ ਚਾਰ ਮਹਾਂ ਸ਼ੰਕਰਾਚਾਰੀਆ ਅਤੇ ਹੋਰ ਬਹੁਤ ਸਾਰੇ ਕਥਾਵਾਚਕ ਸਨਾਤਨ ਧਰਮ ਦੇ ਪ੍ਰਚਾਰ ਅਤੇ ਸ਼ਾਹੀ ਇਸ਼ਨਾਨ ਲਈ ਉੱਥੇ ਗਏ ਸਨ। ਅੱਜ, ਜਦੋਂ ਪੱਛਮੀ ਬੰਗਾਲ ਵਿੱਚ ਹਿੰਦੂ ਭਾਈਚਾਰਾ ਜਿਹਾਦੀ ਕੱਟੜਪੰਥੀ ਮੁਸਲਮਾਨਾਂ ਦੇ ਹੱਥੋਂ ਦੁੱਖ ਅਤੇ ਤਸੀਹੇ ਝੱਲ ਰਿਹਾ ਹੈ, ਤਾਂ ਸਾਡੇ ਚਾਰ ਮਹਾਨ ਸ਼ੰਕਰਾਚਾਰੀਆ ਉਨ੍ਹਾਂ ਦੀ ਮਦਦ ਕਿਉਂ ਨਹੀਂ ਕਰ ਰਹੇ? ਕੋਈ ਸ਼ੰਕਰਾਚਾਰੀਆ ਜਾਂ ਆਸ਼ਰਮ ਜਾਂ ਕੋਈ ਮਹਾਨ ਕਥਾਵਾਚਕ ਉਨ੍ਹਾਂ ਦੀ ਵਿੱਤੀ ਮਦਦ ਕਰਨ ਜਾਂ ਰਾਸ਼ਟਰੀ ਪੱਧਰ 'ਤੇ ਹਿੰਦੂ ਸਮਾਜ ਦੀ ਅਗਵਾਈ ਕਰਨ ਲਈ ਅੱਗੇ ਕਿਉਂ ਨਹੀਂ ਆ ਰਿਹਾ।

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਰੋਸ ਸਭਾ ਵਿੱਚ ਬੋਲਦੇ ਹੋਏ ਕਿਹਾ ਕਿ ਸਾਨੂੰ ਬਹੁਤ ਹੈਰਾਨੀ ਹੈ ਕਿ ਕੇਂਦਰ ਸਰਕਾਰ ਇਸ ਪੂਰੇ ਮਾਮਲੇ 'ਤੇ ਚੁੱਪੀ ਧਾਰਨ ਕਰ ਰਹੀ ਹੈ। ਹੁਣ ਤੱਕ, ਮੋਦੀ ਸਰਕਾਰ ਨੇ ਨਾ ਤਾਂ ਪੱਛਮੀ ਬੰਗਾਲ ਵਿੱਚ ਰਾਸ਼ਟਰਪਤੀ ਰਾਜ ਲਗਾਇਆ ਹੈ ਅਤੇ ਨਾ ਹੀ ਪੱਛਮੀ ਬੰਗਾਲ ਨੂੰ ਭਾਰਤੀ ਸੈਨਾ ਦੇ ਹਵਾਲੇ ਕੀਤਾ ਹੈ??? ਪੱਛਮੀ ਬੰਗਾਲ ਵਿੱਚ ਹਿੰਦੂਆਂ ਦੇ ਜ਼ਖ਼ਮ ਅਜੇ ਭਰੇ ਨਹੀਂ ਸਨ ਕਿ ਪਾਕਿਸਤਾਨ ਦੇ ਕੱਟੜ ਮੁਸਲਿਮ ਅੱਤਵਾਦੀਆਂ ਨੇ ਪਹਿਲਗਾਮ ਦੇ ਇੱਕ ਸੈਰ-ਸਪਾਟਾ ਸਥਾਨ 'ਤੇ ਦਿਨ-ਦਿਹਾੜੇ ਉਨ੍ਹਾਂ ਦਾ ਧਰਮ ਪੁੱਛ ਕੇ ਅਤੇ ਗੋਲੀ ਮਾਰ ਕੇ ਵੱਡੀ ਗਿਣਤੀ ਵਿੱਚ ਹਿੰਦੂਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਸ਼ਿਵ ਸੈਨਾ ਹਿੰਦੁਸਤਾਨ ਹਿੰਦੂਆਂ ਦੇ ਇਸ ਬੇਰਹਿਮ ਕਤਲੇਆਮ ਦੀ ਨਿੰਦਾ ਕਰਦੀ ਹੈ ਅਤੇ ਕੇਂਦਰ ਸਰਕਾਰ ਤੋਂ ਜਾਣਨਾ ਚਾਹੁੰਦੀ ਹੈ ਕਿ ਦੇਸ਼ ਵਿੱਚ ਹਿੰਦੂਆਂ ਦੇ ਅਜਿਹੇ ਬੇਰਹਿਮ ਕਤਲ ਕਦੋਂ ਤੱਕ ਜਾਰੀ ਰਹਿਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਅੱਤਵਾਦੀਆਂ ਦਾ ਜਵਾਬ ਦੇਣ ਲਈ ਹਿੰਦੂ ਸਮਾਜ ਨੂੰ ਇੱਕਜੁੱਟ ਹੋਣਾ ਪਵੇਗਾ। ਇਸ ਰੋਸ ਮੀਟਿੰਗ ਵਿਚ ਸ਼੍ਰੀ ਲੋਕੇਂਦਰ ਦਾਸ ਡੇਰਾ ਸਰਸਵਤੀ ਗਿਰੀ ਜੀ, ਬਾਬਾ ਮੈਦਾਨ ਗਿਰੀ ਜੀ ਮੈਦਾਨ, ਸ਼੍ਰੀ ਤੂਫਾਨ ਗਿਰੀ ਜੀ ਜੂਨਾ ਅਖਾੜਾ ਹਿੰਦੂ ਤਖਤ, ਸ਼੍ਰੀ ਰਜਿੰਦਰ ਗਿਰੀ ਜੀ ਜੂਨਾ ਅਖਾੜਾ ਹਿੰਦੂ ਤਖਤ, ਸ਼੍ਰੀ ਅਨੀਸ਼ ਮੰਗਲਾ ਜੀ (ਸੀਨੀਅਰ ਉਦਯੋਗਪਤੀ), ਸ਼੍ਰੀਮਤੀ ਸਵਰਾਜ ਘੁੰਮਣ ਜੀ ਪ੍ਰਧਾਨ ਉਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ), ਸ਼੍ਰੀਮਤੀ ਸਵਰਾਜ ਘੁੰਮਣ ਜੀ ਹਾਜ਼ਰ ਸਨ। ਸ੍ਰੀਮਤੀ ਕਾਂਤਾ ਬਾਂਸਲ ਉਪ ਪ੍ਰਧਾਨ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਹੇਮਰਾਜ ਗੋਇਲ ਰਾਸ਼ਟਰੀ ਸਲਾਹਕਾਰ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਸੰਤੀ ਗਿੱਲ ਉੱਤਰੀ ਭਾਰਤ ਇੰਚਾਰਜ ਹਿੰਦੂ ਸੁਰੱਖਿਆ ਕਮੇਟੀ, ਸ਼੍ਰੀ ਐਡਵੋਕੇਟ ਦੇਵੇਂਦਰ ਰਾਜਪੂਤ ਹਿੰਦੂ ਸੁਰੱਖਿਆ ਕਮੇਟੀ, ਸ਼੍ਰੀ ਪਵਨ ਗੋਇਲ ਅਗਰਵਾਲ ਸਮਾਜ ਸਭਾ, ਕੇ.ਕੇ.ਬਾਂਸਲ, ਸੁਰਿੰਦਰ ਬਾਂਸਲ, ਸੁਰੇਸ਼ ਗਰਗ, ਅਮਿਤ ਕੁਮਾਰ ਕਪੂਰ ਹਿੰਦੂ ਬੁਲਾਰਾ ਕਮੇਟੀ, ਵਿਸ਼ਾਲ ਕਪੂਰ, ਵਿਜੇ ਸ਼ਰਮਾ ਸਰਪੰਚ ਸੂਲਰ, ਸ੍ਰੀ ਵਿਸ਼ਨੂੰ ਸ਼ਰਮਾ ਕਾਂਗਰਸ ਪਾਰਟੀ, ਸ੍ਰੀ ਸੁਖੇਂਦਰਾ ਕਾਂਗਰਸ ਪਾਰਟੀ, ਸ੍ਰੀ ਰਾਮ ਪ੍ਰਕਾਸ਼ ਗੋਇਲ ਨਵੀਂ ਅਗਰਵਾਲ ਸਭਾ, ਸ੍ਰੀ ਅਸ਼ਵਨੀ ਸ਼ਰਮਾ ਜਾਗਰਣ ਸੁਧਾਰ ਮੰਡਲ, ਸ. ਸ਼੍ਰੀ ਸੁਮੇਰ ਸੀਰਾ ਜੀ ਅਕਾਲੀ ਦਲ, ਜੌਲੀ ਜੀ ਆਮ ਆਦਮੀ ਪਾਰਟੀ, ਸ਼੍ਰੀ ਮਨੋਜ ਰਾਜਨ ਜੀ, ਐਡਵੋਕੇਟ ਮਨੋਜ, ਬਾਬਾਜੀ ਪਰਸ਼ੂਰਾਮ ਸੈਨਾ, ਮੋਹਿਤ ਸ਼ਰਮਾ ਸਤਿਆਨਾਰਾਇਣ ਮੰਦਿਰ ਲਾਹੌਰੀ ਗੇਟ, ਸ਼੍ਰੀ ਰਿੰਕੂ ਭਾਰਦਵਾਜ ਪੰਜਾਬ ਪ੍ਰਧਾਨ ਆਈ.ਟੀ. ਸੈਨਾ, ਸ਼੍ਰੀ ਰਵਿੰਦਰ ਸਿੰਗਲਾ ਚੇਅਰਮੈਨ ਪੰਜਾਬ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀਮਤੀ ਕ੍ਰਿਸ਼ਨ ਕੁਮਾਰ ਗਾਬਾ ਪ੍ਰਧਾਨਸ਼ਿਵ ਸੈਨਾ ਹਿੰਦੁਸਤਾਨ ਵਪਾਰ ਸੈਨਾ ਪੰਜਾਬ, ਪ੍ਰੋ: ਕ੍ਰਿਸ਼ਨ ਕੁਮਾਰ ਬਨਵਾਸ ਸਿੰਘ, ਪ੍ਰੋ. ਸਨਅਤਕਾਰ, ਦੀਪਕ ਗੋਇਲ ਮੁਖੀ, ਡਾ: ਵਿਨੋਦ ਕੁਮਾਰ ਸ਼ਿਵ ਸੈਨਾ ਪੰਜਾਬ, ਸ੍ਰੀ ਵਿਸ਼ਾਲ ਕੁਮਾਰ ਸ਼ਿਵ ਸੈਨਾ ਪੰਜਾਬ, ਸ੍ਰੀ ਰਾਕੇਸ਼ ਠਾਕੁਰ ਦੁਸਹਿਰਾ ਕਮੇਟੀ, ਐਸ.ਐਸ.ਟੀ.ਨਗਰ, ਸ੍ਰੀ ਦਿਨੇਸ਼ ਤਿਵਾੜੀ ਸ੍ਰੀ ਰਾਮ ਮੰਦਰ ਫੈਕਟਰੀ ਏਰੀਆ, ਸ੍ਰੀ ਰਾਕੇਸ਼ ਮੰਗਲਾ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਰਥ ਯਾਤਰਾ, ਸ੍ਰੀ ਨੀਰਜ ਕੁਮਾਰ ਸ੍ਰੀ ਦਲੇਸ਼ ਰਾਜੇਵਾ ਦਲੇਸ਼ ਰਾਜਵਾੜਾ, ਸ੍ਰੀ. ਸੰਦੀਪ ਤਿਵਾੜੀ ਸ਼ਿਵ ਮੰਦਿਰ ਨਾਭਾ ਰੋਡ, ਸ਼੍ਰੀ ਚੰਦਰ ਕੁਮਾਰ ਸ਼ਾਸਤਰੀ, ਮਦਨ ਚੰਚਲ ਮਹਾਬਲੀ ਸਵਾਕੀਰਤਨ ਮੰਡਲ, ਰਾਜੂ ਬਾਬਾ ਜੀ ਸਵਾਕੀਰਤਨ, ਰੋਹਿਤਵਾਲ ਜਿਲਾ ਪ੍ਰਧਾਨ ਯੂਥ ਸੈਨਾ ਪਟਿਆਲਾ, ਸ੍ਰੀ ਸ਼ਮਾ ਕਾਂਤ ਪਾਂਡੇ ਸੀਨੀਅਰ ਉਪ ਪ੍ਰਧਾਨ ਪੰਜਾਬ ਨੇਤਾ ਹਾਜ਼ਰ ਰਹੇ।

# ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ ਦਾ ਇੱਕ ਪਾਸਾ ਆਵਾਜਾਈ ਲਈ ਖੋਲ੍ਹਿਆ



**ਜੰਮੂ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਢਿੱਗਾਂ ਡਿੱਗਣ ਦੀ ਘਟਨਾ ਨਾਲ ਪ੍ਰਭਾਵਿਤ ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ ਨੂੰ ਪਿਛਲੇ ਤਿੰਨ ਦਿਨ ਬੰਦ ਰਹਿਣ ਤੋਂ ਬਾਅਦ ਬੁੱਧਵਾਰ ਨੂੰ ਇੱਕ ਪਾਸਿਉਂ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਹੈ ਅਤੇ ਨਾਲ ਹੀ ਫਸੇ ਹੋਏ ਯਾਤਰੀਆਂ/ਸੈਲਾਨੀਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਕਟੜਾ ਤੋਂ ਨਵੀਂ ਦਿੱਲੀ ਲਈ ਇੱਕ ਵਿਸ਼ੇਸ਼ ਰੇਲਗੱਡੀ ਚਲਾਈ ਗਈ ਹੈ। ਇਹ ਜਾਣਕਾਰੀ ਇੱਕ ਸਰਕਾਰੀ ਬੁਲਾਰੇ ਨੇ ਦਿੱਤੀ ਹੈ।

ਕਸ਼ਮੀਰ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਨ ਵਾਲਾ ਇੱਕੋ-ਇੱਕ ਹਰ ਮੌਸਮ 'ਚ ਚੱਲਣ ਵਾਲਾ ਹਾਈਵੇਅ, ਐਤਵਾਰ ਤੜਕੇ ਭਾਰੀ ਬਾਰਸ਼ ਤੇ ਬੱਦਲ ਫਟਣ ਕਾਰਨ ਵੱਡੇ ਪੱਧਰ 'ਤੇ ਵਾਪਰੀਆਂ ਢਿੱਗਾਂ ਡਿੱਗਣ ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਕਾਰਨ ਬੰਦ ਹੋ ਗਿਆ ਸੀ।

ਸਰਕਾਰੀ ਬੁਲਾਰੇ ਨੇ ਕਿਹਾ, (ਜੰਮੂ-ਸ੍ਰੀਨਗਰ) ਰਾਸ਼ਟਰੀ ਰਾਜਮਾਰਗ ਨੂੰ ਰਾਮਬਨ ਵਿਖੇ ਇੱਕ ਪਾਸੇ ਦੇ ਆਧਾਰ 'ਤੇ ਚਾਲੂ ਕਰ ਦਿੱਤਾ ਗਿਆ ਹੈ।

ਉਨ੍ਹਾਂ ਫਸੇ ਹੋਏ ਯਾਤਰੀਆਂ ਦੀ ਸਹਾਇਤਾ ਅਤੇ ਵਾਧੂ ਭੀੜ ਨੂੰ ਸਮਾਉਣ ਲਈ ਕਟੜਾ ਸਟੇਸ਼ਨ ਤੋਂ ਨਵੀਂ ਦਿੱਲੀ ਤੱਕ ਇੱਕ ਵਿਸ਼ੇਸ਼ ਰੇਲ ਸੇਵਾ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਕਿਹਾ, ਪ੍ਰਸ਼ਾਸਨ ਸਾਰੇ ਸੈਲਾਨੀਆਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਸਾਰਿਆਂ ਨੂੰ ਸਹਿਯੋਗ ਅਤੇ ਜ਼ਰੂਰੀ ਸੇਧਾਂ ਦੀ ਪਾਲਣਾ ਕਰਨ ਦੀ ਅਪੀਲ ਕਰਦਾ ਹੈ।

ਗ਼ੌਰਤਲਬ ਹੈ ਕਿ ਪਹਿਲਗਾਮ ਅੱਤਵਾਦੀ ਹਮਲੇ ਕਾਰਨ ਹਜ਼ਾਰਾਂ ਸੈਲਾਨੀ ਕਸ਼ਮੀਰ ਛੱਡ ਕੇ ਜਾ ਰਹੇ ਹਨ। ਅਧਿਕਾਰੀਆਂ ਵੱਲੋਂ ਸੈਲਾਨੀਆਂ ਦੀ ਉਨ੍ਹਾਂ ਦੀ ਆਪਣੇ ਘਰੀਂ ਸੁਰੱਖਿਅਤ ਵਾਪਸੀ ਲਈ ਲੋੜੀਂਦੇ ਪ੍ਰਬੰਧ ਯਤਨ ਕੀਤੇ ਜਾ ਰਹੇ ਹਨ।

ਦੂਜੇ ਪਾਸੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਸੈਲਾਨੀਆਂ ਦੀ ਇਹ ਹਿਜਰਤ ਦਿਲ ਤੋੜਨ ਵਾਲੀ ਹੈ। ਇਕ ✓ ਪੋਸਟ ਵਿੱਚ ਅਬਦੁੱਲਾ ਨੇ ਕਿਹਾ, ਪਹਿਲਗਾਮ ਵਿੱਚ ਕੱਲ੍ਹ ਦੇ ਦੁਖਦਾਈ ਅੱਤਵਾਦੀ ਹਮਲੇ ਤੋਂ ਬਾਅਦ ਘਾਟੀ ਤੋਂ ਸਾਡੇ ਮਹਿਮਾਨਾਂ ਦੀ ਹਿਜਰਤ ਨੂੰ ਦੇਖਣਾ ਦਿਲ ਤੋੜਨ ਵਾਲਾ ਹੈ ਪਰ ਨਾਲ ਹੀ ਅਸੀਂ ਪੂਰੀ ਤਰ੍ਹਾਂ ਸਮਝਦੇ ਹਾਂ ਕਿ ਲੋਕ ਕਿਉਂ ਜਾਣਾ ਚਾਹੁਣਗੇ। ਜਦੋਂ ਕਿ ਡੀਜੀਸੀਏ ਅਤੇ ਸਿਵਲ ਏਵੀਏਸ਼ਨ ਮੰਤਰਾਲਾ ਵਾਧੂ ਉਡਾਣਾਂ ਦਾ ਪ੍ਰਬੰਧ ਕਰਨ ਲਈ ਕੰਮ ਕਰ ਰਹੇ ਹਨ, ਸ੍ਰੀਨਗਰ ਅਤੇ ਜੰਮੂ ਵਿਚਕਾਰ ©8-44 ਨੂੰ ਇੱਕ ਪਾਸੇ ਤੋਂ ਆਵਾਜਾਈ ਲਈ ਦੁਬਾਰਾ ਜੋੜ ਦਿੱਤਾ ਗਿਆ ਹੈ।

# ਪਹਿਲਗਾਮ ਹਮਲੇ ਬਾਰੇ ਵਿਵਾਦਪੂਰਨ ਸੋਸ਼ਲ ਮੀਡੀਆ ਪੋਸਟ ਪਾਉਣ ਵਾਲਾ ਗ੍ਰਿ.ਫਤਾਰ

**ਮਹਿਲ ਕਲਾਂ, 24 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਮਹਿਲ ਕਲਾਂ ਦੇ ਪਿੰਡ ਚੀਮਾ ਵਿਖੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਸੂਬਾ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਗਿਆ। ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਚਾਉਕੇ ਆਦਰਸ਼ ਸਕੂਲ ਸੰਘਰਸ਼ ਵਿਚ ਗ੍ਰਿਫ਼ਤਾਰ ਕੀਤੇ ਆਗੂ ਵਰਕਰਾਂ ਦੀ ਰਿਹਾਈ, ਕਿਸਾਨਾਂ ਅਤੇ ਅਧਿਆਪਕਾਂ 'ਤੇ ਜਬਰ ਢਾਹੁਣ ਵਾਲੇ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ, ਆਦਰਸ਼ ਸਕੂਲ ਚਾਉਕੇ ਦੀ ਭ੍ਰਿਸ਼ਟ ਮੈਨੇਜਮੈਂਟ ਖ਼ਿਲਾਫ਼ ਕਾਰਵਾਈ ਅਤੇ ਸਕੂਲੋਂ ਕੱਢੇ ਅਧਿਆਪਕਾਂ ਨੂੰ ਬਹਾਲ ਕਰਵਾਉਣ ਆਦਿ ਮੰਗਾਂ ਲਈ ਸੰਘਰਸ਼ ਨੂੰ ਤੇਜ਼ ਕਰਦਿਆਂ 24 ਅਪਰੈਲ ਨੂੰ ਮਾਨਸਾ ਵਿਖੇ ਹੋ ਰਹੇ ਮੁਜ਼ਾਹਰੇ 'ਚ ਜਥੇਬੰਦੀ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਮੁਜ਼ਾਹਰੇ ਰਾਹੀਂ ਭ੍ਰਿਸ਼ਟ ਮੈਨੇਜਮੈਂਟ ਦੇ ਮੁਖੀਆਂ ਦੇ ਰਿਹਾਇਸ਼ੀ ਸ਼ਹਿਰ 'ਚ ਉਨ੍ਹਾਂ ਦੇ ਕਾਰਿਆਂ ਦੀ ਪਾਜ-ਉਘੜਾਈ ਕੀਤੀ ਜਾਵੇਗੀ। ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਈ ਕਮੇਟੀ ਵੱਲੋਂ ਮੈਨੇਜਮੈਂਟ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਉਹਨਾਂ ਦਾ ਪੱਖ ਪੂਰ ਰਿਹਾ ਹੈ।


ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ 5 ਮਾਰਚ ਨੂੰ ਚੰਡੀਗੜ੍ਹ 'ਚ ਕਿਸਾਨਾਂ ਨੂੰ ਧਰਨਾ ਦੇਣ ਤੋਂ ਰੋਕਿਆ ਗਿਆ ਸੀ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਲਗਾਤਾਰ ਕਿਸਾਨ ਧਰਨਿਆਂ ਨੂੰ ਜ਼ਬਰ ਕਰਕੇ ਉਖਾੜਿਆ ਗਿਆ ਸੀ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਦੇ ਰਾਹ 'ਤੇ ਹੈ ਅਤੇ ਹੁਣ ਇਕ ਸਥਾਨਕ ਪੱਧਰੀ ਭ੍ਰਿਸ਼ਟ ਮੈਨੇਜਮੈਂਟ ਦੀ ਪਿੱਠ 'ਤੇ ਖੜ੍ਹ ਕੇ ਲੋਕਾਂ 'ਤੇ ਜ਼ਬਰ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੂੰ ਲੋਕਾਂ ਪ੍ਰਤੀ ਅਖਤਿਆਰ ਕੀਤੇ ਇਸ ਜਾਬਰ ਰਵੱਈਏ ਦਾ ਜਵਾਬ ਪਿੰਡਾਂ ਦੀਆਂ ਸੱਥਾਂ ਵਿੱਚ ਦੇਣਾ ਪਵੇਗਾ ਅਤੇ ਆਉਂਦੇ ਦਿਨਾਂ 'ਚ ਮੁੱਖ ਮੰਤਰੀ, ਮੰਤਰੀਆਂ, ਵਿਧਾਇਕਾਂ ਨੂੰ ਪਿੰਡਾਂ ਆਉਣ ਸਮੇਂ ਕਾਲੀਆਂ ਝੰਡੀਆਂ ਨਾਲ ਜ਼ਬਰਦਸਤ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮੀਟਿੰਗ ਚ ਇਹ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅੱਗ ਲੱਗਣ ਦੀਆਂ ਘਟਨਾਵਾਂ ਨਾਲ ਹੋਏ ਕਣਕ ਦੇ ਨੁਕਸਾਨ ਦੀ ਪੂਰੀ ਭਰਪਾਈ ਕੀਤੀ ਜਾਵੇ।

ਮੀਟਿੰਗ ਵਿਚ ਸੂਬਾ ਸਕੱਤਰ ਜਗਤਾਰ ਸਿੰਘ ਕਾਲਾ ਝਾੜ, ਹਰਦੀਪ ਸਿੰਘ ਟੱਲੇਵਾਲ ਜਨਕ ਸਿੰਘ ਭੁਟਾਲ, ਔਰਤ ਆਗੂਆਂ ਕਮਲਜੀਤ ਬਰਨਾਲਾ, ਬਿੰਦਰ ਕੌਰ ਭਦੌੜ, ਕਰਮਜੀਤ ਕੌਰ ਲਹਿਰਾ ਖਾਨਾ, ਤੋਂ ਇਲਾਵਾ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਸਕੱਤਰ ਹਾਜ਼ਰ ਸਨ।

## ਰਿਸ਼ਵਤ ਲੈਣ ਵਾਲੇ ਹੌਲਦਾਰ ਨੂੰ 5 ਸਾਲ ਕੈਦ, ਸ਼ਿਕਾਇਤਕਰਤਾ ਮੁੱਕਰਨ ਦੇ ਬਾਵਜੂਦ ਅਦਾਲਤ ਨੇ ਸੁਣਾਈ ਸਜ਼ਾ

ਮੋਹਾਲੀ 24 ਅਪ੍ਰੈਲ। ਵਿਜੀਲੈਂਸ ਵੱਲੋਂ ਥਾਣਾ ਘੜੂੰਆਂ 'ਚ ਤਾਇਨਾਤ ਹੌਲਦਾਰ ਗੁਰਪਾਲ ਸਿੰਘ ਨੂੰ ਰਿਸ਼ਵਤ ਸਮੇਤ ਗ੍ਰਿਫ਼ਤਾਰ ਕਰਨ ਦੇ ਮਾਮਲੇ 'ਚ ਸ਼ਿਕਾਇਤਕਰਤਾ ਵੱਲੋਂ ਮੁੱਕਰਨ ਦੇ ਬਾਵਜੂਦ ਅਦਾਲਤ ਨੇ 5 ਸਾਲ ਦੀ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸ਼ਿਕਾਇਤਕਰਤਾ ਜਰਨੈਲ ਸਿੰਘ ਗਵਾਹੀ ਤੋਂ ਮੁੱਕਰ ਗਿਆ ਸੀ ਪਰ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਅਜੀਤ ਅੱਤਰੀ ਦੀ ਅਦਾਲਤ ਨੇ ਹੌਲਦਾਰ ਖ਼ਿਲਾਫ਼ ਸਬੂਤ ਹੋਣ ਕਾਰਨ ਸਜ਼ਾ ਸੁਣਾ ਦਿੱਤੀ। ਇਸ ਮਾਮਲੇ 'ਚ ਸ਼ੈਡੋ ਗਵਾਹ ਧਰਮਿੰਦਰ ਦੀ ਅਦਾਲਤ 'ਚ ਗਵਾਹੀ ਹੋਣ ਤੋਂ ਪਹਿਲਾਂ ਹੀ ਮੌਤ ਹੋ ਗਈ ਸੀ। ਵਿਜੀਲੈਂਸ ਵੱਲੋਂ ਇਸ ਮਾਮਲੇ ਦੀ ਪੈਰਵੀ ਮਨਜੀਤ ਸਿੰਘ ਜ਼ਿਲ੍ਹਾ ਅਟਾਰਨੀ ਵਿਜੀਲੈਂਸ ਵੱਲੋਂ ਕੀਤੀ ਗਈ ਸੀ। ਇਸ ਮਾਮਲੇ 'ਚ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਉਸ ਸਮੇਂ ਦੇ ਥਾਣਾ ਘੜੂੰਆਂ ਦੇ ਮੁਖੀ



ਸਾਹਿਬ ਸਿੰਘ ਨੂੰ ਸਿੱਧੇ ਸਬੂਤ ਨਾ ਹੋਣ ਕਾਰਨ ਬੇਗੁਨਾਹ ਕਰਾਰ ਦੇ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਸੈਕਟਰ-71 ਮੋਹਾਲੀ ਵਾਸੀ ਜਰਨੈਲ ਸਿੰਘ ਨੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਹ ਸੜਕਾਂ ਬਣਾਉਣ ਦੀ ਠੇਕੇਦਾਰੀ ਕਰਦਾ ਹੈ ਅਤੇ ਉਸ ਦੇ ਟਿੱਪਰ ਚੱਲਦੇ ਹਨ। ਰਾਤ ਸਮੇਂ ਰੇਤ ਵਾਲੇ ਟਿੱਪਰ ਮਾਛੀਵਾੜਾ ਸਾਹਿਬ ਤੋਂ ਮੋਹਾਲੀ ਵੱਲ ਆ ਰਹੇ ਸਨ ਤਾਂ ਘੜੂੰਆਂ ਪੁਲਸ ਨੇ ਉਸ ਦੇ ਟਿੱਪਰਾਂ ਨੂੰ ਰੋਕ ਕੇ ਥਾਣੇ 'ਚ ਬੰਦ ਕਰ ਦਿੱਤਾ। ਇਸ ਸਬੰਧੀ ਥਾਣੇ 'ਚ ਤਾਇਨਾਤ ਹੌਲਦਾਰ ਗੁਰਪਾਲ ਸਿੰਘ ਨੇ ਟਿੱਪਰ ਛੱਡਣ ਬਦਲੇ 10 ਹਜ਼ਾਰ ਰੁਪਏ ਦੀ ਮੰਗ ਕੀਤੀ। ਦੇਰ ਰਾਤ ਹੌਲਦਾਰ ਗੁਰਪਾਲ ਸਿੰਘ ਨੇ 7 ਹਜ਼ਾਰ ਰੁਪਏ ਲੈ ਕੇ ਟਿੱਪਰ ਤਾਂ ਛੱਡ ਦਿੱਤੇ ਪਰ ਬਾਕੀ ਦੇ 3 ਹਜ਼ਾਰ ਬਾਅਦ 'ਚ ਦੇਣ ਲਈ ਕਿਹਾ। ਸ਼ਿਕਾਇਤਕਰਤਾ ਨੇ 3 ਹਜ਼ਾਰ ਰੁਪਏ ਨਾ ਦੇਣ ਦਾ ਮਨ ਬਣਾ ਕੇ ਵਿਜੀਲੈਂਸ ਨੂੰ ਸ਼ਿਕਾਇਤ ਦੇ ਦਿੱਤੀ। ਵਿਜੀਲੈਂਸ ਦੀ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ 'ਚ ਘੜੂੰਆਂ ਤੋਂ 3 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਹੌਲਦਾਰ ਗੁਰਪਾਲ ਸਿੰਘ ਨੂੰ ਉਸ ਸਮੇਂ ਗ੍ਰਿਫ਼ਤਾਰ ਕੀਤਾ, ਜਦੋਂ ਉਹ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਕ ਪ੍ਰੋਗਰਾਮ ਦੇ ਬਾਹਰ ਡਿਊਟੀ 'ਤੇ ਤਾਇਨਾਤ ਸੀ। ਇਸ ਮਾਮਲੇ 'ਚ ਐੱਸ. ਐੱਚ. ਓ. ਸਾਹਿਬ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ।

## ਸ੍ਰੀ ਗੋਇੰਦਵਾਲ ਸਾਹਿਬ ਜੇਲ੍ਹ 'ਚ ਪਿਆ ਭੜਥੂ, ਘਟਨਾ ਦੇਖ ਸਭ ਦੇ ਉੱਡੇ ਹੋਸ਼

ਤਰਨਤਾਰਨ 24 ਅਪ੍ਰੈਲ। ਕੇਂਦਰੀ ਜੇਲ੍ਹ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹਵਾਲਾਤੀ ਪਵਨਦੀਪ ਸਿੰਘ ਉਰਫ ਪ੍ਰਿੰਸ (27) ਪੁੱਤਰ ਮੰਗਲ ਸਿੰਘ ਨਿਵਾਸੀ ਲੁਹਾਰਕਾ ਰੋਡ ਅੰਮ੍ਰਿਤਸਰ ਵੱਲੋਂ ਜੇਲ੍ਹ ਅੰਦਰ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸ੍ਰੀ ਗੋਇੰਦਵਾਲ ਸਾਹਿਬ ਦੀ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਨੂੰ ਸਿਵਲ ਹਸਪਤਾਲ ਤਰਨਤਾਰਨ ਵਿਖੇ ਪੋਸਟਮਾਰਟਮ ਕਰਵਾਉਣ ਲਈ ਭੇਜ ਦਿੱਤਾ ਗਿਆ ਹੈ। ਇਸ ਸਬੰਧੀ



ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਗੋਇੰਦਵਾਲ ਅਤੁਲ ਸੋਨੀ ਨੇ ਦੱਸਿਆ ਕਿ ਬੀਤੀ 22 ਅਪ੍ਰੈਲ ਨੂੰ ਹਵਾਲਾਤੀ ਪਵਨਦੀਪ ਸਿੰਘ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਵਿਚ ਪੁੱਜਾ ਸੀ ਜਿਸ ਖ਼?ਲਾਫ ਸਾਲ 2001 ਦੌਰਾਨ ਅੰਮ੍ਰਿਤਸਰ ਵਿਖੇ ਇਰਾਦਾ ਕਤਲ ਤਹਿਤ ਮਾਮਲਾ ਦਰਜ ਸੀ। ਇਸ ਮਗਰੋਂ ਇਹ ਪਹਿਲਾਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਰਿਹਾ ਅਤੇ ਬਾਅਦ ਵਿਚ ਬੀਤੀ 22 ਅਪ੍ਰੈਲ ਵਾਲੇ ਦਿਨ ਗੋਇੰਦਵਾਲ ਸਾਹਿਬ ਜੇਲ੍ਹ ਅੰਦਰ ਤਬਦੀਲ ਕਰ ਦਿੱਤਾ ਗਿਆ। ਜਿਸ ਵੱਲੋਂ ਜੇਲ੍ਹ ਦੇ ਬਾਥਰੂਮ ਵਿਚ ਫਾਹਾ ਲਗਾ ਕੇ ਆਤਮਹੱਤਿਆ ਕਰ ਲਈ ਗਈ। ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਉਪਰੰਤ ਬਣਦੀ ਅਗਲੇਰੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਮੋਗਾ 'ਚ ਸਮਾਰਟ ਕੰਟਰੋਲ ਰੂਮ ਦਾ ਉਦਘਾਟਨ

ਮੋਗਾ 24 ਅਪ੍ਰੈਲ। ਮੋਗਾ ਵਿਖੇ ਡੀ. ਜੀ. ਪੀ. ਗੌਰਵ ਯਾਦਵ ਵੱਲੋਂ ਸਮਾਰਟ ਕੰਟਰੋਲ ਰੂਮ ਦਾ ਉਦਘਾਟਨ ਕੀਤਾ ਗਿਆ, ਜੋ ਆਧੁਨਿਕ ਤਕਨੀਕ, ਉੱਚ ਗੁਣਵੱਤਾ ਵਾਲੇ ਨਿਗਰਾਨੀ ਉਪਕਰਨਾਂ ਅਤੇ ਨਵੀਂ ਤਕਨੀਕਾਂ ਨਾਲ ਲੈਸ ਹੈ। ਇਹ ਕੰਟਰੋਲ ਰੂਮ ਜ਼ਿਲ੍ਹੇ ਭਰ ਵਿਚ ਅਪਰਾਧ ਰੋਕਣ, ਸ਼ੱਕੀ ਗਤਿਵਿਧੀਆਂ 'ਤੇ ਨਿਗਰਾਨੀ ਅਤੇ ਮਾੜੇ ਅਨਸਰਾਂ ਨੂੰ ਬੇਨਕਾਬ ਕਰਨ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਏਗਾ। ਇਸ ਪ੍ਰੋਜੈਕਟ ਦੇ ਤਹਿਤ ਜ਼ਿਲ੍ਹੇ ਵਿਚ ਹੋਰ ਵੀ ਕੈਮਰੇ ਲਗਾਏ ਜਾ ਰਹੇ ਹਨ, ਜਿਸ ਨਾਲ ਅਪਰਾਧ 'ਤੇ ਕੰਟਰੋਲ ਅਤੇ ਉਸ ਦੀ ਟਰੇਸਿੰਗ ਵਿਚ ਮਦਦ ਮਿਲੇਗੀ। ਡੀ.ਜੀ.ਪੀ. ਗੌਰਵ ਯਾਦਵ ਨੇ ਉਦਘਾਟਨ ਮੌਕੇ ਕਿਹਾ ਕਿ ਇਹ ਕੰਟਰੋਲ ਰੂਮ ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਗਿਆ ਹੈ ਅਤੇ ਇਹ ਪੁਲਸ ਨੂੰ ਸ਼ੱਕੀ ਗਤੀਵਿਧੀਆਂ 'ਤੇ ਨਿਗਰਾਨੀ ਰੱਖਣ ਅਤੇ ਅਪਰਾਧੀਆਂ ਨੂੰ ਬੇਨਕਾਬ ਕਰਨ ਵਿਚ ਮਦਦਗਾਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨਗੇ, ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਆਈ.ਜੀ. ਫਿਰੋਜ਼ਪੁਰ ਰੇਂਜ ਅਸ਼ਵਨੀ ਕਪੂਰ (ਆਈ.ਪੀ.ਐਸ.), ਐਸ.ਐਸ.ਪੀ. ਮੋਗਾ ਅਜੈ ਗਾਂਧੀ (ਆਈ.ਪੀ.ਐਸ.) ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਮਾਨ ਸਰਕਾਰ ਨੇ ਮੰਡੀਆਂ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਵੱਡੀ ਰਾਹਤ ਦਿੰਦਿਆਂ ਮਜ਼ਦੂਰੀ ਰੇਟ 'ਚ ਕੀਤਾ ਵਾਧਾ: ਮੰਤਰੀ ਕਟਾਰੂ

**ਸਰਦੂਲ ਸਿੰਘ**

ਗੁਰਦਾਸਪੁਰ 24 ਅਪ੍ਰੈਲ। ਪੰਜਾਬ ਦੇ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਗੁਰਦਾਸਪੁਰ ਦੀ ਦਾਣਾ ਮੰਡੀ ਵਿੱਚ ਕਣਕ ਦੀ ਚੱਲ ਰਹੀ ਖ਼ਰੀਦ ਦਾ ਜਾਇਜ਼ਾ ਲਿਆ। ਆਪਣੇ ਦੌਰੇ ਦੌਰਾਨ ਉਨ੍ਹਾਂ ਨੇ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨਾਲ ਗੱਲਬਾਤ ਕਰਕੇ ਮੰਡੀ ਵਿੱਚ ਚੱਲ ਰਹੀ ਕਣਕ ਦੀ ਖ਼ਰੀਦ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਸ੍ਰੀ ਸ਼ਮਸ਼ੇਰ ਸਿੰਘ ਦੀਨਾਨਗਰ, ਮਾਰਕਿਟ ਕਮੇਟੀ ਦੇ ਚੇਅਰਮੈਨ ਸ੍ਰੀ ਭਾਰਤ ਭੂਸ਼ਨ ਸ਼ਰਮਾ, ਡੀ.ਐੱਫ.ਐੱਸ.ਸੀ. ਸੁਖਜਿੰਦਰ ਸਿੰਘ, ਡੀ.ਐੱਮ.ਓ. ਜਸਪਾਲ ਸਿੰਘ ਘੁੰਮਣ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ। ਗੁਰਦਾਸਪੁਰ ਮੰਡੀ ਵਿੱਚ ਕਣਕ ਦੀ ਖ਼ਰੀਦ ਦਾ ਜਾਇਜ਼ਾ ਲੈਣ ਉਪਰੰਤ ਮਾਰਕਿਟ ਕਮੇਟੀ ਦਫ਼ਤਰ ਗੁਰਦਾਸਪੁਰ ਵਿਖੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਭਾਅ ਉੱਪਰ ਖ਼ਰੀਦਣ ਲਈ ਵਚਨਬੱਧ ਹੈ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ 'ਚ ਇਸ ਵਾਰ ਕਣਕ ਦੀ ਬੰਪਰ ਫ਼ਸਲ ਹੋਈ ਹੈ ਅਤੇ ਇਸ ਸੀਜ਼ਨ ਦੌਰਾਨ ਲਗਭਗ 125 ਲੱਖ ਮੀਟਰਿਕ ਟਨ




ਕਣਕ ਮੰਡੀਆਂ ਵਿੱਚ ਆਉਣ ਦੀ ਸੰਭਾਵਨਾ ਹੈ। ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਹੁਣ ਤੱਕ ਸੂਬੇ ਦੀਆਂ ਮੰਡੀਆਂ 'ਚ 37 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ ਲਗਭਗ 33.5 ਲੱਖ ਮੀਟਰਿਕ ਟਨ ਦੀ ਖ਼ਰੀਦ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਦੇ ਖਾਤਿਆਂ 'ਚ 3234 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਮੰਡੀਆਂ ਦੇ ਦੌਰੇ ਦੌਰਾਨ ਫ਼?ਲਹਾਲ ਕੋਈ ਮੁਸ਼ਕਲ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਮੰਡੀਆਂ 'ਚ ਆਏ ਅਨਾਜ ਨੂੰ ਮੌਸਮ ਦੀ ਮਾਰ ਤੋਂ ਬਚਾਉਣ ਲਈ ਸਾਰੀਆਂ ਏਜੰਸੀਆਂ ਅਤੇ ਆੜ੍ਹਤੀਆਂ ਨੂੰ ਤਰਪਾਲਾਂ ਅਤੇ ਕਰੇਟਾਂ ਦੇ ਸਮੁੱਚੇ ਪ੍ਰਬੰਧ ਕਰਕੇ ਰੱਖਣ ਲਈ ਕਿਹਾ ਗਿਆ ਹੈ। ਕੈਬਨਿਟ ਮੰਤਰੀ ਕਟਾਰੂਚੱਕ ਨੇ ਖ਼ਰੀਦ ਕਾਰਜਾਂ ਨਾਲ ਜੁੜੇ ਸਮੂਹ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਕਿ ਮੰਡੀਆਂ 'ਚ ਕੋਈ ਵੀ ਢਿੱਲ-ਮੱਠ ਨਾ ਆਵੇ ਅਤੇ ਕਿਸੇ ਵੀ ਕਿਸਾਨ ਜਾਂ ਆੜ੍ਹਤੀ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਫ਼ਸਲ ਦੀ ਅਦਾਇਗੀ 24 ਘੰਟੇ ਦੇ ਅੰਦਰ-ਅੰਦਰ ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜਿੱਥੇ ਮੰਡੀਆਂ ਵਿੱਚ ਕਿਸਾਨਾਂ ਦੀ ਕਣਕ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਭਾਅ ਉੱਪਰ ਖ਼ਰੀਦਣ ਲਈ ਵਚਨਬੱਧ ਹੈ ਓਥੇ ਰਾਜ ਸਰਕਾਰ ਨੇ ਮੰਡੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਵੀ ਵੱਡੀ ਰਾਹਤ ਦਿੰਦਿਆਂ ਉਨ੍ਹਾਂ ਦੇ ਮਜ਼ਦੂਰੀ ਦੇ ਰੇਟਾਂ ਵਿੱਚ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਮੰਡੀਆਂ ਵਿੱਚ ਲੋਡਿੰਗ ਕਰਦੇ ਮਜ਼ਦੂਰਾਂ ਦੀ ਮਜ਼ਦੂਰੀ ਦਾ ਰੇਟ 1.80 ਰੁਪਏ ਤੋਂ ਵਧਾ ਕੇ 2.64 ਰੁਪਏ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੰਡੀ ਵਿੱਚ ਕੰਮ ਕਰਦੇ ਮਜ਼ਦੂਰਾਂ ਦੀ ਇਹ ਲੰਮੇ ਸਮੇਂ ਤੋਂ ਮੰਗ ਸੀ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੂਰੀ ਕੀਤੀ ਹੈ। ਉਨ੍ਹਾਂ ਕਿਹਾ ਰਾਜ ਸਰਕਾਰ ਦੇ ਇਸ ਫ਼ੈਸਲੇ ਨਾਲ ਮੰਡੀਆਂ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ 10 ਕਰੋੜ ਰੁਪਏ ਦਾ ਲਾਭ ਮਿਲੇਗਾ। ਉਧਰ ਰਾਜ ਸਰਕਾਰ ਵੱਲੋਂ ਮਜ਼ਦੂਰਾਂ ਦੇ ਲੋਡਿੰਗ ਰੇਟ ਵਿੱਚ ਵਾਧਾ ਕਰਨ ਦੇ ਫ਼ੈਸਲੇ ਦਾ ਸਮੁੱਚੇ ਮਜ਼ਦੂਰ ਵਰਗ ਨੇ ਸਵਾਗਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਚੇਅਰਮੈਨ ਰਮਨ ਬਹਿਲ ਦਾ ਧੰਨਵਾਦ ਕੀਤਾ ਹੈ।

# ਜਲੰਧਰ ਦੇ ਡਿਪਟੀ ਕਮਿਸ਼ਨਰ ਦਫ਼ਤਰ 'ਚ ਖੁੱਲ੍ਹੇ ਆਸਮਾਨ ਹੇਠ ਖਿੱਲਰੇ 'ਸਨਮਾਨ ਤੇ ਪ੍ਰਸ਼ੰਸਾ-ਪੱਤਰ'

**ਕਿਸ਼ਨ ਪਾਲ**

ਜਲੰਧਰ 24 ਅਪ੍ਰੈਲ। ਪੰਜਾਬ ਸਰਕਾਰ ਵੱਲੋਂ ਹਰ ਸਾਲ ਸੂਬਾਈ ਅਤੇ ਜ਼ਿਲ੍ਹਾ ਪੱਧਰੀ ਗਣਤੰਤਰ ਜਾਂ ਆਜ਼ਾਦੀ ਦਿਵਸ ਸਮਾਰੋਹ ਦੌਰਾਨ ਦਿੱਤੇ ਜਾਣ ਵਾਲੇ ਸਨਮਾਨ ਅਤੇ ਪ੍ਰਸ਼ੰਸਾ-ਪੱਤਰ ਪ੍ਰਾਪਤ ਕਰਨ ਲਈ ਆਜ਼ਾਦੀ ਘੁਲਾਟੀਏ, ਸਮਾਜ-ਸੇਵੀ ਸੰਸਥਾਵਾਂ, ਸਰਕਾਰੀ ਕਰਮਚਾਰੀ ਅਤੇ ਆਮ ਨਾਗਰਿਕ ਸਾਲਾਂਬੱਧੀ ਸਖ਼ਤ ਮਿਹਨਤ ਕਰਦੇ ਹਨ, ਉਹੀ ਪ੍ਰਸ਼ੰਸਾ ਅਤੇ ਸਨਮਾਨ ਪੱਤਰ ਅੱਜ ਜ਼ਿਲ੍ਹਾ ਪ੍ਰਸ਼ਾਸਨ ਦੀ ਲਾਪ੍ਰਵਾਹੀ ਦਾ ਸ਼ਿਕਾਰ ਬਣ ਕੇ ਕਬਾੜ ਵਿਚ ਤਬਦੀਲ ਹੋ ਚੁੱਕੇ ਹਨ। ਖ਼ਬਰ ਨਾਲ ਜਾਰੀ ਕੀਤੀਆਂ ਜਾ ਰਹੀਆਂ ਐਕਸਕਲੂਸਿਵ ਤਸਵੀਰਾਂ ਕਿਸੇ ਕਬਾੜੀਏ ਦੇ ਗੋਦਾਮ ਦੀਆਂ ਨਹੀਂ ਹਨ, ਸਗੋਂ ਜਲੰਧਰ ਜ਼ਿਲ੍ਹੇ ਦੇ ਵੱਕਾਰੀ ਡਿਪਟੀ ਕਮਿਸ਼ਨਰ ਦਫ਼ਤਰ ਦੀਆਂ ਹਨ, ਜਿੱਥੇ ਸੈਂਕੜੇ ਪ੍ਰਸ਼ੰਸਾ-ਪੱਤਰ ਬਾਥਰੂਮ ਦੇ ਬਾਹਰ ਖੁੱਲ੍ਹੇ ਆਸਮਾਨ ਹੇਠ ਧੂੜ-ਮਿੱਟੀ ਫੱਕ ਰਹੇ ਹਨ। ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਇਹ ਸਾਰੇ ਸਰਟੀਫਿਕੇਟ ਪੂਰੀ ਤਰ੍ਹਾਂ ਖਾਲੀ ਹਨ ਅਤੇ ਇਨ੍ਹਾਂ 'ਤੇ ਕਿਸੇ ਵੀ ਵਿਅਕਤੀ ਦਾ ਨਾਂ ਜਾਂ ਪਛਾਣ ਨਹੀਂ ਭਰੀ ਗਈ ਪਰ ਇਨ੍ਹਾਂ 'ਤੇ ਪਹਿਲਾਂ ਤੋਂ ਹੀ ਡਿਪਟੀ ਕਮਿਸ਼ਨਰ ਦੇ ਦਸਤਖ਼ਤ ਮੌਜੂਦ ਹਨ। ਜਿਸ ਜਗ?ਹਾ 'ਤੇ ਇਨ੍ਹਾਂ ਸੈਂਕੜੇ ਪ੍ਰਸ਼ੰਸਾ-ਪੱਤਰਾਂ ਦੀ ਦੁਰਦਸ਼ਾ ਹੋ ਰਹੀ ਹੈ, ਕੰਪਲੈਕਸ ਵਿਚ ਸਥਿਤ ਐੱਮ. ਏ. ਬ੍ਰਾਂਚ ਦੇ ਬਾਹਰ ਉਕਤ ਸਥਾਨ ਤੋਂ ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਦਾ ਦਫਤਰ ਸਿਰਫ਼ 20 ਕਦਮਾਂ ਦੀ ਦੂਰੀ 'ਤੇ ਹੈ। ਜ਼ਿਕਰਯੋਗ ਹੈ ਕਿ ਹਰ ਸਾਲ ਆਜ਼ਾਦੀ ਅਤੇ ਗਣਤੰਤਰ ਦਿਵਸ ਵਰਗੇ ਰਾਸ਼ਟਰੀ ਤਿਉਹਾਰਾਂ ਦੇ ਮੌਕੇ 'ਤੇ ਜ਼ਿਲ੍ਹਾ ਪ੍ਰਸ਼ਾਸਨ




ਉਨ੍ਹਾਂ ਨਾਗਰਿਕਾਂ ਨੂੰ ਸਨਮਾਨਿਤ ਕਰਦਾ ਹੈ, ਜਿਨ੍ਹਾਂ ਨੇ ਸਮਾਜ-ਸੇਵਾ, ਪ੍ਰਸ਼ਾਸਨਿਕ ਕਾਰਜ, ਸਿੱਖਿਆ, ਸਿਹਤ, ਆਫ਼ਤ ਪ੍ਰਬੰਧਨ ਅਤੇ ਹੋਰ ਖੇਤਰਾਂ ਵਿਚ ਸ਼ਾਨਦਾਰ ਕੰਮ ਕੀਤੇ ਹੋਣ। ਇਹ ਸਨਮਾਨ ਸਰਟੀਫਿਕੇਟ ਪ੍ਰਾਪਤ ਕਰਨਾ ਕਿਸੇ ਵੀ ਵਿਅਕਤੀ ਲਈ ਮਾਣ ਦਾ ਵਿਸ਼ਾ ਹੁੰਦਾ ਹੈ ਪਰ ਜੇਕਰ ਅਜਿਹੇ ਸ ਨਮਾਨ ਪੱਤਰ, ਜੋ ਪ੍ਰਸ਼ਾਸਨਿਕ ਮੋਹਰ ਅਤੇ ਅਧਿਕਾਰੀ ਦੇ ਦਸਤਖ਼ਤ ਦੇ ਨਾਲ ਹੁੰਦੇ, ਖੁੱਲ੍ਹੇ ਵਿਚ ਪਏ ਮਿਲਣ ਤਾਂ ਇਹ ਨਾ ਸਿਰਫ਼ ਪ੍ਰਸ਼ਾਸਨ ਦੀ ਨਾਕਾਮੀ ਨੂੰ ਉਜਾਗਰ ਕਰਦਾ ਹੈ, ਸਗੋਂ ਇਸ ਘਟਨਾ ਨੇ ਪੂਰੀ 'ਸਨਮਾਨ ਪ੍ਰਕਿਰਿਆ' ਨੂੰ ਹੀ ਮਜ਼ਾਕ ਬਣਾ ਦਿੱਤਾ ਹੈ। ਦੂਜੇ ਪਾਸੇ ਜੇਕਰ ਇਹ ਸਨਮਾਨ ਪੱਤਰ ਗਲਤ ਵਿਅਕਤੀ ਦੇ ਹੱਥ ਲੱਗ ਜਾਣ ਤਾਂ ਉਹ ਕਿਤੇ ਵੀ ਝੂਠਾ ਦਾਅਵਾ ਕਰ ਕੇ ਸਨਮਾਨਿਤ ਹੋਣ ਦੀ ਝੂਠੀ ਸਾਖ ਬਣਾ ਸਕਦਾ ਹੈ। ਫਰਜ਼ੀ ਸਰਟੀਫਿਕੇਟਾਂ ਜ਼ਰੀਏ ਕੋਈ ਵੀ ਵਿਅਕਤੀ ਸਮਾਜਿਕ, ਸਿਆਸੀ ਜਾਂ ਕਾਨੂੰਨੀ ਲਾਭ ਹਾਸਲ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਪੂਰੇ ਮਾਮਲੇ ਵਿਚ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਭ ਕੁਝ ਡਿਪਟੀ ਕਮਿਸ਼ਨਰ ਦਫ਼ਤਰ ਕੰਪਲੈਕਸ ਵਿਚ ਹੋ ਰਿਹਾ ਹੈ, ਯਾਨੀਕਿ ਉਸ ਦਫ਼ਤਰ ਵਿਚ, ਜੋ ਜਲੰਧਰ ਜ਼ਿਲ੍ਹਾ ਦੀ ਪ੍ਰਸ਼ਾਸਨਿਕ ਸ਼ਕਤੀ ਦਾ ਕੇਂਦਰ ਬਿੰਦੂ ਹੈ। ਜਦੋਂ ਇੰਨੇ ਸਾਰੇ ਸੰਵੇਦਨਸ਼ੀਲ ਦਸਤਾਵੇਜ਼ ਖੁੱਲ੍ਹੇ ਵਿਚ ਪਏ ਹਨ ਅਤੇ ਕਿਸੇ ਵੀ ਅਧਿਕਾਰੀ ਨੂੰ ਉਨ੍ਹਾਂ ਬਾਰੇ ਪਤਾ ਨਹੀਂ ਹੈ, ਤਾਂ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਪ੍ਰਸ਼ਾਸਨ ਕਿੰਨੀ ਗੰਭੀਰਤਾ ਨਾਲ ਕੰਮ ਕਰ ਰਿਹਾ ਹੈ?

## ਫੋਨ 'ਤੇ ਧੀ ਦੀਆਂ ਆਵਾਜ਼ਾਂ ਸੁਣ ਕੰਬ ਗਈ ਮਾਂ, ਜਦੋਂ ਚੁਬਾਰੇ 'ਤੇ ਜਾ ਕੇ ਦੇਖਿਆ ਤਾਂ ਪੈਰਾਂ ਹੇਠੋਂ ਖਿਸਕੀ ਜ਼ਮੀਨ

ਬਨੂੜ 24 ਅਪ੍ਰੈਲ। ਥਾਣਾ ਬਨੂੜ ਦੀ ਪੁਲਸ ਨੇ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਇਕ ਨੌਜਵਾਨ ਖ਼?ਲਾਫ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਇੰਸਪੈਕਟਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਇਕ ਔਰਤ ਨੇ ਥਾਣਾ ਬਨੂੜ ਵਿਖੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਇਕ ਨੌਜਵਾਨ ਦੀ ਉਸਦੀ ਨਾਬਾਲਗ ਧੀ ਨਾਲ ਪਿਛਲੇ ਚਾਰ ਸਾਲਾਂ ਤੋਂ ਦੋਸਤੀ ਸੀ। ਉਸ ਨੌਜਵਾਨ ਨੇ 20 ਅਪ੍ਰੈਲ ਨੂੰ ਸ਼ਾਮ ਪੰਜ ਵਜੇ ਮੇਰੀ ਲੜਕੀ ਨੂੰ ਆਪਣੇ ਘਰ ਦੇ ਉੱਪਰ ਬਣੇ ਚੁਬਾਰੇ ਵਿਚ ਬੁਲਾਇਆ ਅਤੇ ਉਸ ਨੂੰ ਕਹਿਣ ਲੱਗਾ ਕਿ ਉਹ ਦੂਜੇ ਮੁੰਡਿਆਂ ਵੱਲ ਕਿਉਂ ਦੇਖਦੀ ਹੈ। ਇਸ ਤੋਂ ਬਾਅਦ ਉਕਤ ਨੇ ਉਸਦੀ ਲੜਕੀ ਦੀ ਕੁੱਟਮਾਰ ਕੀਤੀ ਅਤੇ ਉਸਦੇ ਮਰਜ਼ੀ ਖ਼?ਲਾਫ ਚੁਬਾਰੇ ਵਿਚ ਉਸ ਨਾਲ ਬਲਾਤਕਾਰ ਕੀਤਾ। ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਉਸਨੂੰ ਚੁਬਾਰੇ ਵਿਚ ਬੰਨ੍ਹ ਕੇ ਚਲਾ ਗਿਆ, ਕੁਝ ਸਮੇਂ ਬਾਅਦ ਉਸਦੀ ਲੜਕੀ ਨੇ ਮੈਨੂੰ ਫੋਨ ਕੀਤਾ ਅਤੇ ਉਹ ਉਸਨੂੰ ਚੁਬਾਰੇ ਵਿਚੋਂ ਕੱਢ ਕੇ ਬਨੂੜ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਲੈ ਕੇ ਗਈ। ਥਾਣਾ ਮੁਖੀ ਨੇ ਦੱਸਿਆ ਕਿ ਇਸ ਸ਼ਿਕਾਇਤ ਦੇ ਆਧਾਰ 'ਤੇ ਜਾਂਚ ਅਧਿਕਾਰੀ ਏ. ਐੱਸ. ਆਈ ਹਰਦੇਵ ਸਿੰਘ ਨੇ ਕਥਿਤ ਦੋਸ਼ੀ ਖਿਲਾਫ ਧਾਰਾ 64(1),127(2),115(2),351(3) ਬੀ. ਐੱਨ. ਐੱਸ, 4 ਪੋਸਕੋ ਚਿਲਡਰਨਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਉਸ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਬਰਨਾਲੇ ਦੀਆਂ ਮੰਡੀਆਂ 'ਚ 1,74,606 ਮੀਟ੍ਰਿਕ ਟਨ ਫ਼ਸਲ ਦੀ ਆਮਦ

ਬਰਨਾਲਾ 24 ਅਪ੍ਰੈਲ। ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਦੱਸਿਆ ਕਿ ਰੋਜ਼ਾਨਾ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਫ਼ਸਲ ਦੀ ਚੁਕਾਈ ਵੀ ਲਗਾਤਾਰ ਕਰਵਾਈ ਜਾ ਰਹੀ ਹੈ ਤਾਂ ਜੋ ਲਿਫਟਿੰਗ ਦੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਦੱਸਿਆ ਕਿ ਕੱਲ੍ਹ 21 ਅਪ੍ਰੈਲ ਸ਼ਾਮ ਤੱਕ ਜ਼ਿਲ੍ਹੇ ਦੀਆਂ ਵੱਖ ਵੱਖ ਮੰਡੀਆਂ ਵਿੱਚ ਕੁੱਲ 174606 ਮੀਟ੍ਰਿਕ ਟਨ ਜਿਣਸ ਦੀ ਆਮਦ ਹੋਈ ਅਤੇ ਹੁਣ ਤਕ ਕੁੱਲ 134580 ਮੀਟ੍ਰਿਕ ਟਨ ਫ਼ਸਲ ਖ਼ਰੀਦੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮਾਰਕਫੈੱਡ ਵਲੋਂ 36185 ਮੀਟ੍ਰਿਕ ਟਨ, ਪਨਗ੍ਰੇਨ ਵੱਲੋਂ 41158 ਮੀਟ੍ਰਿਕ ਟਨ, ਪਨਸਪ ਵਲੋਂ 33373 ਮੀਟ੍ਰਿਕ ਟਨ ਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 22160 ਮੀਟ੍ਰਿਕ ਟਨ ਫ਼ਸਲ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 39247 ਮੀਟ੍ਰਿਕ ਟਨ ਫ਼ਸਲ ਦੀ ਲਿਫਟਿੰਗ ਹੋ ਚੁੱਕੀ ਹੈ। ਹੁਣ ਤਕ 252 ਕਰੋੜ ਰੁਪਏ ਦੀ ਰਾਸ਼ੀ ਕਿਸਾਨਾਂ ਨੂੰ ਖਾਤਿਆਂ ਵਿੱਚ ਟਰਾਂਸਫਰ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਪੱਧਰ 'ਤੇ ਮੰਡੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤੇ ਲਿਫਟਿੰਗ ਵੀ ਨਾਲੋ ਨਾਲ ਜਾਰੀ ਹੈ। ਉਨ੍ਹਾਂ ਕਿਸਾਨਾਂ ਨੂੰ ਵੀ ਸੁੱਕੀ ਫ਼ਸਲ ਮੰਡੀਆਂ ਵਿਚ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਨ੍ਹਾਂ ਨੂੰ ਉਡੀਕ ਨਾ ਕਰਨੀ ਪਵੇ।

# ਸ਼ਾਨਨ ਪਾਵਰ ਪ੍ਰੋਜੈਕਟ ਨੂੰ ਲੈ ਕੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦਾ ਵੱਡਾ ਬਿਆਨ

**ਏਜੰਸੀਆਂ**

ਚੰਡੀਗੜ੍ਹ 24 ਅਪ੍ਰੈਲ। ਪੰਜਾਬ ਰਾਜ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਇੱਕ ਬਿਆਨ ਜਾਰੀ ਕਰਦਿਆਂ ਹਿਮਾਚਲ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਅਤੇ ਸਹਿਕਾਰਤਾ ਮੰਤਰੀ ਮੁਕੇਸ਼ ਅਗਨੀਹੋਤਰੀ ਵੱਲੋਂ ਸ਼ਾਨਨ ਪਾਵਰ ਪ੍ਰੋਜੈਕਟ ਸਬੰਧੀ ਦਿੱਤੇ ਗਏ ਬਿਆਨ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਸ਼ਾਨਨ ਪਾਵਰ ਪ੍ਰੋਜੈਕਟ ਪੰਜਾਬ ਰਾਜ ਦੀ ਮਲਕੀਅਤ ਹੈ ਅਤੇ ਇਸ ਉਤੇ ਹਿਮਾਚਲ ਪ੍ਰਦੇਸ਼ ਦੀ ਸਰਕਾਰ ਦਾ ਕੋਈ ਹੱਕ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਅਗਨੀਹੋਤਰੀ ਨੂੰ ਸ਼ਾਨਨ ਪ੍ਰੋਜੈਕਟ ਸਬੰਧੀ ਬਿਆਨ ਦੇਣ ਤੋਂ ਪਹਿਲਾਂ ਤੱਥਾਂ ਤੋਂ ਜਾਣੂ ਹੋ ਜਾਣਾ ਚਾਹੀਦਾ ਸੀ। ਤੱਥਾਂ ਤੋਂ ਅਣਜਾਣ ਹੋਣ ਕਾਰਨ ਅਗਨੀਹੋਰਤੀ ਗਲ਼ਤ ਬਿਆਨਬਾਜ਼ੀ ਕਰਕੇ ਦੋ ਸੂਬਿਆਂ ਦੇ ਆਪਸੀ ਸਬੰਧਾਂ ਨੂੰ ਖਰਾਬ ਕਰਨ ਦਾ ਕੰਮ ਕਰ ਰਹੇ ਹਨ। ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਮੈਂ ਅਗਨੀਹੋਤਰੀ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ 1966 ਵਿਚ ਪੰਜਾਬ ਰਾਜ ਦਾ ਪੁਨਰਗਠਨ ਹੋਇਆ ਸੀ, ਜਿਸ ਉਪਰੰਤ ਭਾਰਤ ਸਰਕਾਰ ਨੇ ਪੁਨਰਗਠਿਤ ਰਾਜਾਂ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦੀ ਮਾਲਕੀ ਸਬੰਧੀ ਮਿਤੀ 01-05-1967 ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 67(4) ਅਨੁਸਾਰ ਭਾਰਤ ਸਰਕਾਰ ਨੇ ਹਾਈਡਰੋ ਪਾਵਰ ਹਾਊਸ ਜੋਗਿੰਦਰ ਨਗਰ ਦੀਆਂ ਜਾਇਦਾਦਾਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਅਲਾਟ ਕੀਤੀਆਂ ਗਈਆਂ ਸਨ, ਜੋ ਕਿ ਹੁਣ ਪੀਐੱਸਪੀਸੀਐੱਲ ਵਜੋਂ ਪੰਜਾਬ ਰਾਜ ਵਿਚ ਸੇਵਾਵਾਂ ਦੇ ਰਿਹਾ ਹੈ । ਉਨ੍ਹਾਂ ਕਿਹਾ ਕਿ ਅਗਨੀਹੋਰਤੀ ਨੂੰ ਸਮਝਣਾ ਚਾਹੀਦਾ ਹੈ ਕਿ ਜੋ ਐਕਟ ਸੰਸਦ ਵੱਲੋਂ ਲਾਗੂ ਕੀਤਾ ਗਿਆ ਹੋਵੇ ਉਹ ਕਾਨੂੰਨ ਬਣ ਜਾਂਦਾ ਹੈ, ਜੋ ਕਿ ਬਿਨਾਂ ਕਿਸੇ ਬਦਲਾਅ ਦੇ ਲਾਗੂ ਹੋਣ ਯੋਗ ਦਸਤਾਵੇਜ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਨਰਗਠਨ ਰਾਜਾਂ ਦੇ ਅਧਿਕਾਰਾਂ ਨੂੰ ਨਿਰਧਾਰਤ ਕਰਦਾ ਹੈ, ਇਸ ਲਈ ਸ਼ਾਨਨ ਪ੍ਰੋਜੈਕਟ ਪੂਰਨ ਰੂਪ ਵਿਚ ਪੰਜਾਬ ਰਾਜ ਦੀ ਸੰਪਤੀ ਹੈ । ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਭਾਰਤ ਸਰਕਾਰ ਦੇ ਸਿੰਚਾਈ ਅਤੇ ਬਿਜਲੀ ਮੰਤਰਾਲੇ ਵੱਲੋਂ ਆਪਣੇ ਪੱਤਰ ਨੰਬਰ ਈਐਲ11.77(45)/71 ਮਿਤੀ 22-03-1972 ਰਾਹੀਂ ਹਿਮਾਚਲ ਪ੍ਰਦੇਸ਼ ਸਰਕਾਰ ਦੇ ਬਹੁ-ਮੰਤਵੀ ਪ੍ਰੋਜੈਕਟਾਂ ਅਤੇ ਬਿਜਲੀ ਵਿਭਾਗ ਦੇ ਸਕੱਤਰ ਨੂੰ ਸੂਚਿਤ ਕੀਤਾ ਗਿਆ ਸੀ ਕਿ ਬਿਜਲੀ ਸਟੇਸ਼ਨਾਂ ਦੀ ਵੰਡ ਬਾਬਤ 01-05-1967 ਦੀ ਨੋਟੀਫਿਕੇਸ਼ਨ ਨੂੰ ਸੋਧਿਆ ਨਹੀਂ ਜਾਵੇਗਾ। ਇਸ ਤੋਂ ਇਲਾਵਾ, ਜਾਇਦਾਦ ਦੀ ਮਾਲਕੀ ਸਬੰਧੀ ਮੁੱਦਾ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਭਾਰਤ ਸਰਕਾਰ ਦੇ ਬਿਜਲੀ ਵਿਭਾਗ, ਊਰਜਾ ਮੰਤਰਾਲੇ ਕੋਲ ਵੀ ਉਠਾਇਆ ਗਿਆ ਸੀ ਅਤੇ ਇਸਨੂੰ ਸਾਲ 1987 ਵਿਚ ਵੀ ਭਾਰਤ ਸਰਕਾਰ ਵੱਲੋਂ ਦੁਬਾਰਾ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਗਿਆ ਸੀ। ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ਼ਾਨਨ ਪਾਵਰ ਪ੍ਰੋਜੈਕਟ ਦੀ ਪੰਜਾਬ ਰਾਜ ਨੂੰ ਅਲਾਟਮੈਂਟ ਬਿਲਕੁਲ



ਦਰੁਸਤ ਹੈ ਅਤੇ ਇਹ ਪੰਜਾਬ ਦਾ ਹੈ। ਬਿਜਲੀ ਮੰਤਰੀ ਨੇ ਕਿਹਾ ਕਿ ਅਗਨੀਹੋਤਰੀ ਵੱਲੋਂ ਆਪਣੇ ਬਿਆਨ ਵਿਚ ਇਹ ਕਹਿਣਾ ਕਿ ਮੰਡੀ ਦੇ ਰਾਜੇ ਵੱਲੋਂ ਭਾਰਤ ਸਰਕਾਰ ਨੂੰ 99 ਸਾਲ ਦੇ ਪਟੇ 'ਤੇ ਦਿੱਤਾ ਗਿਆ ਸੀ ਅਤੇ ਇਸ ਦੇ ਨਾਲ ਇਹ ਵੀ ਕਹਿਣਾ ਕਿ ਹਿਮਾਚਲ ਪ੍ਰਦੇਸ਼ ਦਾ ਮੰਡੀ ਇਲਾਕਾ ਕਦੇ ਵੀ ਪੰਜਾਬ ਰਾਜ ਦਾ ਹਿੱਸਾ ਨਹੀਂ ਰਿਹਾ ,ਬਾਰੇ ਮੈਂ ਅਗਨੀਹੋਤਰੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੰਡੀ ਦੇ ਰਾਜੇ ਅਤੇ ਅੰਗਰੇਜ਼ ਸਰਕਾਰ ਵਿਚ ਸਮਝੌਤੇ ਤਹਿਤ ਸੰਨ 1925 ਵਿਚ ਬਨਣਾ ਸ਼ੁਰੂ ਹੋਇਆ ਸੀ ਅਤੇ 1932 ਵਿਚ ਪੂਰਾ ਹੋ ਗਿਆ ਸੀ। ਭਾਰਤ ਦੇਸ਼ ਬਣਨ ਉਪਰੰਤ ਹਿਮਾਚਲ ਦਾ ਹਰ ਜ਼ਿਲ੍ਹਾ ਪੰਜਾਬ ਦਾ ਹਿੱਸਾ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮਨਘੜ੍ਹਤ ਬਿਆਨ ਦੇ ਕੇ ਅਗਨੀਹੋਤਰੀ ਹਿਮਾਚਲ ਦੇ ਲੋਕਾਂ ਨੂੰ ਮੂਰਖ ਬਨਾਉਣਾ ਚਾਹੁੰਦੇ ਹਨ। ਬਿਜਲੀ ਮੰਤਰੀ ਨੇ ਕਿਹਾ ਕਿ ਸਾਲ 2023 ਵਿਚ ਵੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਸ਼ਾਨਨ ਪਾਵਰ ਪ੍ਰੋਜਕਟ ਦੀ ਲੀਜ਼ ਦੇ ਖਤਮ ਹੋਣ ਸਬੰਧੀ ਜ਼ਿਕਰ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖਿਆ ਗਿਆ ਸੀ ਕਿ ਇਹ ਪ੍ਰੋਜੈਕਟ ਹੁਣ ਹਿਮਾਚਲ ਸਰਕਾਰ ਨੂੰ ਸੌਂਪਿਆ ਜਾਵੇ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵੱਲੋਂ ਸ਼ਾਨਨ ਪਾਵਰ ਪ੍ਰੋਜੈਕਟ ਸਬੰਧੀ ਬਣਾਏ ਜਾ ਰਹੇ ਬੇਵਜ?ਹਾ ਦਬਾਅ ਨੂੰ ਖ਼ਤਮ ਕਰਨ ਅਤੇ ਪੰਜਾਬ ਦੇ ਹਿੱਤਾ ਦੀ ਰਾਖੀ ਦੇ ਮੱਦੇ ਨਜ਼ਰ ਪੰਜਾਬ ਸਰਕਾਰ ਦੇ ਸਕੱਤਰ (ਬਿਜਲੀ) ਵੱਲੋਂ ਮਾਣਯੋਗ ਸਰਵ ਉੱਚ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ ਹੈ ਜੋਕਿ ਮਾਨਯੋਗ ਸਰਵ ਉੱਚ ਅਦਾਲਤ ਦੇ ਵਿਚਾਰ ਅਧੀਨ ਹੈ। ਇਸ ਲਈ ਮੁਕੇਸ਼ ਅਗਨੀਹੋਰਤੀ ਨੂੰ ਸ਼ਾਨਨ ਪਾਵਰ ਪ੍ਰੋਜੈਕਟ ਸਬੰਧੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਪੰਜਾਬ ਪੁਲਸ ਨੇ ਗ੍ਰਿਫ਼ਤਾਰ ਕੀਤਾ 24 ਸਾਲਾ ਮਾਸਟਰਮਾਈਂਡ ਕਾਂਡ ਅਜਿਹਾ ਕਿ ਜਾਣ ਉੱਡ ਜਾਣ ਹੋਸ਼

**ਏਜੰਸੀਆਂ**

ਚੰਡੀਗੜ੍ਹ 24 ਅਪ੍ਰੈਲ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਸੰਗਠਿਤ ਅਪਰਾਧ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਇਕ 24 ਸਾਲਾ ਨੌਜਵਾਨ ਜੋ ਖੁਦ ਨੂੰ ਵਿਦੇਸ਼ੀ ਗੈਂਗਸਟਰ ਗੋਲਡੀ ਬਰਾੜ ਦਾ ਭਰਾ ਦੱਸ ਕੇ ਇਕ ਸਥਾਨਕ ਆਟੋਮੋਬਾਈਲ ਸ਼ੋਅਰੂਮ ਮਾਲਕ ਤੋਂ ਜ਼ਬਰਨ ਪੈਸੇ ਵਸੂਲਣ ਦੀ ਕੋਸ਼ਿਸ਼ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਸ਼ਨੀਵਾਰ ਨੂੰ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਨੇ ਦਿੱਤੀ। ਦੋਸ਼ੀ, ਜਿਸਦੀ ਪਛਾਣ ਲਵਜੀਤ ਸਿੰਘ ਵਾਸੀ ਬਰਗਾੜੀ, ਫਰੀਦਕੋਟ ਵਜੋਂ ਹੋਈ ਹੈ, ਨੇ ਸ਼ਿਕਾਇਤਕਰਤਾ ਤੋਂ 1 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ ਅਤੇ ਰਕਮ ਨਾ ਦੇਣ ਦੀ ਸੂਰਤ ਵਿਚ ਸ਼ਿਕਾਇਤਕਰਤਾ ਅਤੇ ਉਸਦੇ ਪਰਿਵਾਰ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਨੇ ਪੁਲਸ ਤੋਂ ਬਚਣ ਲਈ ਆਪਣੀ ਪਛਾਣ ਛੁਪਾਉਣ ਅਤੇ ਫਿਰੌਤੀ ਕਾਲਾਂ ਕਰਨ ਲਈ ਵਰਚੁਅਲ ਨੰਬਰਾਂ ਅਤੇ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਦੀ ਵਰਤੋਂ ਕੀਤੀ। ਲੋਕਾਂ ਨੂੰ ਫਰਜ਼ੀ ਫਿਰੌਤੀ ਕਾਲਾਂ ਤੋਂ ਸਾਵਧਾਨ ਰਹਿਣ ਦੀ ਚੇਤਾਵਨੀ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਇਹ ਦੇਖਿਆ ਗਿਆ ਹੈ ਕਿ ਕਈ ਅਗਿਆਤ ਅਪਰਾਧੀ, ਜਿਨ੍ਹਾਂ ਦਾ ਕਿਸੇ ਵੀ ਗਿਰੋਹ ਜਾਂ ਗੈਂਗਸਟਰਾਂ ਨਾਲ ਕੋਈ ਸਬੰਧ ਨਹੀਂ ਹੁੰਦਾ, ਅਜਿਹੇ ਸੰਗਠਨਾਂ ਦਾ ਨਾਂ ਵਰਤ ਕੇ ਲੋਕਾਂ ਦੇ ਡਰ ਦਾ ਫਾਇਦਾ ਉਠਾ ਰਹੇ ਹਨ। ਡੀਜੀਪੀ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਜਦੋਂ ਵੀ ਫਿਰੌਤੀ ਕਾਲਾਂ ਆਉਂਦੀਆਂ ਹਨ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ ਤਾਂ ਜੋ ਕਾਨੂੰਨ ਆਪਣਾ ਕੰਮ ਸੁਚੱਜੇ ਢੰਗ ਨਾਲ ਕਰ ਸਕੇ। ਜ਼ਿਕਰਯੋਗ ਹੈ ਕਿ ਤਿੰਨ ਮਹੀਨੇ ਪਹਿਲਾਂ, ਏਜੀਟੀਐਫ ਨੇ ਮਲੇਸ਼ੀਆ ਤੋਂ ਚਲਾਏ ਜਾ ਰਹੇ ਇਕ ਜਾਅਲੀ ਫਿਰੌਤੀ ਰੈਕੇਟ ਦਾ ਪਰਦਾਫਾਸ਼ ਕੀਤਾ ਸੀ, ਜਿਸ ਵਿੱਚਪੰਜਾਬ ਭਰ ਵਿਚ ਗਾਇਕਾਂ, ਕਾਰੋਬਾਰੀਆਂ ਅਤੇ ਅਮੀਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਮੁਲਜ਼ਮ, ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰਾਂ ਵਜੋਂ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਡਰਾ ਕੇ ਪੈਸੇ ਵਸੂਲਦਾ ਸੀ। ਇਸ ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਏਜੀਟੀਐਫ ਨੂੰ ਫਿਰੌਤੀ ਬਾਰੇ ਸ਼ਿਕਾਇਤ ਮਿਲੀ ਸੀ ਅਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਏਜੀਟੀਐਫ ਦੀਆਂ ਪੁਲਸ ਟੀਮਾਂ ਨੇ ਤਕਨੀਕੀ




ਜਾਣਕਾਰੀ ਅਤੇ ਖੁਫੀਆ ਇਤਲਾਹ ਰਾਹੀਂ ਕਾਲਾਂ ਕਰਨ ਵਾਲੇ ਦੇ ਅਸਲ ਟਿਕਾਣੇ ਦਾ ਪਤਾ ਲਗਾਇਆ, ਜਿਸ ਨਾਲ ਦੋਸ਼ੀ ਲਵਜੀਤ ਦੀ ਪਛਾਣ ਹੋਈ ਅਤੇ ਉਸਨੂੰ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਏਡੀਜੀਪੀ ਨੇ ਕਿਹਾ ਕਿ ਮੁਲਜ਼ਮਾਂ ਵੱਲੋਂ ਕੀਤੇ ਹੋਰ ਅਪਰਾਧਾਂ ਅਤੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਏਜੀਟੀਐਫ ਦੇ ਏਆਈਜੀ ਗੁਰਮੀਤ ਚੌਹਾਨ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਲਵਜੀਤ, ਸੋਸ਼ਲ ਮੀਡੀਆ ਦਾ ਸ਼ੌਕੀਨ ਸੀ ਅਤੇ ਇਕ ਸ਼ਾਨਦਾਰ ਜੀਵਨ ਸ਼ੈਲੀ ਦੀ ਹੋੜ ਨੇ ਉਸਨੂੰ ਅਪਰਾਧ ਦੀ ਦੁਨੀਆਂ ਵਿਚ ਧੱਕ ਦਿੱਤਾ। ਉਨ੍ਹਾਂ ਕਿਹਾ ਕਿ ਦੋਸ਼ੀ ਪੁਲਸ ਹਿਰਾਸਤ ਤੋਂ ਬਚਣ ਲਈ ਫ਼ਿਰੌਤੀ ਕਾਲਾਂ ਕਰਦੇ ਹੋਏ ਆਪਣੀ ਪਛਾਣ ਛੁਪਾਉਣ ਲਈ ਵਰਚੁਅਲ ਨੰਬਰਾਂ ਅਤੇ ਐਨਕ੍ਰਿਪਟਡ ਐਪਸ ਦੀ ਵਰਤੋਂ ਕਰਦਾ ਸੀ। ਇਸ ਸਬੰਧੀ ਐੱਸਏਐੱਸ ਨਗਰ ਦੇ ਸੋਹਾਣਾ ਪੁਲਸ ਸਟੇਸ਼ਨ ਵਿਖੇ ਬੀਐੱਨਐੱਸ ਦੀ ਧਾਰਾ 308(2) ਅਤੇ 351(2) ਦੇ ਤਹਿਤ ਐੱਫਆਈਆਰ ਨੰਬਰ 94 ਮਿਤੀ 17/04/2025 ਨੂੰ ਕੇਸ ਦਰਜ ਕੀਤਾ ਗਿਆ ਹੈ।

## ਮੁਲਾਜ਼ਮਾਂ ਨੂੰ ਕਣਕ ਖ਼ਰੀਦਣ ਲਈ ਮਿਲੇਗਾ ਵਿਆਜ ਮੁਕਤ ਕਰਜ਼ਾ

ਚੰਡੀਗੜ੍ਹ 24 ਅਪ੍ਰੈਲ। ਪੰਜਾਬ ਸਰਕਾਰ ਵਲੋਂ ਦਰਜਾ ਚਾਰ (ਗਰੁੱਪ ਡੀ.) ਦੇ ਮੁਲਾਜ਼ਮਾਂ ਲਈ ਕਣਕ ਖ਼ਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਧਾ ਕੇ 9,700 ਰੁਪਏ ਕਰ ਦਿੱਤਾ ਗਿਆ ਹੈ। ਸਰਕਾਰ ਨੇ ਦਰਜਾ ਚਾਰ ਮੁਲਾਜ਼ਮਾਂ ਲਈ ਇਸ ਮਹੱਤਵਪੂਰਨ ਵਿੱਤੀ ਸਹਾਇਤਾ 'ਚ ਲਗਾਤਾਰ ਵਾਧਾ ਕਰਦਿਆਂ ਕਣਕ ਖ਼ਰੀਦਣ ਵਾਸਤੇ ਵਿਆਜ ਮੁਕਤ ਕਰਜ਼ੇ 'ਚ ਪਿਛਲੇ ਤਿੰਨ ਸਾਲਾਂ ਦੌਰਾਨ 21.25 ਫ਼ੀਸਦੀ ਦਾ ਵਾਧਾ ਕੀਤਾ ਹੈ। ਵਿੱਤੀ ਸਾਲ 2019-20 ਅਤੇ 2020-21 ਦੇ ਚੁਣੌਤੀਪੂਰਨ ਕੋਵਿਡ-19 ਸਾਲਾਂ ਦੌਰਾਨ ਵੀ ਕਣਕ ਲਈ ਕਾਂਗਰਸ ਸਰਕਾਰ ਵਲੋਂ ਕੋਈ ਵਾਧਾ ਕੀਤੇ ਬਿਨਾਂ ਸਿਰਫ਼ 7,500 ਰੁਪਏ ਦੇ ਵਿਆਜ ਰਹਿਤ ਕਰਜ਼ੇ ਦੀ ਸਹੂਲਤ ਦਿੱਤੀ ਗਈ ਅਤੇ ਬਾਅਦ ਵਿਚ ਚੋਣ ਵਰ੍ਹੇ 2021-22 ਦੌਰਾਨ ਤਿੰਨ ਸਾਲਾਂ ਉਪਰੰਤ ਸਿਰਫ 500 ਰੁਪਏ ਦਾ ਮਾਮੂਲੀ ਵਾਧਾ ਕਰਦਿਆਂ ਇਸ ਕਰਜ਼ੇ ਦੀ ਰਕਮ ਨੂੰ 8,000 ਰੁਪਏ ਕਰ ਦਿੱਤਾ। ਇਸ ਦੇ ਮੁਕਾਬਲੇ 'ਆਪ' ਦੀ ਸਰਕਾਰ ਨੇ ਦਰਜਾ ਚਾਰ ਦੇ ਮੁਲਾਜ਼ਮਾਂ ਦੀ ਭਲਾਈ ਲਈ ਨਿਰੰਤਰ ਵਚਨਬੱਧਤਾ ਦਾ ਸਬੂਤ ਦਿੱਤਾ ਹੈ। ਇਹ ਕਰਜ਼ਾ ਜੂਨ 2025 (ਜੁਲਾਈ 2025 'ਚ ਭੁਗਤਾਨ ਯੋਗ) ਦੀ ਤਨਖ਼ਾਹ ਤੋਂ ਸ਼ੁਰੂ ਹੋ ਕੇ ਇਸੇ ਵਿੱਤੀ ਸਾਲ ਅੰਦਰ ਮੁਕੰਮਲ ਵਸੂਲੀ ਨੂੰ ਯਕੀਨੀ ਬਣਾਉਂਦਿਆਂ ਆਸਾਨ 8 ਬਰਾਬਰ ਮਾਸਿਕ ਕਿਸ਼ਤਾਂ 'ਚ ਵਸੂਲਿਆ ਜਾਵੇਗਾ। ਪ੍ਰਵਾਨਿਤ ਰਾਸ਼ੀ 29 ਮਈ ਤਕ ਸੂਬਾ ਸਰਕਾਰ ਦੇ ਖ਼ਜ਼ਾਨੇ 'ਚੋਂ ਜਾਰੀ ਕਰ ਦਿੱਤੀ ਜਾਵੇਗੀ।